ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Saturday, 21 June, 2025) ਪਟਿਆਲਾ ਸ਼ਨੀਵਾਰ, 21 ਜੂਨ, 2025, 7 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 170 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਪੰਜਾਬ ਮੰਤਰੀ ਮੰਡਲ ਦੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੀਟਿੰਗ ਅੱਜ

ਚੰਡੀਗੜ੍ਹ, 20 ਜੂਨ (ਚੜ੍ਹਦੀਕਲਾ ਬਿਊਰੋ): ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ ਸ਼ਨਿੱਚਰਵਾਰ ਨੂੰ ਹੋ ਰਹੀ ਹੈ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਣ ਵਾਲੀ ਇਸ ਮੀਟਿੰਗ ਦਾ ਏਜੰਡਾ ਹਾਲੇ ਜਾਰੀ ਨਹੀਂ ਕੀਤਾ ਗਿਆ ਹੈ। ਅੱਜ ਜਾਰੀ ਸੂਚਨਾ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਇਸ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਇਸ ਮੀਟਿੰਗ ਵਿੱਚ ਅਹਿਮ ਏਜੰਡਾ ਆ ਸਕਦਾ ਹੈ, ਜਿਸ ਦੀ ਹਾਲੇ ਤੱਕ ਕੋਈ ਭਿਣਕ ਨਹੀਂ ਪੈ ਸਕੀ ਹੈ।

### ਪ੍ਰਧਾਨ ਮੰਤਰੀ ਨੇ ਬਿਹਾਰ ਨੂੰ ਦਿੱਤਾ ਵੱਡਾ ਤੋਹਫ਼ਾ

## ਮੋਦੀ ਨੇ ਵੰਦੇ ਭਾਰਤ ਐਕਸਪ੍ਰੈਸ ਨੂੰ ਦਿਖਾਈ ਝੰਡੀ



ਚੜ੍ਹਦੀਕਲਾ ਬਿਊਰੋ

================

ਪਟਨਾ,20 ਜੂਨ : ਬਿਹਾਰ ਦੌਰੇ ਦੌਰਾਨ ਸੀਵਾਨ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਬਿਹਾਰ ਨੂੰ ਇੱਕ ਹੋਰ ਵੰਦੇ ਭਾਰਤ ਐਕਸਪ੍ਰੈਸ ਅਤੇ ਵੈਸ਼ਾਲੀ ਤੋਂ ਦੇਵਰੀਆ ਤੱਕ ਇੱਕ ਨਵੀਂ ਰੇਲ ਲਾਈਨ ਦਾ ਤੋਹਫ਼ਾ ਦਿੱਤਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਸੀਵਾਨ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਵੀਡੀਓ ਲਿੰਕ ਰਾਹੀਂ ਪਾਟਲੀਪੁੱਤਰ ਰੇਲਵੇ ਸਟੇਸ਼ਨ ਤੋਂ ਪਾਟਲੀਪੁੱਤਰ ਅਤੇ ਗੋਰਖਪੁਰ ਵਿਚਕਾਰ ਚੱਲਣ ਵਾਲੀ ਵੰਦੇ ਭਾਰਤ ਐਕਸਪ੍ਰੈਸ ਨੂੰ ਹਰੀ ਝੰਡੀ ਦਿਖਾਈ।

ਮੋਦੀ ਨੇ ਵੈਸ਼ਾਲੀ ਤੋਂ ਦੇਵਰੀਆ (ਉੱਤਰ ਪ੍ਰਦੇਸ਼) ਤੱਕ ਨਵੀਂ ਲਾਈਨ ਦਾ ਵੀ ਉਦਘਾਟਨ ਕੀਤਾ। ਪਟਨਾ ਸਾਹਿਬ ਸੰਸਦੀ ਖੇਤਰ ਤੋਂ ਚੁਣੇ ਗਏ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ, ਬਿਹਾਰ ਸਰਕਾਰ ਦੇ ਮੰਤਰੀ ਨਿਤਿਨ ਨਵੀਨ, ਸਾਬਕਾ ਪਾਟਲੀਪੁੱਤਰ ਸੰਸਦ ਮੈਂਬਰ ਰਾਮ ਕ੍ਰਿਪਾਲ ਯਾਦਵ ਪਾਟਲੀਪੁੱਤਰ ਸਟੇਸ਼ਨ 'ਤੇ ਆਯੋਜਿਤ ਪ੍ਰੋਗਰਾਮ ਵਿੱਚ ਮੌਜੂਦ ਸਨ, (ਬਾਕੀ ਸਫਾ 2 'ਤੇ)

## 'ਮੈਂ ਭਗਵਾਨ ਜਗਨਨਾਥ ਦੀ ਧਰਤੀ 'ਤੇ ਆਉਣ ਲਈ ਠੁਕਰਾ ਟਰੰਪ ਦਾ ਸੱਦਾ'

ਚੜ੍ਹਦੀਕਲਾ ਬਿਊਰੋ

================

ਭੁਵਨੇਸ਼ਵਰ, 20 ਜੂਨ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਓਡੀਸ਼ਾ ਦੀ ਰਾਜਧਾਨੀ ਭੁਵਨੇਸ਼ਵਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਓਡੀਸ਼ਾ ਸਰਕਾਰ ਦੇ ਇੱਕ ਸਾਲ ਪੂਰੇ ਹੋਣ 'ਤੇ ਆਯੋਜਿਤ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਵੱਡਾ ਬਿਆਨ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਭਗਵਾਨ ਜਗਨਨਾਥ ਦੀ ਧਰਤੀ 'ਤੇ ਆਉਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਅਮਰੀਕਾ ਆਉਣ ਦਾ ਸੱਦਾ ਠੁਕਰਾ ਦਿੱਤਾ। ਦੂਜੇ ਪਾਸੇ ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੀਤੇ ਦਿਨੀਂ ਮੈਂ ਜੀ-7 ਸੰਮੇਲਨ ਲਈ ਕੈਨੇਡਾ ਵਿੱਚ ਗਿਆ ਸੀ। ਉਸ ਸਮੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ (ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਵੱਲੋਂ 14 ਨੁਕਾਤੀ ਐਕਸ਼ਨ ਪਲਾਨ ਨੂੰ ਮਨਜ਼ੂਰੀ

# ਜਲ ਸਰੋਤਾਂ ਨੂੰ ਭਰਨ ਤੇ ਸੰਭਾਲਣ ਲਈ ਪੰਜਾਬ ਅਪਣਾਏਗਾ ਏਕੀਕ੍ਰਿਤ ਸੂਬਾਈ ਜਲ ਯੋਜਨਾ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 20 ਜੂਨ :ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਪਾਣੀ ਦਾ ਪੱਧਰ ਉੱਪਰ ਚੁੱਕਣ ਲਈ ਏਕੀਕ੍ਰਿਤ ਸੂਬਾਈ ਜਲ ਯੋਜਨਾ ਦੇ ਹਿੱਸੇ ਵਜੋਂ 14 ਨੁਕਾਤੀ ਐਕਸ਼ਨ ਪਲਾਨ ਨੂੰ ਮਨਜ਼ੂਰੀ ਦੇ ਦਿੱਤੀ।

ਏਕੀਕ੍ਰਿਤ ਸੂਬਾਈ ਜਲ ਯੋਜਨਾ ਬਾਰੇ ਜਲ ਸਰੋਤ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਲ ਸਰੋਤ ਵਿਭਾਗ ਵੱਲੋਂ ਇਹ ਯੋਜਨਾ ਸਾਰੇ ਪ੍ਰਮੁੱਖ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਬਹੁਤ ਬਾਰੀਕੀ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸਥਿਤੀ ਬਹੁਤ ਚਿੰਤਾਜਨਕ ਹੈ ਕਿਉਂਕਿ ਕੁੱਲ 153 ਵਿੱਚੋਂ 115 ਬਲਾਕਾਂ ਵਿੱਚ ਧਰਤੀ ਹੇਠੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਵਿੱਚ ਪੂਰਾ ਧਿਆਨ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਵੱਖ-ਵੱਖ ਮੰਤਵਾਂ ਲਈ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਉਤੇ ਦਿੱਤਾ ਗਿਆ ਹੈ।

ਮੁੱਖ ਮੰਤਰੀ ਨੇ ਧਰਤੀ ਹੇਠੋਂ 5.2 ਬਿਲੀਅਨ ਕਿਊਬਿਕ ਮੀਟਰ ਪਾਣੀ ਕੱਢਣ ਕਾਰਨ ਪਾਣੀ ਦੇ ਪੱਧਰ ਵਿੱਚ ਸਾਲਾਨਾ ਔਸਤਨ 0.7 ਮੀਟਰ ਦੀ ਗਿਰਾਵਟ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਲਈ ਜ਼ਮੀਨੀ ਪਾਣੀ ਦੀ ਮੰਗ ਨੂੰ ਘਟਾ ਕੇ, ਸਿੰਜਾਈ ਤਕਨੀਕਾਂ ਵਿੱਚ ਸੁਧਾਰ ਕਰ ਕੇ, ਜ਼ਮੀਨੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ ਅਤੇ ਮਸਨੂਈ ਤੌਰ ਉਤੇ ਧਰਤੀ ਹੇਠ ਪਾਣੀ ਜੀਰਣ ਵਿੱਚ ਵਾਧੇ ਰਾਹੀਂ ਇਸ ਮੰਤਵ ਦੀ ਪ੍ਰਾਪਤੀ ਹੋ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦੇ ਨਾਲ-ਨਾਲ ਹੋਰ ਟਿਕਾਊ ਸਰੋਤਾਂ ਦੀ ਭਾਲ, ਪਾਣੀ ਦੀ ਡੂੰਘਾਈ ਬਾਰੇ ਸਰਵੇਖਣ ਅਤੇ ਸਤਹੀ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰ ਪਹਿਲਾਂ ਹੀ ਮੌਜੂਦਾ ਸਤਹੀ ਜਲ ਬੁਨਿਆਦੀ ਢਾਂਚੇ ਦੇ ਵਿਸਤਾਰ ਤੇ ਬਹਾਲੀ ਲਈ ਜ਼ੋਰ-ਸ਼ੋਰ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਹਰੇਕ ਟੇਲ ਉੱਤੇ ਪੈਂਦੇ ਖਪਤਕਾਰ ਤੱਕ ਪਾਣੀ ਪੁੱਜੇ ਅਤੇ ਇਸ ਸਿਧਾਂਤ ਉਪਰ ਚੱਲਦਿਆਂ ਸਰਕਾਰ ਨੇ 30-40 ਸਾਲਾਂ ਤੋਂ ਬੰਦ ਪਏ ਤਕਰੀਬਨ 63 ਹਜ਼ਾਰ ਕਿਲੋਮੀਟਰ ਰਜਬਾਹਿਆਂ ਨੂੰ ਪਹਿਲਾਂ ਹੀ ਸੁਰਜੀਤ ਕਰ ਦਿੱਤਾ ਹੈ। ਇਸ ਤੋਂ ਇਲਾਵਾ 30-40 ਸਾਲਾਂ ਤੋਂ ਬੰਦ ਪਈਆਂ 545 ਕਿਲੋਮੀਟਰ ਲੰਮੀਆਂ 79 ਨਹਿਰਾਂ ਨੂੰ ਵੀ ਸੁਰਜੀਤ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਏਕੀਕ੍ਰਿਤ ਸੂਬਾਈ ਜਲ ਯੋਜਨਾ ਦੇ ਹਿੱਸੇ ਵਜੋਂ 14 ਨੁਕਾਤੀ ਕਾਰਜ ਯੋਜਨਾ ਨੂੰ ਪ੍ਰਵਾਨਗੀ ਦਿੱਤੀ, ਜਿਸ ਵਿੱਚ ਖੇਤਾਂ ਵਿੱਚ ਪਾਣੀ ਦੀ ਸੋਚ-ਸਮਝ ਕੇ ਵਰਤੋਂ ਲਈ ਪ੍ਰਭਾਵਸ਼ਾਲੀ ਸਿੰਜਾਈ ਯੋਜਨਾ ਸ਼ਾਮਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਦਾ ਮੰਤਵ ਲਗਭਗ 15,79,379 ਹੈਕਟੇਅਰ ਰਕਬੇ ਨੂੰ ਰਵਾਇਤੀ ਸਿੰਜਾਈ ਤਰੀਕਿਆਂ ਦੀ ਬਜਾਏ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਕਿ ਤੁਪਕਾ ਸਿੰਜਾਈ, ਸਪਰਿੰਕਲਰ (ਬਾਕੀ ਸਫਾ 2 'ਤੇ)

## ਹੁਣ ਪੰਜਾਬ ਵਿੱਚ ਸੋਸ਼ਲ ਮੀਡੀਆ ਉੱਤੇ ਲਚਰਤਾ ਫ਼ੈਲਾਉਣ 'ਤੇ ਹੋਵੇਗੀ ਕਾਰਵਾਈ

ਚੜ੍ਹਦੀਕਲਾ ਬਿਊਰੋ

================

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਵੱਲੋਂ ਏ.ਡੀ.ਜੀ.ਪੀ. ਨੂੰ ਆਦੇਸ਼

ਚੰਡੀਗੜ੍ਹ, 20 ਜੂਨ :ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਵੱਲੋਂ ਇੱਕ ਪੱਤਰ ਜਾਰੀ ਕਰਦਿਆਂ ਪੰਜਾਬ ਰਾਜ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਾਈਬਰ ਕ੍ਰਾਈਮ) ਨੂੰ ਸੋਸ਼ਲ ਮੀਡੀਆ 'ਤੇ ਲੱਚਰਤਾ ਫੈਲਾਉਣ ਵਾਲਿਆਂ ਖਿਲਾਫ਼ ਕਾਰਵਾਈ ਲਈ ਆਦੇਸ਼ ਦਿੱਤੇ ਗਏ ਹਨ।

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੰਵਰਦੀਪ ਸਿੰਘ ਦੇ ਹਸਤਾਖ਼ਰਾਂ ਹੇਠ ਜਾਰੀ ਪੱਤਰ ਵਿੱਚ ਕਿਹਾ ਗਿਆ ਕਿ ਸੋਸ਼ਲ ਮੀਡੀਆ ਦਾ ਪ੍ਰਭਾਵ ਬੱਚਿਆਂ ਉੱਤੇ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਅਤੇ ਕੁਝ ਲੋਕ ਪੈਸਾ ਕਮਾਉਣ ਖਾਤਰ ਸੋਸ਼ਲ ਮੀਡੀਆ ਉਤੇ ਗ਼ਲਤ ਕੰਟੈਂਟ ਲਗਾਤਾਰ ਅਪਲੋਡ ਕਰ ਰਹੇ ਹਨ, ਜਿਸਦਾ ਬੱਚਿਆਂ ਉੱਤੇ ਮਾੜਾ ਪ੍ਰਭਾਵ ਪੈਣਾ ਯਕੀਨੀ ਹੈ। ਉਨ੍ਹਾਂ ਕਿਹਾ ਕਿ ਸੋਸਲ ਮੀਡੀਆ(ਫੇਸਬੁੱਕ, ਇੰਸਟਾਗ੍ਰਾਮ) 'ਤੇ ਲੱਚਰ ਭਾਸ਼ਾ, ਦੋ-ਅਰਥੀ ਵੀਡਿਓ, ਨਸ਼ਿਆਂ ਅਤੇ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਵੀਡਿਓਜ਼ ਨੂੰ ਤੁਰੰਤ ਪ੍ਰਭਾਵ ਨਾਲ ਸੋਸ਼ਲ ਮੀਡੀਆ ਤੋਂ ਹਟਾਉਣ ਅਤੇ ਬੈਨ ਕਰਨ ਲਈ ਕਾਰਵਾਈ ਕੀਤੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਅਜਿਹੀ ਸਮੱਗਰੀ 'ਤੇ ਨਜ਼ਰ ਰੱਖਣ ਲਈ ਮੁੱਖ ਦਫਤਰ ਵਿਖੇ ਇੱਕ ਨੋਡਲ ਅਫਸਰ ਨਾਮਜ਼ਦ ਕੀਤਾ ਜਾਵੇ। ਜੇਕਰ ਅਜਿਹੇ ਕੰਟੈਂਟ ਵਿਦੇਸ਼ਾਂ ਵਿੱਚੋਂ ਅਪਲੋਡ ਹੁੰਦੇ ਹਨ ਤਾਂ ਉਹਨਾਂ ਦੀ ਸਾਈਟ 'ਤੇ ਪਾਬੰਦੀ ਲਗਾਉਣ ਲਈ (ਬਾਕੀ ਸਫਾ 2 'ਤੇ)

## ਇੱਕ ਮਹੀਨੇ 'ਚ 5000 ਫੇਸਬੁੱਕ ਖਾਤੇ ਹੋਏ ਸਰਗਰਮ, ਸਾਰੇ ਇਸਲਾਮੀ ਕੱਟੜਪੰਥੀ : ਸਰਮਾ

ਗੁਹਾਟੀ, 20 ਜੂਨ (ਚੜ੍ਹਦੀਕਲਾ ਬਿਊਰੋ) : ਇੱਕ ਮਹੀਨੇ 'ਚ 5000 ਫੇਸਬੁੱਕ ਖਾਤੇ ਸਰਗਰਮ ਹੋਣ 'ਤੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ, 'ਪਿਛਲੇ ਇੱਕ ਮਹੀਨੇ ਵਿੱਚ ਅਚਾਨਕ 5000 ਫੇਸਬੁੱਕ ਖਾਤੇ ਸਰਗਰਮ ਹੋ ਗਏ ਹਨ। ਉਹ ਈਰਾਨ ਪੱਖੀ, ਫ਼ਲਸਤੀਨ ਪੱਖੀ, ਮੁਹੰਮਦ ਯੂਨਸ ਪੱਖੀ ਸਮੱਗਰੀ ਪੋਸਟ ਕਰ ਰਹੇ ਸਨ। ਅਸੀਂ ਹਾਲ ਹੀ ਵਿੱਚ ਸ਼ਾਮਲ ਹੋਏ ਫੇਸਬੁੱਕ ਖਾਤਿਆਂ ਦਾ ਫੋਰੈਂਸਿਕ ਆਡਿਟ ਕਰਵਾਇਆ ਹੈ। ਅਸੀਂ 2092 ਫੇਸਬੁੱਕ ਖਾਤਿਆਂ ਦਾ ਅਧਿਐਨ ਕੀਤਾ ਸੀ ਅਤੇ ਅਧਿਐਨ ਜਾਰੀ ਹੈ। ਇਸ ਵਿੱਚੋਂ 618 ਖਾਤੇ ਬੰਗਲਾਦੇਸ਼ ਤੋਂ, 236 ਪਾਕਿਸਤਾਨ ਤੋਂ, ਦੋ ਫਲਸਤੀਨ ਤੋਂ, ਛੇ ਬ੍ਰਾਜ਼ੀਲ ਤੋਂ, ਇੱਕ ਕੈਨੇਡਾ, (ਬਾਕੀ ਸਫਾ 2 'ਤੇ)

## ਦੇਸ਼ 'ਚ ਕੋਰੋਨਾ ਨਾਲ ਹੁਣ ਤੱਕ 120 ਮੌਤਾਂ, ਸਰਗਰਮ ਕੇਸਾਂ 'ਚ ਆਈ ਕਮੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 20 ਜੂਨ :ਦੇਸ਼ 'ਚ ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਸੰਕਰਮਣ ਦੇ ਸਰਗਰਮ ਮਾਮਲਿਆਂ 'ਚ ਕਮੀ ਦੇਖੀ ਗਈ ਹੈ ਅਤੇ ਸ਼ੁੱਕਰਵਾਰ ਨੂੰ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ ਘੱਟ ਕੇ 5608 ਰਹਿ ਗਈ। ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਨਾਲ 1092 ਮਰੀਜ਼ਾਂ ਦੇ ਸਿਹਤਮੰਦ ਹੋਣ ਨਾਲ ਇਸ ਬਿਮਾਰੀ ਤੋਂ ਠੀਕ ਹੋਣ ਵਾਲਿਆਂ ਦੀ ਗਿਣਤੀ 18256 ਤੱਕ ਪਹੁੰਚ ਗਈ ਅਤੇ ਇਸ ਮਿਆਦ 'ਚ 4 ਹੋਰ ਮਰੀਜ਼ਾਂ ਦੀ ਮੌਤ ਨਾਲ ਮ੍ਰਿਤਕਾਂ ਦਾ ਅੰਕੜਾ 120 ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ 22 ਮਈ ਨੂੰ ਦੇਸ਼ 'ਚ ਕੋਰੋਨਾ 'ਚ ਸਿਰਫ਼ 257 ਮਾਮਲੇ ਸਰਗਰਮ ਸਨ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਵਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਸੰਕ੍ਰਮਿਤ ਚਾਰ ਹੋਰ ਮਰੀਜ਼ਾਂ ਦੀ ਮੌਤ ਨਾਲ ਮ੍ਰਿਤਕਾਂ ਦਾ ਅੰਕੜਾ 120 ਪਹੁੰਚ ਗਿਆ। ਪਿਛਲੇ 24 ਘੰਟਿਆਂ 'ਚ ਦਿੱਲੀ, ਕੇਰਲ, ਮਹਾਰਾਸ਼ਟਰ ਅਤੇ ਪੰਜਾਬ 'ਚ ਕੋਰੋਨਾ ਨਾਲ ਇਕ-ਇਕ ਮਰੀਜ਼ ਦੀ ਮੌਤ ਹੋ ਗਈ। ਮੰਤਰਾਲਾ ਅਨੁਸਾਰ ਸੰਕਰਮਣ ਦੇ ਮਾਮਲਿਆਂ 'ਚ ਕੇਰਲ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ, ਹਾਲਾਂਕਿ ਅੱਜ ਸਵੇਰ ਤੱਕ 125 ਸਰਗਰਮ ਮਾਮਲੇ ਘਟਣ ਨਾਲ ਇਸ ਦਾ ਅੰਕੜਾ 1184 ਰਹਿ ਗਿਆ। ਰਾਸ਼ਟਰੀ ਰਾਜਧਾਨੀ 'ਚ 2 ਮਾਮਲੇ ਘਟਣ ਨਾਲ ਪੀੜਤਾਂ ਦੀ ਕੁੱਲ ਗਿਣਤੀ 630 ਹੋ ਗਈ। ਮਹਾਰਾਸ਼ਟਰ 'ਚ 54 ਮਾਮਲੇ ਘਟਣ ਨਾਲ ਸਰਗਰਮ (ਬਾਕੀ ਸਫਾ 2 'ਤੇ)

## ਸਿੰਧੂ ਜਲ ਸਮਝੌਤੇ ਦੇ ਪਾਣੀ ਦੀ ਵੰਡ ਸਮੇਂ ਪੰਜਾਬ ਨਾਲ ਹੋਇਆ ਅਨਿਆਂ ਦਰੁੱਸਤ ਕਰੇ ਕੇਂਦਰ : ਅਕਾਲੀ ਦਲ

ਚੜ੍ਹਦੀਕਲਾ ਬਿਊਰੋ

================

ਸ਼੍ਰੋਮਣੀ ਅਕਾਲੀ ਦਲ

ਚੰਡੀਗੜ੍ਹ, 20 ਜੂਨ :ਸ਼੍ਰੋਮਣੀ ਅਕਾਲੀ ਦਲ ਨੇ ਅੱਜ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਉਸ ਬਿਆਨ 'ਤੇ ਹੈਰਾਨੀ ਪ੍ਰਗਟ ਕੀਤੀ ਜਿਸ ਵਿਚ ਉਹਨਾਂ ਨੇ ਸਿੰਧੂ ਜਲ ਸਮਝੌਤੇ ਦੇ ਸਾਰੇ ਪਾਣੀ 'ਤੇ ਆਪਣਾ ਹੱਕ ਜਤਾਇਆ ਹੈ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਿੰਧੂ ਸਮਝੌਤੇ ਦੇ ਪਾਣੀਆਂ ਦੀ ਵੰਡ ਵੇਲੇ ਪੰਜਾਬ ਨਾਲ ਉਸ ਵੇਲੇ ਦੀ ਇੰਦਰਾ ਗਾਂਧੀ ਸਰਕਾਰ ਵੱਲੋਂ ਕੀਤੇ ਇਤਿਹਾਸਕ ਅਨਿਆਂ ਨੂੰ ਦਰੁੱਸਤ ਕਰੇ।

ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਇਕ ਇਤਿਹਾਸਕ ਸੱਚਾਈ ਹੈ ਕਿ ਉਸ ਵੇਲੇ ਦੀ ਇੰਦਰਾ ਗਾਂਧੀ ਸਰਕਾਰ ਨੇ ਗੈਰ ਰੀਪੇਰੀਅਨ ਰਾਜ ਰਾਜਸਥਾਨ ਨੂੰ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਦੇ ਕੇ ਪੰਜਾਬ ਨਾਲ ਵੱਡਾ ਅਨਿਆਂ ਕੀਤਾ ਸੀ। ਉਹਨਾਂ ਕਿਹਾ ਕਿ ਹਰ ਵਾਰ ਅਨਿਆਂ ਪੰਜਾਬ ਨਾਲ ਹੀ ਹੁੰਦਾ ਹੈ। ਪੰਜਾਬ ਤੋਂ ਇਸਦੇ ਦਰਿਆਈ ਪਾਣੀ ਖੋਹੇ ਗਏ।

ਡਾ. ਚੀਮਾ ਨੇ ਕਿਹਾ ਕਿ ਜੋ ਸ੍ਰੀ ਉਮਰ ਅਬਦੁੱਲਾ ਮੰਗ ਰਹੇ ਹਨ, ਉਹ ਪੰਜਾਬ ਨਾਲ ਅਨਿਆਂ ਕਰਨ ਦਾ ਇਕ ਹੋਰ ਯਤਨ ਹੈ। ਉਹਨਾਂ ਕਿਹਾ ਕਿ ਦੇਸ਼ ਦੇ (ਬਾਕੀ ਸਫਾ 2 'ਤੇ)

## ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਮਹਿਲਾ ਨਕਸਲੀ ਢੇਰ

ਕਾਂਕੇਰ, 20 ਜੂਨ (ਚੜ੍ਹਦੀਕਲਾ ਬਿਊਰੋ) : ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿੱਚ ਇੱਕ ਮੁਕਾਬਲੇ ਵਿੱਚ ਸੁਰੱਖਿਆ ਬਲਾਂ ਨੇ ਇੱਕ ਮਹਿਲਾ ਨਕਸਲੀ ਨੂੰ ਮਾਰ ਦਿੱਤਾ। ਪੁਲਿਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਕਾਂਕੇਰ ਜ਼ਿਲ੍ਹੇ ਦੀ ਪੁਲਿਸ ਸੁਪਰਡੈਂਟ ਇੰਦਰਾ ਕਲਿਆਣ ਏਲੇਸੇਲਾ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਜ਼ਿਲ੍ਹੇ ਦੇ ਛੋਟਾਬੇਠੀਆ ਥਾਣਾ ਖੇਤਰ ਦੇ ਅਧੀਨ ਅਮਾਟੋਲਾ ਅਤੇ ਕਲਪਰ ਪਿੰਡਾਂ ਦੇ ਵਿਚਕਾਰ ਜੰਗਲ ਵਿੱਚ ਇੱਕ ਮੁਕਾਬਲੇ ਵਿੱਚ ਇੱਕ ਮਹਿਲਾ ਨਕਸਲੀ ਨੂੰ ਮਾਰ ਦਿੱਤਾ ਹੈ। ਏਲੇਸੇਲਾ ਨੇ ਕਿਹਾ ਕਿ ਛੋਟਾਬੇਠੀਆ ਖੇਤਰ ਦੇ ਅਧੀਨ ਕੋਟਰੀ ਨਦੀ ਦੇ ਕੰਢੇ ਅਮਾਟੋਲਾ ਅਤੇ ਕਲਪਰ ਪਿੰਡਾਂ ਦੇ ਵਿਚਕਾਰ ਜੰਗਲ ਵਿੱਚ ਨਕਸਲੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ, ਜ਼ਿਲ੍ਹਾ ਰਿਜ਼ਰਵ ਗਾਰਡ ਅਤੇ ਸੀਮਾ ਸੁਰੱਖਿਆ ਬਲ ਦੀ (ਬਾਕੀ ਸਫਾ 2 'ਤੇ)

## ਭਾਜਪਾ-ਸੰਘ ਨਹੀਂ ਚਾਹੁੰਦੇ ਕਿ ਗ਼ਰੀਬ ਬੱਚੇ ਅੰਗਰੇਜ਼ੀ ਸਿਖਣ: ਰਾਹੁਲ ਗਾਂਧੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 20 ਜੂਨ : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਦੋਸ਼ ਲਗਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਨਹੀਂ ਚਾਹੁੰਦੇ ਕਿ ਭਾਰਤ ਦਾ ਗਰੀਬ ਬੱਚਾ ਅੰਗਰੇਜ਼ੀ ਸਿੱਖੇ, ਕਿਉਂਕਿ ਉਹ ਨਹੀਂ ਚਾਹੁੰਦੇ ਕਿ ਲੋਕ ਸਵਾਲ ਪੁੱਛਣ, ਅੱਗੇ ਵਧਣ ਅਤੇ ਬਰਾਬਰ ਹੋਣ।ਉਨ੍ਹਾਂ ਇਹ ਵੀ ਕਿਹਾ ਕਿ ਅੰਗਰੇਜ਼ੀ ਸ਼ਰਮ ਨਹੀਂ, ਸਗੋਂ ਸ਼ਕਤੀ ਹੈ।ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਇਹ ਟਿੱਪਣੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇੱਕ ਕਥਿਤ ਬਿਆਨ ਤੋਂ ਇੱਕ ਦਿਨ ਬਾਅਦ ਕੀਤੀ।ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ, 'ਅੰਗਰੇਜ਼ੀ ਡੈਮ ਨਹੀਂ, ਇਹ ਇੱਕ ਪੁਲ ਹੈ। ਅੰਗਰੇਜ਼ੀ ਸ਼ਰਮ ਨਹੀਂ, ਸਗੋਂ ਸ਼ਕਤੀ ਹੈ। ਅੰਗਰੇਜ਼ੀ ਜੰਜ਼ੀਰ ਨਹੀਂ ਹੈ - ਇਹ ਜੰਜ਼ੀਰ ਤੋੜਨ ਦਾ ਇੱਕ ਸਾਧਨ ਹੈ।' ਉਨ੍ਹਾਂ ਆਰੋਪ ਲਾਇਆ ਕਿ ਭਾਜਪਾ-ਆਰਐਸਐਸ ਨਹੀਂ ਚਾਹੁੰਦੇ ਕਿ ਭਾਰਤ ਦਾ ਗਰੀਬ ਬੱਚਾ ਅੰਗਰੇਜ਼ੀ ਸਿੱਖੇ, ਕਿਉਂਕਿ ਉਹ ਨਹੀਂ ਚਾਹੁੰਦੇ ਕਿ ਲੋਕ ਸਵਾਲ ਪੁੱਛਣ, ਅੱਗੇ ਵਧਣ ਅਤੇ ਬਰਾਬਰ ਹੋਣ। ਰਾਹੁਲ ਗਾਂਧੀ ਨੇ ਕਿਹਾ, 'ਅੱਜ ਦੀ ਦੁਨੀਆਂ ਵਿੱਚ, ਅੰਗਰੇਜ਼ੀ ਤੁਹਾਡੀ ਮਾਤ ਭਾਸ਼ਾ ਜਿੰਨੀ ਹੀ ਮਹੱਤਵਪੂਰਨ ਹੈ ਕਿਉਂਕਿ ਇਹ ਰੁਜ਼ਗਾਰ ਪ੍ਰਦਾਨ ਕਰੇਗੀ ਅਤੇ ਤੁਹਾਡੇ ਆਤਮਵਿਸ਼ਵਾਸ ਨੂੰ ਵਧਾਏਗੀ।'

ਉਨ੍ਹਾਂ ਜ਼ੋਰ ਦੇ ਕੇ ਕਿਹਾ, 'ਭਾਰਤ ਦੀ ਹਰ ਭਾਸ਼ਾ ਵਿੱਚ ਆਤਮਾ, ਸੱਭਿਆਚਾਰ ਅਤੇ ਗਿਆਨ ਹੁੰਦਾ ਹੈ। ਸਾਨੂੰ ਉਨ੍ਹਾਂ ਦੀ ਕਦਰ ਕਰਨੀ ਪਵੇਗੀ ਅਤੇ ਨਾਲ ਹੀ ਹਰ ਬੱਚੇ ਨੂੰ ਅੰਗਰੇਜ਼ੀ ਸਿਖਾਉਣੀ ਪਵੇਗੀ। ਇਹ ਇੱਕ ਅਜਿਹੇ ਭਾਰਤ ਦਾ ਰਸਤਾ ਹੈ ਜੋ ਦੁਨੀਆਂ ਨਾਲ ਮੁਕਾਬਲਾ ਕਰਦਾ ਹੈ, ਜੋ ਹਰ ਬੱਚੇ ਨੂੰ ਬਰਾਬਰ ਮੌਕੇ ਦਿੰਦਾ ਹੈ।

## ਏਅਰ ਇੰਡੀਆ ਦੇ ਜਹਾਜ਼ ਨਾਲ ਪੰਛੀ ਟਕਰਾਇਆ, ਲੈਂਡਿੰਗ ਤੋਂ ਬਾਅਦ ਵਾਪਸੀ ਦੀ ਉਡਾਣ ਰੱਦ

ਨਵੀਂ ਦਿੱਲੀ, 20 ਜੂਨ (ਚੜ੍ਹਦੀਕਲਾ ਬਿਊਰੋ) : ਸ਼ੁੱਕਰਵਾਰ ਨੂੰ ਦਿੱਲੀ ਤੋਂ ਪੁਣੇ ਜਾ ਰਹੇ ਏਅਰ ਇੰਡੀਆ ਦੇ ਜਹਾਜ਼ ਨਾਲ ਇੱਕ ਪੰਛੀ ਟਕਰਾ ਗਿਆ। ਇਸ ਕਾਰਨ ਏਅਰਲਾਈਨ ਨੂੰ ਇਸ ਉਡਾਣ ਦੀ ਵਾਪਸੀ ਯਾਤਰਾ ਰੱਦ ਕਰਨੀ ਪਈ। ਮਹੱਤਵਪੂਰਨ ਗੱਲ ਇਹ ਸੀ ਕਿ ਜਦੋਂ ਰਸਤੇ ਵਿੱਚ ਪੰਛੀ ਜਹਾਜ਼ ਨਾਲ ਟਕਰਾ ਗਿਆ, ਤਾਂ ਪਾਇਲਟ ਨੂੰ ਇਸ ਬਾਰੇ ਪਤਾ ਵੀ ਨਹੀਂ ਲੱਗਾ। ਹਾਲਾਂਕਿ, ਲੈਂਡਿੰਗ ਤੋਂ ਬਾਅਦ ਜਾਂਚ ਦੌਰਾਨ ਇਹ ਖੁਲਾਸਾ ਹੋਇਆ। ਇਸ ਤੋਂ ਬਾਅਦ, ਜਹਾਜ਼ ਦੀ ਵਾਪਸੀ ਦੀ ਉਡਾਣ ਰੱਦ ਕਰ ਦਿੱਤੀ ਗਈ। ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਸੁਰੱਖਿਅਤ ਉਤਰਿਆ ਅਤੇ ਪੁਣੇ ਵਿੱਚ ਉਤਰਨ ਤੋਂ ਬਾਅਦ ਪੰਛੀ ਟਕਰਾਉਣ ਦਾ ਮਾਮਲਾ ਸਾਹਮਣੇ ਆਇਆ। ਏਅਰ ਇੰਡੀਆ ਨੇ ਕਿਹਾ ਕਿ ਜਹਾਜ਼ ਨੂੰ ਰੋਕ ਦਿੱਤਾ ਗਿਆ ਹੈ ਅਤੇ ਇੰਜੀਨੀਅਰਿੰਗ ਟੀਮ ਇਸਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਏਅਰ ਇੰਡੀਆ ਨੇ ਕਿਹਾ, '20 ਜੂਨ ਨੂੰ ਪੁਣੇ ਤੋਂ ਦਿੱਲੀ ਜਾਣ ਵਾਲੀ ਉਡਾਣ ਏਆਈ-2470 ਨੂੰ ਪੰਛੀ ਟਕਰਾਉਣ ਕਾਰਨ ਰੱਦ ਕਰ ਦਿੱਤਾ ਗਿਆ ਹੈ, ਜੋ ਆਉਣ ਵਾਲੀ ਉਡਾਣ ਦੇ ਪੁਣੇ ਵਿੱਚ ਸੁਰੱਖਿਅਤ ਉਤਰਨ ਤੋਂ (ਬਾਕੀ ਸਫਾ 2 'ਤੇ)

### ਸਿੰਧੂ ਦੀ ਪਾਣੀ ਵੰਡ 'ਤੇ ਪਿਆ ਰੌਲਾ

## ਪੰਜਾਬ ਨੂੰ ਨਹੀਂ ਦੇਵਾਂਗੇ ਪਾਣੀ: ਉਮਰ ਅਬਦੁੱਲਾ

ਚੜ੍ਹਦੀਕਲਾ ਬਿਊਰੋ

================



ਸ੍ਰੀਨਗਰ, 20 ਜੂਨ : ਜੰਮੂ-ਕਸ਼ਮੀਰ ਵਿੱਚ ਸਿੰਧ ਪ੍ਰਣਾਲੀ ਦੇ ਤਿੰਨ ਪੱਛਮੀ ਦਰਿਆਵਾਂ ਤੋਂ ਵਾਧੂ ਪਾਣੀ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵੱਲ ਭੇਜਣ ਲਈ ਪ੍ਰਸਤਾਵਿਤ 113 ਕਿਲੋਮੀਟਰ ਲੰਬੀ ਨਹਿਰ 'ਤੇ, ਅਬਦੁੱਲਾ ਨੇ ਕਿਹਾ, 'ਮੈਂ ਇਸਦੀ ਕਦੇ ਵੀ ਇਜਾਜ਼ਤ ਨਹੀਂ ਦੇਵਾਂਗਾ। ਸਾਨੂੰ ਪਹਿਲਾਂ ਆਪਣੇ ਪਾਣੀ ਦੀ ਵਰਤੋਂ ਕਰਨ ਦਿਓ... ਜੰਮੂ ਵਿੱਚ ਸੋਕੇ ਵਰਗੀ ਸਥਿਤੀ ਹੈ। ਮੈਂ ਪੰਜਾਬ ਨੂੰ ਪਾਣੀ ਕਿਉਂ ਭੇਜਾਂ? ਸਿੰਧ ਜਲ ਸੰਧੀ ਤਹਿਤ ਪੰਜਾਬ ਕੋਲ ਪਹਿਲਾਂ ਹੀ ਪਾਣੀ ਸੀ। ਕੀ ਉਨ੍ਹਾਂ ਨੇ ਸਾਨੂੰ ਲੋੜ ਪੈਣ 'ਤੇ ਪਾਣੀ ਦਿੱਤਾ?...'।

ਜਦੋਂ ਇਹ ਪੁੱਛਿਆ ਗਿਆ ਕਿ ਕੀ ਨੈਸ਼ਨਲ ਕਾਨਫਰੰਸ ਰਾਜ ਦੀ ਬਹਾਲੀ ਲਈ ਸੁਪਰੀਮ ਕੋਰਟ ਜਾਵੇਗੀ, ਤਾਂ ਅਬਦੁੱਲਾ ਨੇ ਜਵਾਬ ਦਿੱਤਾ, 'ਰਾਜ ਦਾ ਦਰਜਾ, ਅਸੀਂ ਪ੍ਰਧਾਨ ਮੰਤਰੀ ਮੋਦੀ ਦੇ ਰਾਜ ਦੇ ਵਾਅਦੇ ਦੀ ਉਡੀਕ ਕਰ ਰਹੇ ਹਾਂ।'

ਅਬਦੁੱਲਾ ਨੇ ਦੱਸਿਆ, ਈਰਾਨ ਅਤੇ ਇਜ਼ਰਾਈਲ ਵਿਚਕਾਰ ਵਧ ਰਹੇ ਤਣਾਅ 'ਤੇ ਟਿੱਪਣੀ ਕਰਦੇ ਹੋਏ, ਅਬਦੁੱਲਾ ਨੇ ਇਜ਼ਰਾਈਲ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਏ ਅਤੇ ਫਸੇ ਹੋਏ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਚਿੰਤਾ ਪ੍ਰਗਟ ਕੀਤੀ। 'ਈਰਾਨ ਨੇ ਅਜਿਹਾ ਕੀ ਕੀਤਾ ਹੈ ਕਿ ਇਜ਼ਰਾਈਲ ਨੇ ਇਸ ਨੂੰ ਨਿਸ਼ਾਨਾ ਬਣਾਇਆ ਹੈ? '

## ਐਕਸਪ੍ਰੈਸ ਰੇਲ ਤੇ ਰੇਲਵੇ ਟ੍ਰਾਲੀ ਵਿਚਾਲੇ ਹੋਈ ਟੱਕਰ 'ਚ ਇੱਕ ਦੀ ਮੌਤ

ਕਟਿਹਾਰ, 20 ਜੂਨ (ਚ.ਨ.ਸ.) : ਬਿਹਾਰ ਦੇ ਕਟਿਹਾਰ 'ਚ ਅੱਜ ਯਾਨੀ ਸ਼ੁੱਕਰਵਾਰ ਨੂੰ ਵੱਡਾ ਰੇਲ ਹਾਦਸਾ ਵਾਪਰਿਆ। ਕਟਿਹਾਰ ਬਰੌਨੀ ਰੇਲ ਸੈਕਸ਼ਨ 'ਤੇ ਕਾਢਾਗੋਲਾ ਅਤੇ ਸੇਮਾਪੁਰ ਵਿਚਾਲੇ ਬਰੌਨੀ ਤੋਂ ਕਟਿਹਾਰ ਜਾ ਰਹੀ ਅਵਧ ਆਸਾਮ ਐਕਸਪ੍ਰੈਸ ਟਰੇਨ (15910) ਅਤੇ ਰੇਲਵੇ ਟ੍ਰਾਲੀ ਵਿਚਾਲੇ ਟੱਕਰ ਹੋ ਗਈ। ਇਸ ਹਾਦਸੇ 'ਚ ਇਕ ਟ੍ਰਾਲੀਮੈਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਚਾਰ ਰੇਲ ਕਰਮਚਾਰੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਏਡੀਆਰਐੱਮ ਮਨੋਜ ਕੁਮਾਰ ਸਿੰਘ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ ਅਤੇ ਦੱਸਿਆ ਕਿ ਜ਼ਖ਼ਮੀਆਂ ਨੂੰ ਨਜ਼ਦੀਕੀ ਸਿਹਤ ਕੇਂਦਰ 'ਚ ਦਾਖ਼ਲ ਕਰਵਾਇਆ ਗਿਆ ਹੈ। ਰੇਲਵੇ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ।

ਡਾਊਨ ਲਾਈਨ 'ਤੇ ਬਰੌਨੀ ਤੋਂ ਕਟਿਹਾਰ ਜਾ ਰਹੀ ਅਵਧ-ਆਸਾਮ ਐਕਸਪ੍ਰੈਸ ਦੀ ਟ੍ਰਾਲੀ ਨਾਲ ਟੱਕਰ ਇੰਨੀ ਜ਼ੋਰਦਾਰ ਸੀ ਕਿ (ਬਾਕੀ ਸਫਾ 2 'ਤੇ)

### ਕਲਾਸਰੂਮ 'ਘਪਲਾ'

## ਈ.ਡੀ. ਵੱਲੋਂ 300 ਤੋਂ ਵੱਧ ਪਾਸਬੁੱਕਾਂ ਤੇ ਦਿੱਲੀ ਸਰਕਾਰ ਦੀਆਂ ਫਾਈਲਾਂ ਜ਼ਬਤ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 20 ਜੂਨ : ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸ਼ੁੱਕਰਵਾਰ ਨੂੰ ਕਿਹਾ ਕਿ ਮਜ਼ਦੂਰਾਂ ਦੇ ਨਾਮ 'ਤੇ ਖੋਲ੍ਹੇ ਗਏ ਬੈਂਕ ਖਾਤਿਆਂ (ਐਮ.ਯੂ.ਐਲ.ਈ.) ਨਾਲ ਸਬੰਧਤ 300 ਤੋਂ ਵੱਧ ਪਾਸਬੁੱਕਾਂ ਜ਼ਬਤ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਪਿਛਲੀ ਆਮ ਆਦਮੀ ਪਾਰਟੀ ਸਰਕਾਰ ਦੌਰਾਨ ਕਲਾਸਰੂਮ ਨਿਰਮਾਣ 'ਘਪਲੇ' ਤੋਂ ਪ੍ਰਾਪਤ ਪੈਸੇ ਦੀ 'ਗੈਰ-ਕਾਨੂੰਨੀ ਵਰਤੋਂ' ਕੀਤੀ ਗਈ ਸੀ। ਜਾਂਚ ਏਜੰਸੀ ਨੇ ਇਸ ਮਾਮਲੇ ਦੇ ਸਬੰਧ ਵਿੱਚ 18 ਜੂਨ ਨੂੰ ਦਿੱਲੀ ਵਿੱਚ 37 ਥਾਵਾਂ 'ਤੇ ਤਲਾਸ਼ੀ ਲਈ ਸੀ। ਆਮ ਆਦਮੀ ਪਾਰਟੀ (ਆਪ) ਨੇ ਈਡੀ ਦੀ ਕਾਰਵਾਈ ਨੂੰ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਸ ਦੇ ਨੇਤਾਵਾਂ ਵਿਰੁੱਧ ਦੋਸ਼ 'ਰਾਜਨੀਤਿਕ ਤੌਰ 'ਤੇ ਪ੍ਰੇਰਿਤ' ਸਨ। ਮਨੀ ਲਾਂਡਰਿੰਗ ਰੋਕਥਾਮ ਕਾਨੂੰਨ ਦੇ ਤਹਿਤ ਦਰਜ ਕੀਤਾ ਗਿਆ ਈ.ਡੀ. ਦਾ ਮਾਮਲਾ (ਬਾਕੀ ਸਫਾ 2 'ਤੇ)

## ਸਿਸੋਦੀਆ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਦੇ ਦਫ਼ਤਰ 'ਚ ਹੋਏ ਪੇਸ਼



ਨਵੀਂ ਦਿੱਲੀ, 20 ਜੂਨ (ਚੜ੍ਹਦੀਕਲਾ ਬਿਊਰੋ) : ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਰਕਾਰੀ ਸਕੂਲਾਂ ਵਿਚ ਕਲਾਸਰੂਮਾਂ ਦੀ ਉਸਾਰੀ ਨਾਲ ਸਬੰਧਤ ਮਾਮਲੇ ਵਿੱਚ ਪੁੱਛਗਿੱਛ ਲਈ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ (ਏਸੀਬੀ) ਦੇ ਸਾਹਮਣੇ ਪੇਸ਼ ਹੋਏ। ਬੀਤੇ ਸਮੇਂ ਏਸੀਬੀ ਨੇ ਸਰਕਾਰੀ ਸਕੂਲਾਂ ਵਿੱਚ ਕਲਾਸਰੂਮਾਂ ਦੀ ਉਸਾਰੀ ਵਿੱਚ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ (ਬਾਕੀ ਸਫਾ 2 'ਤੇ)

## ਅਮਰੀਕੀ ਫ਼ੌਜ ਵੱਲੋਂ ਈਰਾਨ 'ਤੇ ਸਿੱਧੇ ਹਮਲੇ ਬਾਰੇ ਦੋ ਹਫ਼ਤਿਆਂ 'ਚ ਫ਼ੈਸਲਾ ਲਵਾਂਗੇ: ਟਰੰਪ

ਚੜ੍ਹਦੀਕਲਾ ਬਿਊਰੋ

================



ਬੀਰਸ਼ੇਬਾ (ਇਜ਼ਰਾਈਲ), 20 ਜੂਨ :ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਜ਼ਰਾਈਲ ਤੇ ਈਰਾਨ ਵਿਚਾਲੇ ਚੱਲ ਰਹੇ ਟਕਰਾਅ ਵਿਚ ਅਮਰੀਕੀ ਫੌਜ ਦੀ ਸਿੱਧੀ ਸ਼ਮੂਲੀਅਤ ਸਬੰਧੀ ਉਹ ਅਗਲੇ ਦੋ ਹਫ਼ਤਿਆਂ ਵਿਚ ਫੈਸਲਾ ਲੈਣਗੇ। ਟਰੰਪ ਨੇ ਕਿਹਾ ਕਿ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਨਵੇਂ ਸਿਰੇ ਤੋਂ ਗੱਲਬਾਤ ਲਈ 'ਬਹੁਤ ਸਾਰੇ ਮੌਕੇ' ਹਨ। ਇਸ ਦੌਰਾਨ ਦੋਵਾਂ ਧਿਰਾਂ (ਇਜ਼ਰਾਈਲ ਤੇ ਈਰਾਨ) ਵੱਲੋਂ ਸੱਤਵੇਂ ਦਿਨ ਵੀ ਇਕ ਦੂਜੇ 'ਤੇ ਹਮਲੇ ਜਾਰੀ ਰਹੇ।

ਟਰੰਪ ਵੱਲੋਂ ਦੋ ਹਫ਼ਤਿਆਂ ਦੀ ਮੋਹਲਤ ਤੋਂ ਸਾਫ਼ ਹੈ ਕਿ ਉਹ ਈਰਾਨ ਦੇ ਸੁਰੱਖਿਅਤ ਫੋਰਡੋ ਯੂਰੇਨੀਅਮ ਸੋਧ ਸੈਂਟਰ 'ਤੇ ਹਮਲਾ ਕੀਤੇ ਜਾਣ ਨੂੰ ਲੈ ਕੇ ਦੁਚਿੱਤੀ ਵਿਚ ਹਨ। ਇਹ ਸੈਂਟਰ ਇਕ ਪਹਾੜ ਹੇਠਾਂ ਦੱਬਿਆ ਹੈ ਤੇ ਵਿਆਪਕ ਰੂਪ ਵਿਚ ਅਮਰੀਕਾ ਦੇ 'ਬੰਕਰ ਬਸਟਰ' ਬੰਬਾਂ ਨੂੰ ਛੱਡ ਕੇ ਕਿਸੇ ਹੋਰ ਦੀ ਪਹੁੰਚ ਤੋਂ ਬਾਹਰ ਮੰਨਿਆ ਜਾਂਦਾ ਹੈ। ਟਰੰਪ ਦੇ ਉਪਰੋਕਤ ਬਿਆਨ ਨੂੰ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਪੜ੍ਹਿਆ। ਇਸ ਤੋਂ ਪਹਿਲਾਂ ਅੱਜ ਦਿਨੇ ਇਜ਼ਰਾਈਲ ਦੇ ਪ੍ਰਧਾਨ (ਬਾਕੀ ਸਫਾ 2 'ਤੇ)

## ਦੱਖਣ-ਪੱਛਮੀ ਮਾਨਸੂਨ ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਵਿੱਚ ਅੱਗੇ ਵਧਿਆ, ਕਈ ਸੂਬਿਆਂ 'ਚ ਮੀਂਹ ਦੀ ਸੰਭਾਵਨਾ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 20 ਜੂਨ :ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਦੇ ਅਨੁਸਾਰ, ਦੱਖਣ-ਪੱਛਮੀ ਮਾਨਸੂਨ 19 ਜੂਨ ਤੱਕ ਬਿਹਾਰ ਦੇ ਜ਼ਿਆਦਾਤਰ ਹਿੱਸਿਆਂ ਅਤੇ ਪੂਰਬੀ ਉੱਤਰ ਪ੍ਰਦੇਸ਼ ਦੇ ਕੁਝ ਹੋਰ ਖੇਤਰਾਂ ਵਿੱਚ ਅੱਗੇ ਵਧ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ, ਵਧੀ ਹੋਈ ਮਾਨਸੂਨ ਗਤੀਵਿਧੀ ਦੇ ਕਾਰਨ, ਗੁਜਰਾਤ, ਉੱਤਰੀ ਕੋਂਕਣ, ਮੱਧ ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਓਡੀਸ਼ਾ ਵਿੱਚ ਅਲੱਗ-ਅਲੱਗ ਥਾਵਾਂ 'ਤੇ ਬਹੁਤ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ, ਜਦੋਂ ਕਿ 20 ਜੂਨ ਨੂੰ ਝਾਰਖੰਡ ਵਿੱਚ ਵੀ ਅਜਿਹਾ ਹੀ ਮੌਸਮ ਰਹਿਣ ਦੀ ਸੰਭਾਵਨਾ ਹੈ। ਪੂਰਬੀ ਅਤੇ ਮੱਧ ਭਾਰਤ ਵਿੱਚ, 19 ਜੂਨ ਨੂੰ ਝਾਰਖੰਡ ਵਿੱਚ ਅਲੱਗ-ਅਲੱਗ ਥਾਵਾਂ 'ਤੇ ਬਹੁਤ (ਬਾਕੀ ਸਫਾ 2 'ਤੇ)

## ਹਿਮਾਚਲ ਵਿੱਚ ਮੀਂਹ ਕਾਰਨ ਕਈ ਥਾਵਾਂ 'ਤੇ ਖਿਸਕੀ ਜ਼ਮੀਨ, ਸ਼ਿਮਲਾ 'ਚ ਸੜਕ ਬੰਦ

ਚੜ੍ਹਦੀਕਲਾ ਬਿਊਰੋ

================



ਸ਼ਿਮਲਾ, 20 ਜੂਨ :ਅੱਜ ਸਵੇਰ ਤੋਂ ਹੀ ਹਿਮਾਚਲ ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਮੀਂਹ ਪੈ ਰਿਹਾ ਹੈ। ਇਸ ਕਾਰਨ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ। ਸ਼ਿਮਲਾ ਜ਼ਿਲ੍ਹੇ ਦੇ ਜੁਬਲ-ਕੋਟਖਾਈ ਵਿੱਚ ਟਿਊਨੀ-ਹਟਕੋਟੀ ਸੜਕ ਦਾ ਇੱਕ ਵੱਡਾ ਹਿੱਸਾ ਟੁੱਟ ਗਿਆ। ਸ਼ਿਮਲਾ ਦੇ ਜਾਟੋਗ ਕੈਂਟ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਪਿਕਅੱਪ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਦੂਜੇ ਪਾਸੇ, ਮੰਡੀ ਜ਼ਿਲ੍ਹੇ ਦੇ ਪੰਡੋਹ ਵਿੱਚ ਸ਼ਹੀਦ ਇੰਦਰ ਸਿੰਘ ਸੈਕੰਡਰੀ ਸਕੂਲ ਕੈਂਪਸ ਮੀਂਹ ਦੇ ਪਾਣੀ ਨਾਲ ਪੂਰੀ ਤਰ੍ਹਾਂ ਭਰ ਗਿਆ। ਇਸ ਕਾਰਨ ਬੱਚਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗੜਾ ਅਤੇ ਮੰਡੀ ਜ਼ਿਲ੍ਹੇ ਵਿੱਚ ਵੀ (ਬਾਕੀ ਸਫਾ 2 'ਤੇ)

## ਯੋਗਾ ਦਿਵਸ ਨੂੰ ਦੇਖਦੇ ਹੋਏ ਸ੍ਰੀ ਦਰਬਾਰ ਸਾਹਿਬ 'ਚ ਪ੍ਰਕਰਮਾ ਦੇ ਮੈਨੇਜਰਾਂ ਨੇ ਖਿੱਚੀ ਤਿਆਰੀ

# ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਕਰਮਾ 'ਚ ਡਿਊਟੀ ਦੇ ਰਹੇ ਅਧਿਕਾਰੀਆਂ ਨੂੰ ਦਿੱਤੀਆਂ ਸਖ਼ਤ ਹਦਾਇਤਾਂ



ਅੰਮ੍ਰਿਤਸਰ, 20 ਜੂਨ (ਬਬਲੂ ਮਹਾਜਨ) : ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ 'ਤੇ ਸ੍ਰੀ ਦਰਬਾਰ ਸਾਹਿਬ ਅਤੇ ਪ੍ਰਕਰਮਾਂ ਵਿਖੇ ਕੋਈ ਸ਼ਰਾਰਤੀ ਕਿਸੇ ਕਿਸਮ ਦੀ ਸ਼ਰਾਰਤ ਨਾ ਕਰ ਸਕੇ, ਇਸ ਲਈ ਮੈਨੇਜਰ ਸ੍ਰੀ ਦਰਬਾਰ ਸਾਹਿਬ ਨੇ ਪੂਰੀ ਤਿਆਰੀ ਕਰ ਲਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਹਦਾਇਤਾਂ 'ਤੇ ਸਕੱਤਰ ਪ੍ਰਤਾਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਬੀਤੇ ਸਾਲ ਅਰਚਨਾ ਮਕਵਾਨਾ ਨਾਮਕ ਦੀ ਇਕ ਲੜਕੀ ਨੇ ਸਿੱਖ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਯੋਗਾ ਕਰਕੇ ਸਿੱਖ ਸੰਗਤ ਦੇ ਹਿਰਦਿਆਂ ਨੂੰ ਠੇਸ ਪਹੁੰਚਾਈ ਸੀ। ਇਸ ਵਾਰ ਅਜਿਹਾ ਨਾ ਹੋਵੇ ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਹੀ ਪੁਖਤਾ ਪ੍ਰਬੰਧ ਕੀਤੇ ਗਏ ਹਨ। ਮੈਨੇਜਰ ਧੰਗੇੜਾ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ 'ਤੇ ਵਾਧੂ ਸੇਵਾਦਾਰ ਤੈਨਾਤ ਕੀਤੇ ਗਏ ਹਨ। ਇਸ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਸਮੂੰਹ ਵਿਚ ਲਗੇ ਸੀ ਸੀ ਟੀ ਵੀ ਕੈਮਰਾ ਸਟਾਫ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਿ ਕਿਸੇ ਵੀ ਤਰਾਂ ਦੇ ਸ਼ਕੀ ਵਿਅਕਤੀ ਜੇਕਰ ਨਜਰ ਆਉਂਦਾ ਹੈ ਤਾਂ ਸਬੰਧਤ ਜਗ੍ਹਾ 'ਤੇ ਤੈਨਾਤ ਸੇਵਾਦਾਰਾਂ ਨੂੰ ਫੋਨ ਜਾਂ ਵਾਕੀ ਟਾਕੀ ਸੈੱਟ ਦੀ ਮੱਦਦ ਨਾਲ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਪਲਾਜਾ ਤੇ ਗਲਿਆਰਾ ਵਿਖੇ ਵੀ ਸਟਾਫ ਤੈਨਾਤ ਕੀਤਾ ਗਿਆ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਵੱਲੋਂ ਸੰਗਤਾਂ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਸ੍ਰੀ ਦਰਬਾਰ ਸਾਹਿਬ ਆਉਣ ਸਮੇਂ ਸਿੱਖ ਪਰੰਪਰਾਵਾਂ ਦਾ ਖਾਸ ਧਿਆਨ ਰੱਖਿਆ ਜਾਵੇ, ਤੇ ਕੋਈ ਅਜਿਹੀ ਹਰਕਤ ਨਾ ਕੀਤੀ ਜਾਵੇ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੇ। ਕੁਝ ਸਿੱਖ ਜਥੇਬੰਦੀਆਂ ਨੇ ਅੰਤਰਰਾਸ਼ਟਰੀ ਯੋਗਾ ਦਿਵਸ ਦੇ ਬਰਾਬਰ ਗਤਕਾ ਦਿਵਸ ਮਨਾਉਣ ਦਾ ਵੀ ਐਲਾਨ ਕੀਤਾ ਹੈ।

## ਸੁਰੱਖਿਅਤ ਹਨ ਸਿੱਖ ਗੁਰਦੁਆਰੇ ਤਹਿਰਾਨ 'ਚ

# ਗੁ. ਭਾਈ ਗੰਗਾ ਸਿੰਘ ਤਹਿਰਾਨ, ਯਾਹਿਦਾਨ ਤੇ ਬੁਸ਼ਕਰ 'ਚ ਵੀ ਗੁਰਦੁਆਰਾ ਸਾਹਿਬ ਸੁਰੱਖਿਅਤ

ਪ੍ਰੋ. ਡਾ. ਕਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ
=========

ਇਰਾਨ ਇਜ਼ਰਾਇਲ ਵਿੱਚ ਹੋ ਰਹੀ ਭਿਆਨਕ ਬੰਬਾਰੀ ਤੇ ਤਬਾਹੀ ਦੇ ਵਿੱਚ ਅਜੇ ਤੱਕ ਪ੍ਰਾਪਤ ਸੂਚਨਾਵਾਂ ਦੇ ਅਨੁਸਾਰ ਤਹਿਰਾਨ ਵਿੱਚ ਅਤੇ ਇਰਾਨ ਦੇ ਦੂਜੇ ਸ਼ਹਿਰਾਂ ਵਿੱਚ ਸ਼੍ਰੀ ਗੁਰਦੁਆਰਾ ਸਾਹਿਬ ਸੁਰੱਖਿਅਤ ਹਨ ।





ਤਹਿਰਾਨ ਵਿੱਚ ਗੁਰਦੁਆਰਾ ਭਾਈ ਗੰਗਾ ਸਿੰਘ ਅਤੇ ਜਹਿਦਾਨ ਵਿੱਚ ਸਿੱਖ ਗੁਰਦੁਆਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ। ਇੱਥੇ ਇਹ ਯਾਦ ਦਵਾਇਆ ਜਾਂਦਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੁੱਝ ਹੀ ਗੁਰਦੁਆਰੇ ਇਰਾਨ ਵਿੱਚ ਸੁਰੱਖਿਅਤ ਰਹਿ ਗਏ ਹਨ ਅਤੇ ਬਹੁਤ ਸਾਰੀ ਸਿੱਖ ਸੰਗਤ ,ਪੰਜਾਬੀ ਸੰਗਤ ਇਰਾਨ ਨੂੰ ਛੱਡ ਕੇ ਲੰਡਨ ਅਤੇ ਕੈਨੇਡਾ ਵਿੱਚ ਚਲੀ ਗਈ ਹੈ ।ਇੱਥੇ ਇਹ ਵੀ ਯਾਦ ਦਿਵਾਇਆ ਜਾਂਦਾ ਹੈ ਕਿ ਇਸ ਗੁਰਦੁਆਰੇ ਦੀ ਅਹਿਮੀਅਤ ਇਸ ਲਈ ਵੀ ਹੈ ਕਿ ਇਹ ਪਹਿਲੀ ਪਾਤਸ਼ਾਹੀ ਦੇ ਨਾਲ ਸੰਬੰਧਿਤ ਗੁਰਦੁਆਰਾ ਹੈ। ਪ੍ਰਧਾਨ ਮੰਤਰੀ ਮੋਦੀ ਜਦੋਂ ਇਰਾਨ ਯਾਤਰਾ ਤੇ ਗਏ ਸਨ ਤੇ ਉਹਨਾਂ ਨੇ ਆਪਣੀ ਯਾਤਰਾ ਇਸੇ ਹੀ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਤੋਂ ਬਾਅਦ ਤਹਿਰਾਨ ਤੋਂ ਸ਼ੁਰੂ ਕੀਤੀ ਸੀ। ਇਸ ਲਈ ਇਹ ਇਤਿਹਾਸਿਕ ਮਹੱਤਵਪੂਰਨ ਗੁਰਦੁਆਰਾ ਹੈ, ਜਿਸ ਦਾਸਦਾ ਸਿੱਖ ਸੰਗਤ ਅਤੇ ਪੂਰੀ ਤਹਿਰਾਨ ਸ਼ਹਿਰ ਤੋਂ ਬਿਨਾਂ ਇਰਾਨ ਦੇ ਸਿੱਖ ਭਾਈਚਾਰੇ ਵਿੱਚ ਵੀ ਵਿਸ਼ੇਸ਼ ਸਥਾਨ ਰਿਹਾ ਹੈ।

ਤਹਿਰਾਨ ਵਿੱਚ ਸਥਾਨਕ ਪ੍ਰਸ਼ਾਸਨ ਨੂੰ ਗੁਰਦੁਆਰਿਆਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ, ਖਾਸ ਕਰਕੇ ਇਸ ਸੰਘਰਸ਼ ਦੀ ਸਥਿਤੀ ਵਿੱਚ ਉਹਨਾਂ ਦੀ ਪਵਿੱਤਰਤਾ ਬਣੀ ਰਹੇ ਫਿਰ ਵੀ ਸਥਿਤੀ ਗੰਭੀਰ ਹੈ। ਈਰਾਨ ਵਿੱਚ ਸਿੱਖ ਗੁਰਦੁਆਰਿਆਂ ਦੀ ਸੰਖਿਆ ਅਤੇ ਨਾਮ

ਇਰਾਨ ਵਿੱਚ ਸਿੱਖ ਗੁਰਦੁਆਰਿਆਂ ਦੀ ਸੰਖਿਆ ਸੀਮਤ ਹੈ, ਅਤੇ ਉਪਲੱਬਧ ਜਾਣਕਾਰੀ ਅਨੁਸਾਰ, ਇਰਾਨ ਵਿੱਚ ਚਾਰ ਪ੍ਰਮੁੱਖ ਸਿੱਖ ਗੁਰਦੁਆਰੇ ਹਨ, ਜਿਨ੍ਹਾਂ ਵਿੱਚ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ ਤਹਿਰਾਨ ,ਗੁਰਦੁਆਰਾ ਸਾਹਿਬ - ਜ਼ਾਹਿਦਾਨ ਗੁਰਦੁਆਰਾ ਪਹਿਲੀ ਪਾਤਸ਼ਾਹੀ - ਮਸ਼ਹਦ ਗੁਰਦੁਆਰਾ ਪਹਿਲੀ ਪਾਤਸ਼ਾਹੀ - ਬੁਸ਼ਹਿਰਗੁਰਦੁਆਰਾ ਭਾਈ ਗੰਗਾ ਸਿੰਘ ਸਭਾ, ਤਹਿਰਾਨ: ਇਹ ਗੁਰਦੁਆਰਾ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਸਥਿਤ ਹੈ ਅਤੇ ਸੰਭਾਵਤ ਤੌਰ 'ਤੇ ਸਥਾਨਕ ਸਿੱਖ ਭਾਈਚਾਰੇ ਦਾ ਕੇਂਦਰ ਹੈ। ਤਹਿਰਾਨ ਵਿੱਚ ਸਿੱਖ ਆਬਾਦੀ ਸੀਮਤ ਹੈ, ਪਰ ਇਹ ਗੁਰਦੁਆਰਾ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਲਈ ਮਹੱਤਵਪੂਰਨ ਹੈ। ਗੁਰਦੁਆਰਾ ਸਾਹਿਬ, ਜ਼ਾਹਿਦਾਨ ਜੋ ਕਿ ਪਾਕਿਸਤਾਨ ਦੀ ਸਰਹੱਦ ਨੇੜੇ ਸਥਿਤ ਹੈ।

ਗੁਰਦੁਆਰਾ ਪਹਿਲੀ ਪਾਤਸ਼ਾਹੀ, ਮਸ਼ਹਦ ਅਤੇ ਬੁਸ਼ਹਿਰ, ਇਹ ਦੋਵੇਂ ਗੁਰਦੁਆਰੇ ਸੰਭਾਵਤ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨਾਲ ਸਬੰਧਤ ਹਨ। ਗੁਰੂ ਨਾਨਕ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਮੱਧ ਪੂਰਬ ਦੇ ਕਈ ਖੇਤਰਾਂ ਦੀ ਯਾਤਰਾ ਕੀਤੀ ਸੀ।

ਅੱਜ ਇਰਾਨ ਵਿੱਚ ਸਿੱਖ ਆਬਾਦੀ ਬਹੁਤ ਘੱਟ ਹੈ, ਅੰਦਾਜ਼ਨ ਕੁਝ ਸੌ ਜਾਂ ਹਜ਼ਾਰ ਦੇ ਨੇੜੇ। ਸਿੱਖ ਈਰਾਨ ਵਿੱਚ ਇੱਕ ਧਾਰਮਿਕ ਘੱਟ-ਗਿਣਤੀ ਵਜੋਂ ਮਾਨਤਾ ਪ੍ਰਾਪਤ ਹਨ ਅਤੇ ਉਨ੍ਹਾਂ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੀ ਆਜ਼ਾਦੀ ਹੈ।

ਯੁੱਧ ਸਿੱਖ ਗੁਰਦੁਆਰਿਆਂ 'ਤੇ ਸਿੱਧਾ ਖਤਰਾ: ਮੌਜੂਦਾ ਸਮੇਂ, ਸਿੱਖ ਗੁਰਦੁਆਰਿਆਂ 'ਤੇ ਕੋਈ ਸਿੱਧਾ ਯੁੱਧ-ਸਬੰਧੀ ਖਤਰਾ ਨਹੀਂ ਦਿਖਾਈ ਦਿੰਦਾ। ਇਰਾਨ ਦੇ ਸ਼ਹਿਰ ਜਿਵੇਂ ਤਹਿਰਾਨ, ਮਸ਼ਹਦ, ਅਤੇ ਬੁਸ਼ਹਿਰ, ਜਿੱਥੇ ਇਹ ਗੁਰਦੁਆਰੇ ਸਥਿਤ ਹਨ, ਅਜੇ ਤੱਕ ਸੰਘਰਸ਼ ਦੇ ਸਿੱਧੇ ਨਿਸ਼ਾਨੇ ਨਹੀਂ ਬਣੇ। ਇਰਾਨ ਸਰਕਾਰ ਘੱਟ-ਗਿਣਤੀ ਧਰਮਾਂ ਦੇ ਸਥਾਨਾਂ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ, ਅਤੇ ਸਿੱਖ ਗੁਰਦੁਆਰੇ ਸਥਾਨਕ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਹਨ।

ਅੱਜ ਦੇ ਹਾਲਾਤ ਵਿੱਚ ਜੇਕਰ ਇਜ਼ਰਾਈਲ-ਇਰਾਨ ਸੰਘਰਸ਼ ਜਾਂ ਹੋਰ ਕਿਸੇ ਖੇਤਰੀ ਯੁੱਧ ਦੀ ਸਥਿਤੀ ਵਧਦੀ ਹੈ, ਤਾਂ ਇਰਾਨ ਦੇ ਸ਼ਹਿਰੀ ਖੇਤਰਾਂ ਵਿੱਚ ਅਸਥਿਰਤਾ ਵੱਧ ਸਕਦੀ ਹੈ, ਜਿਸ ਦਾ ਅਸਿੱਧਾ ਪ੍ਰਭਾਵ ਸਿੱਖ ਭਾਈਚਾਰੇ ਅਤੇ ਗੁਰਦੁਆਰਿਆਂ 'ਤੇ ਪਵੇਗਾ।

## ਜਲ ਸਰੋਤਾਂ ਨੂੰ ਭਰਨ ਤੇ ਸੰਭਾਲਣ

ਸਿੰਜਾਈ ਅਤੇ ਹੋਰ ਮੰਤਵਾਂ ਅਧੀਨ ਲਿਆਉਣਾ ਚਾਹੀਦਾ ਹੈ ਤਾਂ ਜੋ ਕੁਸ਼ਲਤਾ ਵਧਾ ਕੇ ਪਾਣੀ ਦੀ ਮੰਗ ਅਤੇ ਬਰਬਾਦੀ ਨੂੰ ਘਟਾਇਆ ਜਾ ਸਕੇ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਤਰਜ਼ੀਹ ਉੱਥੇ ਦਿੱਤੀ ਜਾਣੀ ਚਾਹੀਦੀ ਹੈ, ਜਿੱਥੇ ਵਰਕਿੰਗ ਹੈੱਡ ਉਪਲੱਬਧ ਹੋਵੇ ਅਤੇ ਖੁੱਲ੍ਹੇ ਰਜਵਾਹੇ ਦੀ ਬਜਾਏ ਪਾਈਪਲਾਈਨ ਦਾ ਪ੍ਰਸਤਾਵ ਰੱਖਿਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਯੋਜਨਾ ਵਿੱਚ ਨਹਿਰੀ ਰਜਬਾਹਿਆਂ ਨੂੰ ਸੁਰਜੀਤ ਕਰਨ ਉੱਤੇ ਧਿਆਨ ਕੇਂਦਰਿਤ ਹੋਵੇਗਾ, ਜਿਸ ਨਾਲ ਸਤਹੀ ਪਾਣੀ ਦੀ ਤਰਕਸੰਗਤ, ਬਰਾਬਰ ਤੇ ਟਿਕਾਊ ਵਰਤੋਂ ਯਕੀਨੀ ਬਣੇਗੀ।

ਸਤਹੀ ਪਾਣੀ ਦੀ ਪ੍ਰਭਾਵਸ਼ਾਲੀ ਵਰਤੋਂ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਯੋਜਨਾ ਅਨੁਸਾਰ ਵਾਧੂ ਉਪਲਬਧ ਪਾਣੀ ਨਹਿਰ ਅਤੇ ਡਿਸਟ੍ਰੀਬਿਊਟਰੀਆਂ ਤੋਂ ਸਿੱਧੇ ਨਾਲ ਲੱਗਦੇ ਛੱਪੜਾਂ ਵਿੱਚ ਵੰਡਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਛੱਪੜ ਦਾ ਪਾਣੀ ਲਿਫਟ ਸਿੰਜਾਈ ਪ੍ਰਣਾਲੀ ਰਾਹੀਂ ਖੇਤਾਂ ਵਿੱਚ ਲਿਜਾਇਆ ਜਾਵੇਗਾ, ਜਿਸ ਨਾਲ ਸਤਹੀ ਪਾਣੀ ਦੀ ਸਿੰਜਾਈ ਅਧੀਨ ਰਕਬਾ ਵਧੇਗਾ। ਉਨ੍ਹਾਂ ਕਿਹਾ ਕਿ ਇਸ ਲਈ ਚੈੱਕ ਡੈਮ ਤੇ ਨਵੇਂ ਤਲਾਬਾਂ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਸਵੈ-ਟਿਕਾਊ ਵਾਟਰ ਈਕੋ-ਸਿਸਟਮ ਵਿਕਸਤ ਕਰਨ ਲਈ ਵਾਟਰ ਯੂਜ਼ਰ ਐਸੋਸੀਏਸ਼ਨਾਂ ਦਾ ਗਠਨ ਕਰ ਕੇ ਭਾਗੀਦਾਰੀ ਸਿੰਜਾਈ ਪ੍ਰਬੰਧਨ ਦੀ ਵਕਾਲਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਐਸੋਸੀਏਸ਼ਨਾਂ ਖਪਤਕਾਰਾਂ ਯਾਨੀ ਕਿਸਾਨਾਂ ਦੀ ਸਿੱਧੀ ਸ਼ਮੂਲੀਅਤ ਰਾਹੀਂ ਪਾਣੀ ਪ੍ਰਬੰਧਨ ਅਤੇ ਪਾਣੀ ਦੀ ਵੰਡ ਨਾਲ ਸਬੰਧਤ ਕਿਸਾਨਾਂ ਦੇ ਮੁੱਦਿਆਂ ਦੀ ਨਿਗਰਾਨੀ ਕਰਨਗੀਆਂ। ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਨਾਲ ਨਹਿਰਾਂ ਦੀ ਸਫ਼ਾਈ, ਪਾਣੀ ਦੀ ਬਰਬਾਦੀ ਤੋਂ ਬਚਣ, ਨਹਿਰਾਂ ਅਤੇ ਜਲ ਮਾਰਗਾਂ ਦੀ ਸਾਂਭ-ਸੰਭਾਲ ਦੇ ਮਾਮਲੇ ਵਿੱਚ ਲਾਭ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਨਹਿਰੀ ਪਾਣੀ ਉਦਯੋਗਾਂ ਨੂੰ ਵੀ ਸਪਲਾਈ ਕੀਤਾ ਜਾਵੇਗਾ, ਜਿਨ੍ਹਾਂ ਦੇ ਸੰਭਾਵੀ ਵਰਤੋਂਕਾਰਾਂ ਦੀ ਪਛਾਣ ਕੀਤੀ ਜਾਵੇਗੀ ਕਿਉਂਕਿ ਇਹ ਧਰਤੀ ਹੇਠਲੇ ਪਾਣੀ 'ਤੇ ਦਬਾਅ ਘਟਾਏਗਾ।

ਪੰਜਾਬ ਦੇ ਧਰਤੀ ਹੇਠਲੇ ਡੂੰਘੇ ਪਾਣੀ ਬਾਰੇ ਅਧਿਐਨ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਅਸਲ ਸਥਿਤੀ ਦਾ ਪਤਾ ਨਹੀਂ ਹੈ, ਕਿਉਂਕਿ ਪਾਣੀ ਜੀਰਣ ਅਤੇ ਖਪਤ ਵਿਚਕਾਰ ਪਾੜਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਚਿਰ ਸਥਾਈ ਹੋਣ ਜਾਂ ਨਾ ਹੋਣ ਬਾਰੇ ਵੀ ਪਤਾ ਨਹੀਂ ਹੈ, ਜਿਸ ਲਈ ਭਵਿੱਖੀ ਨੀਤੀ ਬਣਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਬੇਸਿਨ ਪ੍ਰਬੰਧਨ ਯੋਜਨਾ 'ਤੇ ਧਿਆਨ ਕੇਂਦਰਿਤ ਕਰੇਗੀ, ਕਿਉਂਕਿ ਪੰਜਾਬ ਵਿੱਚ ਮਿੱਟੀ ਦੀਆਂ ਵੱਖ-ਵੱਖ ਕਿਸਮਾਂ ਵਾਲੇ ਭੂਮੀ ਖੇਤਰ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਦੱਖਣ-ਪੱਛਮੀ ਪੰਜਾਬ ਵਿੱਚ ਹੜ੍ਹਾਂ ਦੀ ਸਮੱਸਿਆ ਹੈ। ਪਰ ਕੰਢੀ ਖੇਤਰ ਦੀ ਆਪਣੀ ਸਮੱਸਿਆ ਹੈ ਕਿਉਂਕਿ ਜ਼ਮੀਨ ਹੇਠ ਪਾਣੀ ਬਹੁਤ ਡੂੰਘਾ ਹੈ, ਜਿਸ ਕਾਰਨ ਪੂਰੇ ਸੂਬੇ ਲਈ ਇਕ ਯੋਜਨਾ ਨਹੀਂ ਬਣਾਈ ਜਾ ਸਕਦੀ ਅਤੇ ਇਸ ਨੂੰ ਹਿੱਸਿਆਂ ਵਿੱਚ ਤਿਆਰ ਕਰਨਾ ਪੈਂਦਾ ਹੈ, ਜਿਸ ਨੂੰ ਬੇਸਿਨ ਕਿਹਾ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਯੋਜਨਾ ਅਨੁਸਾਰ ਪੰਜਾਬ ਨੂੰ ਵੱਖ-ਵੱਖ ਖੇਤਰਾਂ ਵਿੱਚ ਵੰਡਿਆ ਜਾਵੇਗਾ, ਜਿਸ ਨਾਲ ਪਾਣੀ ਦੇ ਪ੍ਰਵਾਹ, ਮਿੱਟੀ ਦੀ ਕਟੌਤੀ ਨੂੰ ਨਿਯਮਤ ਕਰਨ ਅਤੇ ਜ਼ਰੂਰੀ ਤੱਤਾਂ ਨੂੰ ਬਰਕਰਾਰ ਰੱਖਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਜਲ-ਭੰਡਾਰ ਵਿਸ਼ੇਸ਼ਤਾਵਾਂ ਅਤੇ ਸਬੰਧਤ ਖ਼ੇਤਰ ਦੇ ਭੂਗੋਲ ਦੀ ਪਛਾਣ ਕਰਨ 'ਤੇ ਵੀ ਧਿਆਨ ਕੇਂਦਰਿਤ ਕੀਤਾ ਜਾਵੇਗਾ ਅਤੇ ਨਾਲ ਹੀ ਹੇਠਲੇ ਇਲਾਕਿਆਂ ਵਿੱਚ ਮੀਂਹ ਤੇ ਪਾਣੀ ਦੇ ਵਹਾਅ ਦੇ ਡੇਟਾ ਦੀ ਪਛਾਣ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਸ ਯੋਜਨਾ ਵਿੱਚ ਹੜ੍ਹਾਂ ਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਮਹੱਤਵਪੂਰਨ ਪਹਿਲੂਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ 'ਤੇ ਵੀ ਜ਼ੋਰ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਯੋਜਨਾ ਤਹਿਤ ਹੜ੍ਹ ਮਾਡਲਿੰਗ ਅਤੇ ਮੈਪਿੰਗ, ਫਲੱਡ ਪਲੇਨ ਜ਼ੋਨਿੰਗ ਅਤੇ ਜਨਤਕ ਭਾਗੀਦਾਰੀ ਲਈ ਖੋਜ ਅਤੇ ਅਧਿਐਨ ਕੀਤੇ ਜਾਣਗੇ ਅਤੇ ਨਾਲ ਹੀ ਬਾਂਸ ਦੇ ਪੌਦੇ ਲਗਾਉਣ, ਵੈਟੀਵਰ ਘਾਹ, ਸਰੋਤ ਨਿਯੰਤਰਣ, ਚੈੱਕ ਡੈਮ ਅਤੇ ਬੰਨ੍ਹ ਨਿਰਮਾਣ ਵਰਗੇ ਕੰਮ ਵੀ ਪ੍ਰਸਤਾਵਿਤ ਕੀਤੇ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਯੋਜਨਾ ਦਾ ਉਦੇਸ਼ ਘੱਗਰ ਦੇ ਹੜ੍ਹ ਦੇ ਪਾਣੀ ਨੂੰ ਸਟੋਰ ਕਰਨ ਅਤੇ ਘੱਗਰ ਵਿੱਚ ਉਨ੍ਹਾਂ ਚੋਕ ਪੁਆਇੰਟਾਂ/ਡਰੇਨ ਪੁਆਇੰਟਾਂ, ਜਿੱਥੋਂ ਪਾਣੀ ਦਾ ਵਹਾਅ ਜ਼ਿਆਦਾ ਆਉਂਦਾ ਹੈ, ਦੀ ਪਛਾਣ ਕਰ ਕੇ ਚੈੱਕ ਡੈਮ ਬਣਾ ਕੇ ਇਸ ਪਾਣੀ ਨੂੰ ਖੇਤੀਬਾੜੀ ਲਈ ਵਰਤਣਾ ਹੈ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਚੈੱਕ ਡੈਮਾਂ ਤੋਂ ਪਾਣੀ ਨੂੰ ਉਨ੍ਹਾਂ ਬਲਾਕਾਂ, ਜਿਨ੍ਹਾਂ ਵਿੱਚੋਂ ਘੱਗਰ ਲੰਘਦਾ ਹੈ, ਦੇ ਮੌਜੂਦਾ ਛੱਪੜਾਂ ਵਿੱਚ ਪਾਉਣਾ ਹੈ ਜਾਂ ਨਵੇਂ ਛੱਪੜ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਪਾਣੀ ਨੂੰ ਟਾਈਫਾ ਦੇ ਪੌਦੇ ਲਗਾ ਕੇ ਅਤੇ ਨੈਨੋ ਬਬਲ ਤਕਨੀਕ ਰਾਹੀਂ ਸਾਫ਼ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਫ਼ ਕੀਤੇ ਪਾਣੀ ਨੂੰ ਲਿਫ਼ਟ ਸਿੰਜਾਈ ਪ੍ਰਣਾਲੀ ਰਾਹੀਂ ਖ਼ੇਤਾਂ ਵਿੱਚ ਲਿਜਾਇਆ ਜਾਵੇਗਾ, ਜਿਸ ਲਈ ਸੂਰਜੀ ਊਰਜਾ ਆਧਾਰਤ ਪੰਪਾਂ ਤੇ ਜ਼ਮੀਨਦੋਜ਼ ਪਾਈਪ ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਯੋਜਨਾ ਕੰਪਨੀਜ਼ ਐਕਟ, 2013 ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ.) ਤਹਿਤ ਪਾਣੀ ਪ੍ਰਬੰਧਨ ਵਿੱਚ ਪ੍ਰਾਈਵੇਟ ਖੇਤਰ ਦੀ ਭਾਗੀਦਾਰੀ ਦੀ ਉਮੀਦ ਕਰਦੀ ਹੈ ਤਾਂ ਜੋ ਸਰਕਾਰ ਦੇ ਵਿੱਤੀ ਬੋਝ ਨੂੰ ਘਟਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਥਾਪਨਾ, ਪਾਣੀ ਸੰਭਾਲ ਢਾਂਚੇ ਅਤੇ ਮਾਈਕਰੋ ਸਿੰਜਾਈ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਲਈ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਯੋਜਨਾ ਦਾ ਉਦੇਸ਼ ਮੁੱਢਲੀ ਸਿੱਖਿਆ ਅਤੇ ਨੌਜਵਾਨਾਂ ਦੀ ਸ਼ਮੂਲੀਅਤ, ਕਿਸਾਨਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਉਦਯੋਗਾਂ, ਸਿਖਲਾਈ ਪ੍ਰੋਗਰਾਮਾਂ, ਮੀਡੀਆ, ਇੰਟਰਨੈੱਟ ਤੇ ਸੋਸ਼ਲ ਮੀਡੀਆ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਨੂੰ ਸ਼ਾਮਲ ਕਰ ਕੇ ਜਲ ਸਰੋਤਾਂ ਦੀ ਮਹੱਤਤਾ ਬਾਰੇ ਵੱਖ-ਵੱਖ ਸਿੱਖਿਆ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਪਾਣੀ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪਾਣੀ ਦੀ ਘੱਟ ਮੰਗ ਵਾਲੇ ਸਮੇਂ ਵਿੱਚ ਨਹਿਰੀ ਟੇਲਾਂ ਉੱਤੇ ਧਰਤੀ ਹੇਠ ਪਾਣੀ ਜੀਰਣ ਲਈ ਬੁਨਿਆਦੀ ਢਾਂਚਾ ਵਿਸ਼ੇਸ਼ ਤੌਰ ਉੱਤੇ ਡਿਸਟ੍ਰੀਬਿਊਟਰੀ/ਮਾਈਨਰ/ਸਬ-ਮਾਈਨਰ ਬਣਾਉਣ ਨੂੰ ਵੀ ਲਾਜ਼ਮੀ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਝੋਨੇ (ਪਰਮਲ) ਅਤੇ ਪਾਣੀ ਦੀ ਵੱਧ ਖਪਤ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਵਾਲੇ ਰਕਬੇ ਨੂੰ ਖੇਤੀ ਵਿਭਿੰਨਤਾ ਤਹਿਤ ਮੱਕੀ, ਕਪਾਹ, ਬਾਸਮਤੀ ਅਤੇ ਹੋਰ ਸੰਭਾਵੀ ਫਸਲਾਂ ਅਧੀਨ ਲਿਆਉਣਾ ਵੀ ਯੋਜਨਾ ਦਾ ਹਿੱਸਾ ਹੈ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਵਿੱਚ ਖੇਤੀਬਾੜੀ ਵਰਤੋਂ ਲਈ ਧਰਤੀ ਹੇਠਲੇ ਪਾਣੀ ਦੀ ਮੰਗ ਘਟਾਉਣ ਉੱਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਲਈ ਪਾਣੀ ਦੀ ਹਰੇਕ ਬੂੰਦ ਕੀਮਤੀ ਹੈ ਅਤੇ ਪੰਜਾਬ ਸਰਕਾਰ ਪਾਣੀ ਬਚਾਉਣ ਲਈ ਹਰੇਕ ਹਰਬਾ ਵਰਤੇਗੀ।

ਇਸ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਦੀਪ ਸਿੰਘ ਮੁੰਡੀਆਂ ਅਤੇ ਤਰੁਨਪ੍ਰੀਤ ਸਿੰਘ ਸੌਂਦ ਵੀ ਹਾਜ਼ਰ ਸਨ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

## ਮੋਦੀ ਨੇ ਵੰਦੇ ਭਾਰਤ ਐਕਸਪ੍ਰੈਸ ਨੂੰ

ਜਦਕਿ ਪਾਟਲੀਪੁੱਤਰ ਸੰਸਦ ਮੈਂਬਰ ਮੀਸਾ ਭਾਰਤੀ ਸਮਾਗਮ ਵਿੱਚ ਨਹੀਂ ਦਿਖਾਈ ਦਿੱਤੀ। ਰਵੀ ਸ਼ੰਕਰ ਪ੍ਰਸਾਦ ਨੇ ਪੱਤਰਕਾਰਾਂ ਨੂੰ ਦੱਸਿਆ, 'ਬਿਹਾਰ ਦਾ ਵਿਕਾਸ ਪ੍ਰਧਾਨ ਮੰਤਰੀ ਦੇ ਦਿਲ ਵਿੱਚ ਹੈ। ਜਦੋਂ ਵੀ ਉਹ ਬਿਹਾਰ ਆਉਂਦੇ ਹਨ, ਇੱਥੇ ਹਜ਼ਾਰਾਂ ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਹਕੀਕਤ ਬਣ ਜਾਂਦੇ ਹਨ। ਅਸੀਂ ਇੱਥੇ ਵੰਦੇ ਭਾਰਤ ਟ੍ਰੇਨ ਨੂੰ ਹਰੀ ਝੰਡੀ ਦਿਖਾਉਣ ਲਈ ਆਏ ਹਾਂ। ਪ੍ਰਧਾਨ ਮੰਤਰੀ ਨੂੰ ਬਿਹਾਰ ਰਾਜ ਬਹੁਤ ਪਸੰਦ ਹੈ ਅਤੇ ਉਹ ਇਸ ਦੇ ਵਿਕਾਸ ਬਾਰੇ ਚਿੰਤਤ ਹਨ।

ਇਹ ਦੇਸ਼ ਵਿੱਚ ਵੰਦੇ ਭਾਰਤ ਐਕਸਪ੍ਰੈਸ ਲੜੀ ਦੀ 71ਵੀਂ ਜੋੜੀ ਰੇਲ ਸੇਵਾ ਹੈ। ਇਹ ਟ੍ਰੇਨ ਸੱਤ ਘੰਟਿਆਂ ਵਿੱਚ 384 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ। ਰਸਤੇ ਵਿੱਚ, ਇਹ ਉੱਤਰ ਪ੍ਰਦੇਸ਼ ਦੇ ਗੋਰਖਪੁਰ, ਕਪਤਾਨਗੰਜ, ਪਾਨੀਯਹਾਵਾ ਅਤੇ ਬਿਹਾਰ ਦੇ ਬਗਾਹਾ, ਨਰਕਟੀਆਗੰਜ, ਬੇਤੀਆ, ਸਗੌਲੀ, ਬਾਪੂਧਾਮ ਮੋਤੀਹਾਰੀ, ਮੁਜ਼ੱਫਰਪੁਰ, ਹਾਜੀਪੁਰ, ਪਾਟਲੀਪੁੱਤਰ ਸਟੇਸ਼ਨ 'ਤੇ ਰੁਕੇਗੀ। ਇਸ ਟ੍ਰੇਨ ਰਾਹੀਂ, ਸੈਲਾਨੀ ਚੰਪਾਰਣ, ਵੈਸ਼ਾਲੀ ਅਤੇ ਕੁਸ਼ੀਨਗਰ ਵਰਗੇ ਸਥਾਨਾਂ 'ਤੇ ਵੀ ਆਸਾਨੀ ਨਾਲ ਪਹੁੰਚ ਸਕਣਗੇ, ਜਿਸ ਨਾਲ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਟ੍ਰੇਨ 26502 ਗੋਰਖਪੁਰ ਤੋਂ ਸਵੇਰੇ 5:40 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 12:45 ਵਜੇ ਪਾਟਲੀਪੁੱਤਰ ਸਟੇਸ਼ਨ 'ਤੇ ਪਹੁੰਚੇਗੀ ਅਤੇ ਵਾਪਸੀ 'ਤੇ, ਇਹ ਪਾਟਲੀਪੁੱਤਰ ਤੋਂ ਦੁਪਹਿਰ 3:30 ਵਜੇ ਰਵਾਨਾ ਹੋਵੇਗੀ ਅਤੇ ਰਾਤ 10:30 ਵਜੇ ਗੋਰਖਪੁਰ ਪਹੁੰਚੇਗੀ। ਵੰਦੇ ਭਾਰਤ ਐਕਸਪ੍ਰੈਸ ਵਿੱਚ ਇਸ ਸੇਵਾ ਲਈ ਇੱਕ ਟ੍ਰੇਨ ਸੈੱਟ ਲਗਾਇਆ ਗਿਆ ਹੈ। ਇਹ ਹਫ਼ਤੇ ਵਿੱਚ 6 ਦਿਨ ਚੱਲੇਗੀ ਅਤੇ ਇਹ ਸੇਵਾ ਸ਼ਨੀਵਾਰ ਨੂੰ ਰੱਖ-ਰਖਾਅ ਲਈ ਉਪਲੱਬਧ ਨਹੀਂ ਹੋਵੇਗੀ।

8 ਡੱਬਿਆਂ ਵਾਲੀ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਦੇ ਸਾਰੇ ਡੱਬੇ ਏਅਰ-ਕੰਡੀਸ਼ਨਡ ਹਨ। ਇਸ ਟ੍ਰੇਨ ਦੇ ਦਰਵਾਜ਼ੇ ਆਟੋਮੈਟਿਕ ਹਨ। ਯਾਤਰੀਆਂ ਨੂੰ ਸਾਫ਼ ਬਾਇਓ-ਟਾਇਲਟ ਦੀ ਸਹੂਲਤ ਮਿਲੇਗੀ। ਟ੍ਰੇਨ ਵਿੱਚ ਇੱਕ ਜੀ.ਪੀ.ਐਸ.-ਅਧਾਰਤ ਜਾਣਕਾਰੀ ਸਕ੍ਰੀਨ ਵੀ ਹੈ। ਯਾਤਰੀਆਂ ਨੂੰ ਸਵਾਰੀ ਵਿੱਚ ਭੋਜਨ ਅਤੇ ਪਾਣੀ ਮਿਲੇਗਾ। ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਟ੍ਰੇਨ ਵਿੱਚ ਸੀਸੀਟੀਵੀ ਕੈਮਰੇ ਵੀ ਲਗਾਏ ਗਏ ਹਨ। ਅਤਿ-ਆਧੁਨਿਕ ਟ੍ਰੇਨ ਸੈੱਟ ਦੀ ਸਵਾਰੀ ਬਹੁਤ ਆਰਾਮਦਾਇਕ ਹੋਵੇਗੀ।

ਇਸ ਟਰੇਨ 'ਚ ਯਾਤਰਾ ਦੌਰਾਨ ਕੋਈ ਝਟਕਾ ਵੀ ਨਹੀਂ ਲੱਗੇਗਾ। ਟ੍ਰੇਨ ਕੁਝ ਸਕਿੰਟਾਂ ਵਿੱਚ ਹੀ ਰਫ਼ਤਾਰ ਫੜ ਲੈਂਦੀ ਹੈ ਅਤੇ ਬਹੁਤ ਘੱਟ ਸਮੇਂ ਵਿੱਚ ਰੁਕ ਜਾਂਦੀ ਹੈ। ਇਸ ਕਾਰਨ ਇਸ ਦੀ ਔਸਤ ਗਤੀ ਵੱਧ ਰਹਿੰਦੀ ਹੈ ਅਤੇ ਯਾਤਰਾ ਦਾ ਸਮਾਂ ਕਾਫ਼ੀ ਘੱਟ ਜਾਂਦਾ ਹੈ। ਹੁਣ ਉੱਤਰ ਪ੍ਰਦੇਸ਼ ਵਿੱਚ 15 ਵੰਦੇ ਭਾਰਤ ਐਕਸਪ੍ਰੈਸ ਟ੍ਰੇਨਾਂ ਚੱਲ ਰਹੀਆਂ ਹਨ, ਜਦਕਿ ਬਿਹਾਰ ਵਿੱਚ 13 ਹਨ।

ਹੁਣ ਤੱਕ, ਪੂਰੇ ਦੇਸ਼ ਵਿੱਚ ਕੁੱਲ 70 ਵੰਦੇ ਭਾਰਤ ਟ੍ਰੇਨਾਂ ਚੱਲ ਰਹੀਆਂ ਹਨ। ਦੇਸ਼ ਲੋਕਾਂ ਨੂੰ ਤੇਜ਼, ਸੁਰੱਖਿਅਤ ਅਤੇ ਆਧੁਨਿਕ ਰੇਲ ਯਾਤਰਾ ਪ੍ਰਦਾਨ ਕਰ ਰਿਹਾ ਹੈ। ਦੇਸ਼ ਦੇ 24 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 330 ਜ਼ਿਲ੍ਹਿਆਂ ਨੂੰ ਵੰਦੇ ਭਾਰਤ ਐਕਸਪ੍ਰੈਸ ਰੇਲ ਕਨੈਕਟੀਵਿਟੀ ਮਿਲ ਗਈ ਹੈ। ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ ਦਾ ਸਲੀਪਰ ਵਰਜਨ ਵੀ ਤਿਆਰ ਹੈ ਅਤੇ ਬਹੁਤ ਜਲਦੀ ਇਹ ਪਟੜੀਆਂ 'ਤੇ ਯਾਤਰੀਆਂ ਨੂੰ ਸੇਵਾ ਪ੍ਰਦਾਨ ਕਰੇਗਾ।

## 'ਮੈਂ ਭਗਵਾਨ ਜਗਨਨਾਥ ਦੀ ਧਰਤੀ

ਮੈਨੂੰ ਫ਼ੋਨ ਕਰਕੇ ਅਮਰੀਕਾ ਆਉਣ ਦਾ ਸੱਦਾ ਦਿੱਤਾ। ਇਸ ਦੌਰਾਨ ਮੈਂ ਅਮਰੀਕੀ ਰਾਸ਼ਟਰਪਤੀ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸੱਦੇ ਲਈ ਤੁਹਾਡਾ ਧੰਨਵਾਦ, ਪਰ ਮੇਰੇ ਲਈ ਪ੍ਰਭੂ ਦੀ ਧਰਤੀ 'ਤੇ ਜਾਣਾ ਮਹੱਤਵਪੂਰਨ ਹੈ। ਇਸ ਲਈ ਮੈਂ ਨਿਮਰਤਾ ਨਾਲ ਉਨ੍ਹਾਂ ਦੇ ਸੱਦੇ ਨੂੰ ਠੁਕਰਾ ਦਿੱਤਾ। ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਓਡੀਸ਼ਾ ਦੀ ਆਪਣੀ ਯਾਤਰਾ ਦੌਰਾਨ 18,600 ਕਰੋੜ ਰੁਪਏ ਤੋਂ ਵੱਧ ਦੇ 105 ਵਿਕਾਸ ਪ੍ਰਾਜੈਕਟਾਂ ਦਾ ਸ਼ੁਰੂਆਤ ਕੀਤੀ। ਨਾਲ ਹੀ ਉਹਨਾਂ ਨੇ 'ਓਡੀਸ਼ਾ ਵਿਜ਼ਨ ਦਸਤਾਵੇਜ਼' ਦਾ ਉਦਘਾਟਨ ਕੀਤਾ ਅਤੇ ਇੱਕ ਨਵੀਂ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਉਨ੍ਹਾਂ ਨੇ 'ਲਖਪਤੀ ਦੀਦੀ' ਸਮੇਤ ਕਈ ਲੋਕਾਂ ਨੂੰ ਸਨਮਾਨਿਤ ਵੀ ਕੀਤਾ। ਜੂਨ 2024 ਵਿੱਚ ਰਾਜ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸਰਕਾਰ ਦੇ ਗਠਨ ਤੋਂ ਬਾਅਦ ਛੇਵੀਂ ਵਾਰ ਓਡੀਸ਼ਾ ਦਾ ਦੌਰਾ ਕਰਨ ਵਾਲੇ ਮੋਦੀ ਨੇ ਸਰਕਾਰ ਦੇ ਇੱਕ ਸਾਲ ਪੂਰੇ ਹੋਣ ਦੇ ਮੌਕੇ 'ਤੇ ਜਨਤਾ ਮੈਦਾਨ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੇ ਗਏ ਪ੍ਰਾਜੈਕਟਾਂ ਵਿੱਚ ਪੀਣ ਵਾਲਾ ਪਾਣੀ ਅਤੇ ਸਿੰਚਾਈ, ਸਿਹਤ ਬੁਨਿਆਦੀ ਢਾਂਚਾ, ਪੇਂਡੂ ਸੜਕਾਂ ਅਤੇ ਪੁਲ, ਰਾਸ਼ਟਰੀ ਰਾਜਮਾਰਗ ਅਤੇ ਰੇਲਵੇ ਬੁਨਿਆਦੀ ਢਾਂਚਾ ਸ਼ਾਮਲ ਹਨ। ਮੋਦੀ ਨੇ ਵਾਤਾਵਰਣ-ਅਨੁਕੂਲ ਸ਼ਹਿਰੀ ਆਵਾਜਾਈ ਨੂੰ ਉਤਸ਼ਾਹਿਤ ਕਰਨ ਲਈ ਕੈਪੀਟਲ ਰੀਜਨ ਅਰਬਨ ਟ੍ਰਾਂਸਪੋਰਟ ਪ੍ਰਣਾਲੀ ਦੇ ਤਹਿਤ 100 ਇਲੈਕਟ੍ਰਿਕ ਬੱਸਾਂ ਨੂੰ ਹਰੀ ਝੰਡੀ ਵੀ ਦਿਖਾਈ। ਵਿਜ਼ਨ ਦਸਤਾਵੇਜ਼ ਦਾ ਉਦੇਸ਼ 2036 ਤੱਕ ਓਡੀਸ਼ਾ ਨੂੰ 500 ਬਿਲੀਅਨ ਡਾਲਰ ਦੀ ਅਰਥਵਿਵਸਥਾ ਅਤੇ 2047 ਤੱਕ 1.5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਵਿੱਚ ਬਦਲਣਾ ਹੈ। ਪ੍ਰਧਾਨ ਮੰਤਰੀ ਨੇ 'ਬਾਰਾਪੁੱਤਰ ਇਤਿਹਾਸਕ ਪਿੰਡ ਯੋਜਨਾ' ਵੀ ਸ਼ੁਰੂ ਕੀਤੀ, ਜੋ ਉੜੀਆ ਕਥਾਵਾਂ ਦੇ ਜਨਮ ਸਥਾਨਾਂ ਨੂੰ ਯਾਦਗਾਰਾਂ ਵਿੱਚ ਬਦਲਣ ਦੀ ਇੱਕ ਪਹਿਲ ਹੈ। ਇਹ ਸੱਭਿਆਚਾਰਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰੇਗਾ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖੇਗਾ। ਮੋਦੀ ਨੇ ਰਾਜ ਭਰ ਦੀਆਂ ਕੁਝ ਸਫਲ ਔਰਤਾਂ ਨੂੰ ਸਨਮਾਨਿਤ ਵੀ ਕੀਤਾ, ਜਿਨ੍ਹਾਂ ਵਿੱਚ ਕੁਝ ਲਖਪਤੀ ਦੀਦੀਆਂ ਵੀ ਸ਼ਾਮਲ ਹਨ। 'ਲਖਪਤੀ ਦੀਦੀ' ਪੇਂਡੂ ਵਿਕਾਸ ਮੰਤਰਾਲੇ ਦੀ ਇੱਕ ਪਹਿਲ ਹੈ, ਜੋ ਸਵੈ-ਸਹਾਇਤਾ ਸਮੂਹਾਂ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ 'ਤੇ ਕੇਂਦ੍ਰਿਤ ਹੈ। ਇਸਦਾ ਉਦੇਸ਼ ਟਿਕਾਊ ਰੋਜ਼ੀ-ਰੋਟੀ ਦੇ ਅਭਿਆਸਾਂ ਨੂੰ ਅਪਣਾ ਕੇ ਇੱਕ ਲੱਖ ਰੁਪਏ ਤੋਂ ਵੱਧ ਦੀ ਸਾਲਾਨਾ ਘਰੇਲੂ ਆਮਦਨ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੀ ਮੱਦਦ ਕਰਨਾ ਹੈ। ਦੇਸ਼ ਵਿੱਚ 16.60 ਲੱਖ 'ਲਖਪਤੀ ਦੀਦੀਆਂ' ਬਣਾਉਣ ਵਿੱਚ ਰਾਜ ਸੂਚੀ ਵਿੱਚ ਸਿਖਰ 'ਤੇ ਹੈ।

## ਹੁਣ ਪੰਜਾਬ ਵਿੱਚ ਸੋਸ਼ਲ ਮੀਡੀਆ 'ਤੇ

ਕਾਰਵਾਈ ਕੀਤੀ ਜਾਵੇ। ਅਪਲੋਡ ਕੰਟੈਂਟ ਨੂੰ ਦੇਖ ਕੇ ਕੰਟੈਂਟ ਤਿਆਰ ਕਰਨ ਅਤੇ ਸੋਸ਼ਲ ਮੀਡੀਆ ਤੇ ਅਪਲੋਡ ਕਰਨ ਵਾਲੇ ਵਿਅਕਤੀਆਂ ਵਿਰੁੱਧ ਬੀਐਨਐਸ 2023 ਆਈਟੀ ਐਕਟ, 2000 ਅਤੇ ਪੋਕਸੋ ਐਕਟ, 2012 ਦੀਆਂ ਬਣਦੀਆਂ ਧਰਾਵਾਂ ਤਹਿਤ ਮਾਮਲੇ ਦਰਜ ਕੀਤੇ ਜਾਣ।

ਕਮਿਸ਼ਨ ਨੇ ਉਕਤ ਹਦਾਇਤ ਦੇ ਮੱਦੇਨਜ਼ਰ ਕੀਤੀ ਗਈ ਕਾਰਵਾਈ ਬਾਰੇ 15 ਦਿਨਾਂ ਦੇ ਅੰਦਰ-2 ਕਮਿਸ਼ਨ ਨੂੰ ਲਿਖਤੀ ਤੌਰ 'ਤੇ ਜਾਣੂ ਕਰਵਾਉਣ ਲਈ ਵੀ ਕਿਹਾ ਹੈ।

## ਇੱਕ ਮਹੀਨੇ 'ਚ 5000 ਫੇਸਬੁੱਕ ਖਾਤੇ

ਕੋਲੰਬੀਆ ਤੋਂ, ਛੇ ਮਿਸਰ ਤੋਂ, 54 ਫ਼ਰਾਂਸ ਤੋਂ, ਚਾਰ ਜਰਮਨੀ ਤੋਂ, 16 ਇੰਡੋਨੇਸ਼ੀਆ ਤੋਂ, ਅੱਠ ਇਰਾਕ ਤੋਂ, ਤਿੰਨ ਇਟਲੀ ਤੋਂ, 10 ਜੌਰਡਨ ਤੋਂ, 88 ਕੁਵੈਤ ਤੋਂ, ਇੱਕ ਲੀਬੀਆ ਤੋਂ, 35 ਖਾਤੇ ਅਫਗਾਨਿਸਤਾਨ ਤੋਂ, ਚਾਰ ਅਲਬਾਨੀਆ ਤੋਂ, ਦੋ ਆਸਟ੍ਰੇਲੀਆ ਤੋਂ ਹਨ। ਸੋਸ਼ਲ ਮੀਡੀਆ ਖਾਤਿਆਂ ਦੇ ਉਪਭੋਗਤਾ ਇੱਕ ਖਾਸ ਭਾਈਚਾਰੇ ਤੋਂ ਹਨ। ਇਹ ਲੋਕ ਬਹੁਤ ਕੱਟੜ ਇਸਲਾਮੀ ਕੱਟੜਪੰਥੀ ਹਨ। ਇਹ ਲੋਕ ਰਾਹੁਲ ਗਾਂਧੀ ਜਾਂ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਫਾਲੋ ਨਹੀਂ ਕਰਦੇ। ਉਹ ਸਿਰਫ਼ ਅਸਾਮ ਅਤੇ ਇੱਕ ਰਾਜਨੀਤਿਕ ਨੇਤਾ ਦੀ ਗਤੀਵਿਧੀ ਅਤੇ ਅਸਾਮ ਕਾਂਗਰਸ ਦੀ ਗਤੀਵਿਧੀ ਨਾਲ ਸਬੰਧਤ ਪੰਨਿਆਂ ਨੂੰ ਪਸੰਦ ਕਰਦੇ ਹਨ।

## ਦੇਸ਼ 'ਚ ਕੋਰੋਨਾ ਨਾਲ ਹੁਣ ਤੱਕ

ਮਾਮਲਿਆਂ ਦੀ ਕੁੱਲ ਗਿਣਤੀ ਘੱਟ ਕੇ 389 ਰਹਿ ਗਈ ਅਤੇ ਗੁਜਰਾਤ 'ਚ 134 ਮਾਮਲੇ ਘਟਣ ਨਾਲ ਗਿਣਤੀ ਘੱਟ ਕੇ 912 ਰਹਿ ਗਈ। ਪੱਛਮੀ ਬੰਗਾਲ 'ਚ ਕੋਰੋਨਾ ਦੇ ਸਰਗਰਮ ਮਾਮਲੇ 747 ਹਨ। ਕਰਨਾਟਕ 'ਚ 68 ਮਾਮਲੇ ਘਟਣ ਨਾਲ ਕੁੱਲ ਸਰਗਰਮ ਮਾਮਲੇ 398 ਰਹਿ ਗਏ। ਤਾਮਿਲਨਾਡੂ 'ਚ 176, ਉੱਤਰ ਪ੍ਰਦੇਸ਼ 'ਚ 259, ਰਾਜਸਥਾਨ 'ਚ 245, ਹਰਿਆਣਾ 'ਚ 104, ਮੱਧ ਪ੍ਰਦੇਸ਼ 'ਚ 119, ਆਂਧਰਾ ਪ੍ਰਦੇਸ਼ 'ਚ 44, ਓਡੀਸ਼ਾ 'ਚ 52, ਛੱਤੀਸਗੜ੍ਹ 'ਚ 55, ਬਿਹਾਰ 'ਚ 32, ਸਿੱਕਮ 'ਚ 50, ਪੰਜਾਬ 'ਚ 54, ਝਾਰਖੰਡ 'ਚ 20, ਆਸਾਮ 'ਚ 32, ਮਣੀਪੁਰ 'ਚ 51, ਜੰਮੂ ਕਸ਼ਮੀਰ 'ਚ 19, ਤੇਲੰਗਾਨਾ 'ਚ 9, ਲੱਦਾਖ 'ਚ 3, ਉੱਤਰਾਖੰਡ 'ਚ 8, ਤ੍ਰਿਪੁਰਾ ਅਤੇ ਚੰਡੀਗੜ੍ਹ 'ਚ 2-2 ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ 'ਚ 1-1 ਸਰਗਰਮ ਮਾਮਲੇ ਹਨ। ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ 'ਚ ਕੋਰੋਨਾ ਸੰਕਰਮਣ ਦਾ ਫਿਲਹਾਲ ਕੋਈ ਸਰਗਰਮ ਮਾਮਲਾ ਨਹੀਂ ਹੈ।

## ਸਿੰਧੂ ਜਲ ਸਮਝੌਤੇ ਦੇ ਪਾਣੀ ਦੀ ਵੰਡ ਸਮੇਂ

ਅੰਨ ਭੰਡਾਰ ਭਰਦਿਆਂ ਪੰਜਾਬ ਨੇ ਆਪਣੇ ਜ਼ਮੀਨ ਹੇਠਲੇ ਪਾਣੀ ਗੁਆ ਲਏ ਜੋ ਖ਼ਤਰਨਾਕ ਪੱਧਰ ਤੱਕ ਘੱਟ ਗਏ ਹਨ। ਉਹਨਾਂ ਕਿਹਾ ਕਿ ਦਰਿਆਵਾਂ ਵਿਚ ਪਾਣੀ ਦੀ ਮਾਤਰਾ ਵੀ ਕਾਫੀ ਘੱਟ ਗਈ ਹੈ।

ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਅਨਾਜ ਦੀ ਮੰਗ ਨੂੰ ਪੂਰਾ ਕਰਨ ਵਾਸਤੇ ਆਪਣੇ ਮੋਢਿਆਂ ਸਿਰ ਕਰਜ਼ੇ ਦੀ ਭਾਰੀ ਪੰਡ ਚੁੱਕੀ ਹੈ।

ਉਹਨਾਂ ਨੇ ਸਿੰਧੂ ਦਰਿਆਈ ਸਮਝੌਤਾ ਮੁਅੱਤਲ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਡਾ. ਚੀਮਾ ਨੇ ਕਿਹਾ ਕਿ ਇਸ ਫੈਸਲੇ ਨੇ ਕੇਂਦਰ ਸਰਕਾਰ ਨੂੰ ਇਤਿਹਾਸਕ ਮੌਕਾ ਦਿੱਤਾ ਹੈ ਕਿ ਉਹ ਉਸ ਵੇਲੇ ਇੰਦਰਾ ਗਾਂਧੀ ਵੱਲੋਂ ਪੰਜਾਬ ਨਾਲ ਕੀਤੇ ਅਨਿਆਂ ਨੂੰ ਦਰੁੱਸਤ ਕਰੇ ਅਤੇ ਇਸਨੂੰ ਸਿੰਧੂ ਜਲ ਸਮਝੌਤੇ ਦੇ ਪ੍ਰਾਜੈਕਟ ਤੋਂ ਵਾਧੂ ਪਾਣੀ ਮਿਲਣਾ ਚਾਹੀਦਾ ਹੈ।

ਡਾ. ਚੀਮਾ ਨੇ ਸ੍ਰੀ ਉਮਰ ਅਬਦੁੱਲਾ ਨੂੰ ਵੀ ਬੇਨਤੀ ਕੀਤੀ ਕਿ ਉਹ ਅਜਿਹੇ ਖ਼ਤਰਨਾਕ ਬਿਆਨ ਜਾਰੀ ਕਰਨ ਤੋਂ ਪਹਿਲਾਂ ਪੰਜਾਬ ਅਤੇ ਦੇਸ਼ ਦੇ ਹੋਰ ਰਾਜਾਂ ਦੇ ਕਿਸਾਨਾਂ ਦੀਆਂ ਲੋੜਾਂ ਦਾ ਵੀ ਖਿਆਲ ਰੱਖਣ। ਉਹਨਾਂ ਆਸ ਪ੍ਰਗਟ ਕੀਤੀ ਕਿ ਕੇਂਦਰ ਸਰਕਾਰ ਸ੍ਰੀ ਅਬਦੁੱਲਾ ਦੀ ਮੰਗ 'ਤੇ ਗੌਰ ਨਹੀਂ ਕਰੇਗੀ ਅਤੇ ਪੰਜਾਬ ਨਾਲ ਅਨਿਆਂ ਕਰੇਗੀ।

## ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਮਹਿਲਾ

ਇੱਕ ਸਾਂਝੀ ਟੀਮ ਨੂੰ ਨਕਸਲ ਵਿਰੋਧੀ ਕਾਰਵਾਈ ਲਈ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਅੱਜ ਸਵੇਰੇ ਜਦੋਂ ਸੁਰੱਖਿਆ ਬਲ ਅਮਾਟੋਲਾ-ਕਲਪਰ ਪਿੰਡ ਦੇ ਵਿਚਕਾਰ ਜੰਗਲ ਵਿੱਚ ਸਨ, ਤਾਂ ਉਨ੍ਹਾਂ ਅਤੇ ਨਕਸਲੀਆਂ ਵਿਚਕਾਰ ਮੁਕਾਬਲਾ ਹੋਇਆ। ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਬਲਾਂ ਨੇ ਮੁਕਾਬਲੇ ਵਿੱਚ ਇੱਕ ਮਹਿਲਾ ਨਕਸਲੀ ਨੂੰ ਮਾਰ ਦਿੱਤਾ ਹੈ। ਉਸ ਦੀ ਲਾਸ਼ ਅਤੇ ਹਥਿਆਰ ਮੌਕੇ ਤੋਂ ਬਰਾਮਦ ਕੀਤੇ ਗਏ ਹਨ। ਅਧਿਕਾਰੀ ਨੇ ਕਿਹਾ ਕਿ ਇਲਾਕੇ ਵਿੱਚ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਚੱਲ ਰਹੀ ਹੈ ਅਤੇ ਸੁਰੱਖਿਆ ਬਲ ਤਲਾਸ਼ੀ ਮੁਹਿੰਮ ਚਲਾ ਰਹੇ ਹਨ।

## ਏਅਰ ਇੰਡੀਆ ਦੇ ਜਹਾਜ਼ ਨਾਲ ਪੰਛੀ ਟਕਰਾਇਆ,

ਬਾਅਦ ਸਾਹਮਣੇ ਆਇਆ। ਏਅਰਲਾਈਨ ਨੇ ਇਹ ਵੀ ਕਿਹਾ ਕਿ ਉਹ ਫਸੇ ਯਾਤਰੀਆਂ ਲਈ ਰਿਹਾਇਸ਼ ਪ੍ਰਦਾਨ ਕਰਨ ਸਮੇਤ ਸਾਰੇ ਪ੍ਰਬੰਧ ਕਰ ਰਹੀ ਹੈ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਕੋਲ ਟਿਕਟਾਂ ਰੱਦ ਕਰਨ ਜਾਂ ਦੁਬਾਰਾ ਬੁੱਕ ਕਰਨ ਦਾ ਵਿਕਲਪ ਹੋਵੇਗਾ। ਜੇਕਰ ਕੋਈ ਯਾਤਰੀ ਹੁਣ ਯਾਤਰਾ ਨਹੀਂ ਕਰਨਾ ਚਾਹੁੰਦਾ ਹੈ, ਤਾਂ ਰਿਫੰਡ ਵੀ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ, ਯਾਤਰੀਆਂ ਨੂੰ ਦਿੱਲੀ ਲਿਜਾਣ ਲਈ ਵਿਕਲਪਿਕ ਪ੍ਰਬੰਧ ਕੀਤੇ ਜਾ ਰਹੇ ਹਨ। 12 ਜੂਨ ਨੂੰ, ਏਅਰ ਇੰਡੀਆ ਦਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਜਹਾਜ਼ ਵਿੱਚ 242 ਲੋਕ ਸਵਾਰ ਸਨ ਅਤੇ ਉਨ੍ਹਾਂ ਵਿੱਚੋਂ 241 ਦੀ ਮੌਤ ਹੋ ਗਈ। ਜਿਸ ਇਮਾਰਤ ਨਾਲ ਜਹਾਜ਼ ਟਕਰਾਇਆ ਸੀ, ਉਸ ਵਿੱਚ ਬਹੁਤ ਸਾਰੇ ਲੋਕ ਵੀ ਮੌਜੂਦ ਸਨ ਅਤੇ ਇਹ ਖਦਸ਼ਾ ਹੈ ਕਿ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ 300 ਤੋਂ ਪਾਰ ਹੋ ਸਕਦੀ ਹੈ। ਅਹਿਮਦਾਬਾਦ ਤੋਂ ਲੰਡਨ ਲਈ ਉਡਾਣ ਭਰਨ ਵਾਲੇ ਜਹਾਜ਼ ਦਾ ਉਡਾਣ ਭਰਨ ਤੋਂ ਕੁਝ ਸਕਿੰਟਾਂ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਹਾਦਸੇ ਦਾ ਕਾਰਨ ਅਜੇ ਸਾਹਮਣੇ ਨਹੀਂ ਆਇਆ ਹੈ। ਇਸ ਹਾਦਸੇ ਤੋਂ ਬਾਅਦ, ਏਅਰ ਇੰਡੀਆ ਨੇ ਆਪਣੇ ਸਾਰੇ ਜਹਾਜ਼ਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਕਾਰਨ ਸ਼ੁੱਕਰਵਾਰ (20 ਜੂਨ) ਨੂੰ ਏਅਰ ਇੰਡੀਆ ਦੀਆਂ ਅੱਠ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ।

## ਐਕਸਪ੍ਰੈਸ ਰੇਲ ਤੇ ਰੇਲਵੇ

ਟ੍ਰਾਲੀ ਦੇ ਟੁਕੜੇ-ਟੁਕੜੇ ਹੋ ਗਏ। ਚਸ਼ਮਦੀਦਾਂ ਨੇ ਦੱਸਿਆ ਕਿ ਟੱਕਰ ਬਹੁਤ ਹੀ ਭਿਆਨਕ ਸੀ। ਰੇਲਵੇ ਟਰੈਕ 'ਤੇ ਭਾਜੜਾਂ ਪੈ ਗਈਆਂ। ਜ਼ਖ਼ਮੀ ਰੇਲ ਕਰਮਚਾਰੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਏਡੀਆਰਐੱਮ ਮਨੋਜ ਕੁਮਾਰ ਸਿੰਘ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਰੇਲਵੇ ਨੇ ਉੱਚ ਪੱਧਰੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ।

## ਦੱਖਣ-ਪੱਛਮੀ ਮਾਨਸੂਨ ਬਿਹਾਰ,

ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਪੱਛਮੀ ਭਾਰਤ ਵਿੱਚ, 19 ਜੂਨ ਨੂੰ ਕੋਂਕਣ, ਮੱਧ ਮਹਾਰਾਸ਼ਟਰ ਦੇ ਘਾਟ ਖੇਤਰਾਂ, ਗੁਜਰਾਤ ਖੇਤਰ ਵਿੱਚ ਅਲੱਗ-ਅਲੱਗ ਥਾਵਾਂ 'ਤੇ ਬਹੁਤ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਉੱਤਰ-ਪੂਰਬੀ ਭਾਰਤ ਵਿੱਚ, ਅਗਲੇ 7 ਦਿਨਾਂ ਦੌਰਾਨ ਗਰਜ, ਬਿਜਲੀ ਅਤੇ ਕੁਝ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਦੇ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਜਾਰੀ ਰਹਿਣ ਦੀ ਸੰਭਾਵਨਾ ਹੈ। ਉੱਤਰ-ਪੱਛਮੀ ਭਾਰਤ ਵਿੱਚ, 19-25 ਜੂਨ ਦੌਰਾਨ ਉੱਤਰਾਖੰਡ, ਉੱਤਰ ਪ੍ਰਦੇਸ਼, ਪੂਰਬੀ ਰਾਜਸਥਾਨ ਵਿੱਚ, 22-25 ਜੂਨ ਨੂੰ ਜੰਮੂ ਕਸ਼ਮੀਰ-ਲਦਾਖ-ਗਿਲਗਿਤ-ਬਾਲਟਿਸਤਾਨ-ਮੁਜ਼ੱਫਰਾਬਾਦ ਵਿੱਚ, 21-25 ਜੂਨ ਨੂੰ ਹਿਮਾਚਲ ਪ੍ਰਦੇਸ਼, ਪੰਜਾਬ ਵਿੱਚ, 20-25 ਜੂਨ ਨੂੰ ਹਰਿਆਣਾ, ਚੰਡੀਗੜ੍ਹ ਵਿੱਚ, 19 ਜੂਨ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿੱਚ, 20-21 ਜੂਨ ਨੂੰ ਪੂਰਬੀ ਉੱਤਰ ਪ੍ਰਦੇਸ਼ ਵਿੱਚ, 19-23 ਜੂਨ ਨੂੰ ਪੂਰਬੀ ਰਾਜਸਥਾਨ ਵਿੱਚ, 22 ਜੂਨ ਨੂੰ ਉੱਤਰਾਖੰਡ ਵਿੱਚ, 22-25 ਜੂਨ ਨੂੰ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਦੱਖਣੀ ਪ੍ਰਾਇਦੀਪ ਭਾਰਤ ਵਿੱਚ, ਆਈ.ਐਮ.ਡੀ. ਨੇ 19 ਜੂਨ ਅਤੇ 22-25 ਜੂਨ ਦੌਰਾਨ ਕੇਰਲ ਅਤੇ ਮਾਹੇ ਵਿੱਚ, 19 ਜੂਨ ਨੂੰ ਤੱਟਵਰਤੀ ਕਰਨਾਟਕ ਵਿੱਚ ਅਤੇ 21-25 ਜੂਨ ਦੌਰਾਨ ਭਾਰੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਤਾਮਿਲਨਾਡੂ, ਤੱਟਵਰਤੀ ਆਂਧਰਾ ਪ੍ਰਦੇਸ਼ ਅਤੇ ਯਾਨਮ, ਰਾਇਲਸੀਮਾ ਦੇ ਵੱਖ-ਵੱਖ ਹਿੱਸਿਆਂ ਵਿੱਚ 19-21 ਜੂਨ ਦੌਰਾਨ ਗਰਮ ਅਤੇ ਨਮੀ ਵਾਲੇ ਹਾਲਾਤ ਰਹਿਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ, ਭੁਵਨੇਸ਼ਵਰ ਵਿੱਚ ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਨੇ ਓਡੀਸ਼ਾ ਵਿੱਚ ਭਾਰੀ ਮੀਂਹ ਦੀ ਰਿਪੋਰਟ ਦਿੱਤੀ, ਜਿਸ ਵਿੱਚ ਪਿਛਲੇ 24 ਘੰਟਿਆਂ ਵਿੱਚ ਅੱਠ ਤੋਂ ਨੌਂ ਥਾਵਾਂ 'ਤੇ ਭਾਰੀ ਮੀਂਹ ਦਰਜ ਕੀਤਾ ਗਿਆ। ਆਈ.ਐਮ.ਡੀ. ਭੁਵਨੇਸ਼ਵਰ ਦੀ ਡਾਇਰੈਕਟਰ ਮਨੋਰਮਾ ਮੋਹੰਤੀ ਨੇ ਕਿਹਾ,18 ਜੂਨ ਨੂੰ ਸਵੇਰੇ 8.30 ਵਜੇ ਤੱਕ ਗੰਗਾ ਪੱਛਮੀ ਬੰਗਾਲ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਇੱਕ ਚੰਗੀ ਤਰ੍ਹਾਂ ਨਿਸ਼ਾਨਬੱਧ ਘੱਟ ਦਬਾਅ ਵਾਲਾ ਖੇਤਰ ਬਣਿਆ ਹੈ, ਜਿਸ ਕਾਰਨ ਅਗਲੇ ਦੋ ਤੋਂ ਤਿੰਨ ਦਿਨਾਂ ਦੌਰਾਨ ਰਾਜ ਵਿੱਚ ਕਾਫ਼ੀ ਮੀਂਹ ਪੈਣ ਦੀ ਸੰਭਾਵਨਾ ਹੈ। ਪਿਛਲੇ 24 ਘੰਟਿਆਂ ਦੌਰਾਨ ਓਡੀਸ਼ਾ ਵਿੱਚ ਅੱਠ ਤੋਂ ਨੌਂ ਥਾਵਾਂ 'ਤੇ ਭਾਰੀ ਮੀਂਹ ਪਿਆ ਹੈ। ਗੰਗਾ ਪੱਛਮੀ ਬੰਗਾਲ ਉੱਤੇ ਇੱਕ ਚੰਗੀ ਤਰ੍ਹਾਂ ਨਿਸ਼ਾਨਬੱਧ ਘੱਟ ਦਬਾਅ ਵਾਲਾ ਖੇਤਰ ਬਣਿਆ ਹੈ, ਜਿਸ ਕਾਰਨ ਅਗਲੇ ਦੋ ਤੋਂ ਤਿੰਨ ਦਿਨਾਂ ਦੌਰਾਨ ਰਾਜ ਵਿੱਚ ਕਾਫ਼ੀ ਮੀਂਹ ਪੈਣ ਦੀ ਸੰਭਾਵਨਾ ਹੈ। ਮੋਹੰਤੀ ਨੇ ਕਿਹਾ,ਅਗਲੇ 24 ਘੰਟਿਆਂ ਦੌਰਾਨ ਰਾਜ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 19 ਤਰੀਕ ਨੂੰ ਸੁੰਦਰਗੜ੍ਹ, ਕਿਓਂਝਰ, ਝਾਰਸੁਗੁੜਾ ਅਤੇ ਸੰਬਲਪੁਰ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

## ਹਿਮਾਚਲ ਵਿੱਚ ਮੀਂਹ ਕਾਰਨ ਕਈ ਥਾਵਾਂ 'ਤੇ

ਸਵੇਰ ਤੋਂ ਹੀ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਦੇ ਅਨੁਸਾਰ, ਪੱਛਮੀ ਗੜਬੜੀ ਅੱਜ ਤੋਂ ਸਰਗਰਮ ਹੋ ਗਈ ਹੈ। ਇਸ ਕਾਰਨ ਅਗਲੇ ਪੰਜ ਦਿਨਾਂ ਤੱਕ ਪਹਾੜਾਂ ਵਿੱਚ ਮੀਂਹ ਪੈਂਦਾ ਰਹੇਗਾ। ਮੌਸਮ ਵਿਭਾਗ ਦੇ ਅਨੁਸਾਰ, ਅੱਜ ਵੀ ਜ਼ਿਆਦਾਤਰ ਹਿੱਸਿਆਂ ਵਿੱਚ ਹਲਕੀ ਬਾਰਿਸ਼ ਹੋਵੇਗੀ। ਬਿਲਾਸਪੁਰ, ਊਨਾ, ਹਮੀਰਪੁਰ, ਸ਼ਿਮਲਾ ਅਤੇ ਸਿਰਮੌਰ ਜ਼ਿਲ੍ਹਿਆਂ ਵਿੱਚ ਕੱਲ੍ਹ ਮੀਂਹ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। 22 ਅਤੇ 23 ਜੂਨ ਨੂੰ ਭਾਰੀ ਮੀਂਹ ਲਈ ਔਰੇਂਜ ਚੇਤਾਵਨੀ ਜਾਰੀ ਕੀਤੀ ਗਈ ਹੈ। ਇਹ ਚੇਤਾਵਨੀ ਊਨਾ, ਬਿਲਾਸਪੁਰ, ਹਮੀਰਪੁਰ, ਕਾਂਗੜਾ ਅਤੇ ਸਿਰਮੌਰ ਜ਼ਿਲ੍ਹਿਆਂ ਨੂੰ ਦਿੱਤੀ ਗਈ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਇੱਕ ਜਾਂ ਦੋ ਵਾਰ ਭਾਰੀ ਮੀਂਹ ਪੈ ਸਕਦਾ ਹੈ। ਸ਼ਿਮਲਾ, ਸੋਲਨ ਅਤੇ ਮੰਡੀ ਜ਼ਿਲ੍ਹਿਆਂ ਵਿੱਚ ਯੈਲੋ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਦੌਰਾਨ, ਦੱਖਣ-ਪੱਛਮੀ ਮਾਨਸੂਨ ਵੀ ਇੱਕ ਜਾਂ ਦੋ ਦਿਨਾਂ ਵਿੱਚ ਹਿਮਾਚਲ ਦੇ ਕੁਝ ਹਿੱਸਿਆਂ ਵਿੱਚ ਦਾਖ਼ਲ ਹੋ ਸਕਦਾ ਹੈ। ਹਿਮਾਚਲ ਵਿੱਚ, ਮਾਨਸੂਨ ਪਹਿਲਾਂ ਸਿਰਮੌਰ ਜ਼ਿਲ੍ਹੇ ਵਿੱਚ ਦਾਖ਼ਲ ਹੁੰਦਾ ਹੈ। ਇੱਥੋਂ ਇਹ ਹਮੀਰਪੁਰ, ਬਿਲਾਸਪੁਰ, ਕਾਂਗੜਾ, ਸੋਲਨ ਜ਼ਿਲ੍ਹਿਆਂ ਵਿੱਚ ਦਾਖ਼ਲ ਹੁੰਦਾ ਹੈ। ਮਾਨਸੂਨ ਚਾਰ ਤੋਂ ਪੰਜ ਦਿਨਾਂ ਵਿੱਚ ਪੂਰੇ ਰਾਜ ਨੂੰ ਕਵਰ ਕਰ ਲੈਂਦਾ ਹੈ। ਇਸ ਵਾਰ ਮਾਨਸੂਨ ਤਿੰਨ ਤੋਂ ਚਾਰ ਦਿਨ ਪਹਿਲਾਂ ਆ ਸਕਦਾ ਹੈ। ਹਿਮਾਚਲ ਵਿੱਚ ਮਾਨਸੂਨ ਦੇ ਦਾਖ਼ਲੇ ਦੀ ਮਿਤੀ 25 ਜੂਨ ਹੈ। ਮੌਸਮ ਵਿਭਾਗ ਅਨੁਸਾਰ ਅੱਜ ਤੋਂ ਅਗਲੇ ਚਾਰ-ਪੰਜ ਦਿਨਾਂ ਦੌਰਾਨ ਤਾਪਮਾਨ ਵੀ ਘਟਣਾ ਸ਼ੁਰੂ ਹੋ ਜਾਵੇਗਾ। ਕਈ ਸ਼ਹਿਰਾਂ ਦਾ ਤਾਪਮਾਨ 6 ਡਿਗਰੀ ਸੈਲਸੀਅਸ ਤੱਕ ਘੱਟ ਜਾਵੇਗਾ।

## ਈ.ਡੀ. ਵੱਲੋਂ 300 ਤੋਂ ਵੱਧ

ਦਿੱਲੀ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਦੁਆਰਾ 30 ਅਪ੍ਰੈਲ ਨੂੰ ਆਪ ਨੇਤਾਵਾਂ ਅਤੇ ਤਤਕਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੰਤਰੀ ਮੰਡਲ ਦੇ ਸਾਬਕਾ ਮੰਤਰੀਆਂ-ਮਨੀਸ਼ ਸਿਸੋਦੀਆ, ਸਤੇਂਦਰ ਜੈਨ ਅਤੇ ਹੋਰਾਂ ਵਿਰੁੱਧ ਦਰਜ ਕੀਤੀ ਗਈ ਐਫ.ਆਈ.ਆਰ. 'ਤੇ ਅਧਾਰਤ ਹੈ। ਸਿਸੋਦੀਆ (53) ਰਾਸ਼ਟਰੀ ਰਾਜਧਾਨੀ ਵਿੱਚ ਪਿਛਲੀ 'ਆਪ' ਸਰਕਾਰ ਵਿੱਚ ਵਿੱਤ ਅਤੇ ਸਿੱਖਿਆ ਮੰਤਰੀ ਸਨ। ਜੈਨ (60) ਲੋਕ ਨਿਰਮਾਣ ਵਿਭਾਗ ਅਤੇ ਕੁਝ ਹੋਰ ਵਿਭਾਗਾਂ ਦੇ ਇੰਚਾਰਜ ਸਨ। ਈਡੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਏਜੰਸੀ ਦੇ ਅਧਿਕਾਰੀਆਂ ਨੇ ਇੱਕ ਠੇਕੇਦਾਰ ਦੇ ਅਹਾਤੇ ਤੋਂ ਠੋਸ ਸਬੂਤ ਬਰਾਮਦ ਕੀਤੇ ਹਨ। ਬਿਆਨ ਦੇ ਅਨੁਸਾਰ ਜ਼ਬਤ ਕੀਤੀ ਗਈ ਸਮੱਗਰੀ ਵਿੱਚ ਦਿੱਲੀ ਸਰਕਾਰ ਨਾਲ ਸਬੰਧਤ ਅਸਲ ਫਾਈਲਾਂ, ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਦੇ ਅਧਿਕਾਰੀਆਂ ਦੇ ਨਾਮ ਅਤੇ ਅਹੁਦੇ ਵਾਲੀਆਂ ਰਬੜ ਦੀਆਂ ਮੋਹਰਾਂ ਸ਼ਾਮਲ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੂੰ 322 ਬੈਂਕ ਪਾਸਬੁੱਕਾਂ ਵੀ ਮਿਲੀਆਂ, ਜੋ ਮਜ਼ਦੂਰਾਂ ਦੇ ਨਾਮ 'ਤੇ ਖੋਲ੍ਹੇ ਗਏ ਖਾਤਿਆਂ ਨਾਲ ਸਬੰਧਤ ਸਨ ਅਤੇ ਗੈਰ-ਕਾਨੂੰਨੀ ਪੈਸੇ ਦੇ ਲੈਣ-ਦੇਣ ਲਈ ਵਰਤੀਆਂ ਜਾਂਦੀਆਂ ਸਨ। ਛਾਪੇਮਾਰੀ ਦੌਰਾਨ ਠੇਕੇਦਾਰਾਂ ਅਤੇ ਸ਼ੈੱਲ ਇਕਾਈਆਂ ਦੇ 'ਜਾਅਲੀ' ਲੈਟਰਹੈੱਡ ਵੀ ਜ਼ਬਤ ਕੀਤੇ ਗਏ ਸਨ, ਜਿਨ੍ਹਾਂ ਦੀ ਵਰਤੋਂ ਜਾਅਲੀ ਖਰੀਦ ਰਿਕਾਰਡ ਅਤੇ ਜਾਅਲੀ ਖਰੀਦ ਬਿੱਲ ਬਣਾਉਣ ਲਈ ਕੀਤੀ ਗਈ ਸੀ। ਈਡੀ ਨੇ ਕਿਹਾ ਕਿ ਇਹ ਮਾਮਲਾ 2015 ਅਤੇ 2023 ਦੇ ਵਿਚਕਾਰ ਪੀਡਬਲਯੂਡੀ ਦੁਆਰਾ 12,748 ਵਾਧੂ ਕਲਾਸਰੂਮਾਂ ਦੇ ਨਿਰਮਾਣ ਵਿੱਚ 2,000 ਕਰੋੜ ਰੁਪਏ ਤੋਂ ਵੱਧ ਦੇ ਵਿੱਤੀ ਗੈਰ-ਕਾਨੂੰਨੀ ਘਪਲੇ ਨਾਲ ਸਬੰਧਤ ਹੈ। ਏਜੰਸੀ ਨੇ ਕਿਹਾ ਕਿ 2,405 ਕਲਾਸਰੂਮਾਂ ਦੀ ਸ਼ੁਰੂਆਤੀ ਲੋੜ ਦੇ ਬਾਵਜੂਦ, ਪ੍ਰਾਜੈਕਟ ਦਾ ਦਾਇਰਾ 'ਮਨਮਾਨੇ ਢੰਗ ਨਾਲ' ਵਧਾ ਕੇ 7,180 ਕਲਾਸਰੂਮਾਂ ਅਤੇ ਬਾਅਦ ਵਿੱਚ, ਬਿਨਾਂ ਕਿਸੇ ਮਨਜ਼ੂਰੀ ਜਾਂ ਪ੍ਰਵਾਨਗੀ ਦੇ 12,748 ਕਮਰਿਆਂ ਤੱਕ ਕਰ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ ਲਾਗਤ ਵਿੱਚ ਭਾਰੀ ਵਾਧਾ ਹੋਇਆ। 'ਆਪ' ਨੇ 18 ਜੂਨ ਨੂੰ ਕਿਹਾ ਸੀ ਕਿ ਕਥਿਤ ਛਾਪੇਮਾਰੀ ਜਨਤਾ ਦਾ ਧਿਆਨ ਹਕੀਕਤ ਤੋਂ ਹਟਾਉਣ ਦੀ ਇੱਕ ਬੇਤੁਕੀ ਕੋਸ਼ਿਸ਼ ਸੀ। ਪਾਰਟੀ ਨੇ ਕਿਹਾ ਕਿ ਇਲਜ਼ਾਮ ਬੇਬੁਨਿਆਦ ਅਤੇ ਰਾਜਨੀਤੀ ਤੋਂ ਪ੍ਰੇਰਿਤ ਹਨ ਅਤੇ ਸਿਰਫ ਭਾਜਪਾ ਦੇ ਲੋਕ ਵਿਰੋਧੀ ਕੰਮਾਂ ਤੋਂ ਧਿਆਨ ਹਟਾਉਣ ਲਈ ਹਨ। ਏਸੀਬੀ ਨੇ ਇਸ ਮਾਮਲੇ ਵਿੱਚ ਸਿਸੋਦੀਆ ਅਤੇ ਜੈਨ ਤੋਂ ਪੁੱਛਗਿੱਛ ਕੀਤੀ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ ਵੱਲੋਂ ਮਾਮਲੇ ਵਿੱਚ ਕਥਿਤ ਖਾਮੀਆਂ ਦਾ ਪਰਦਾਫਾਸ਼ ਕਰਨ ਤੋਂ ਬਾਅਦ ਏ.ਸੀ.ਬੀ. ਨੇ ਐਫ.ਆਈ.ਆਰ. ਦਰਜ ਕੀਤੀ। ਕਪਿਲ ਮਿਸ਼ਰਾ, ਹਰੀਸ਼ ਖੁਰਾਨਾ ਅਤੇ ਨੀਲਕਾਂਤ ਬਖਸ਼ੀ ਸਮੇਤ ਕਈ ਭਾਰਤੀ ਜਨਤਾ ਪਾਰਟੀ (ਭਾਜਪਾ) ਆਗੂਆਂ ਨੇ 2019 ਵਿੱਚ ਏ.ਸੀ.ਬੀ. ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਦਿੱਲੀ ਦੇ ਸਕੂਲਾਂ ਵਿੱਚ ਕਲਾਸਰੂਮਾਂ ਦੀ ਉਸਾਰੀ ਵਿੱਚ ਗੰਭੀਰ ਵਿੱਤੀ ਬੇਨਿਯਮੀਆਂ ਹੋਈਆਂ ਹਨ। ਏਸੀਬੀ ਨੇ ਦੋਸ਼ ਲਗਾਇਆ ਕਿ ਇਸ ਪ੍ਰਾਜੈਕਟ 'ਤੇ ਕੁੱਲ 2,892 ਕਰੋੜ ਰੁਪਏ ਖਰਚ ਕੀਤੇ ਗਏ ਸਨ, ਜਿਸ ਨਾਲ ਪ੍ਰਤੀ ਕਲਾਸਰੂਮ 24.86 ਲੱਖ ਰੁਪਏ ਦੀ ਲਾਗਤ ਆਈ, ਜਦੋਂ ਕਿ ਮਿਆਰੀ ਨਿਯਮਾਂ ਦੇ ਤਹਿਤ ਅਨੁਮਾਨਿਤ ਲਾਗਤ ਪੰਜ ਲੱਖ ਰੁਪਏ ਸੀ।

## ਸਿਸੋਦੀਆ ਭ੍ਰਿਸ਼ਟਾਚਾਰ ਵਿਰੋਧੀ

'ਆਪ' ਆਗੂਆਂ ਸਿਸੋਦੀਆ ਅਤੇ ਸਤੇਂਦਰ ਜੈਨ ਨੂੰ ਤਲਬ ਕੀਤਾ ਸੀ। ਜੈਨ 6 ਜੂਨ ਨੂੰ ਏਜੰਸੀ ਦੇ ਸਾਹਮਣੇ ਪੇਸ਼ ਹੋਏ। ਇਹ ਸੰਮਨ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ 12,000 ਤੋਂ ਵੱਧ ਕਲਾਸਰੂਮਾਂ ਜਾਂ ਅਰਧ-ਸਥਾਈ ਢਾਂਚੇ ਦੇ ਨਿਰਮਾਣ ਵਿੱਚ 2,000 ਕਰੋੜ ਰੁਪਏ ਦੀ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਦੇ ਆਧਾਰ 'ਤੇ 30 ਅਪਰੈਲ ਨੂੰ ਏਸੀਬੀ ਦੁਆਰਾ ਐਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਸਾਹਮਣੇ ਆਏ ਹਨ।

## ਅਮਰੀਕੀ ਫ਼ੌਜ ਵੱਲੋਂ ਇਰਾਨ 'ਤੇ

ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਕੋਈ ਵੀ ਇਜ਼ਰਾਇਲੀ ਹਮਲੇ ਤੋਂ ਨਹੀਂ ਬੱਚ ਸਕਦਾ। ਉਨ੍ਹਾਂ ਇਸ਼ਾਰਾ ਕੀਤਾ ਕਿ ਅਗਲਾ ਨਿਸ਼ਾਨਾ ਇਰਾਨ ਦਾ ਸੁਪਰੀਮ ਆਗੂ ਅਯਾਤੁੱਲ੍ਹਾ ਖਮੇਨੀ ਹੋ ਸਕਦਾ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਟਰੰਪ 'ਅਮਰੀਕਾ ਲਈ ਸਭ ਤੋਂ ਵਧੀਆ ਹੀ ਕਰਨਗੇ।' ਬੀਰਸ਼ੇਬਾ ਦੇ ਸੋਰੋਕਾ ਮੈਡੀਕਲ ਸੈਂਟਰ ਨੇੜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੇਤਨਯਾਹੂ ਨੇ ਕਿਹਾ, "ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਉਹ ਪਹਿਲਾਂ (ਟਰੰਪ) ਹੀ ਬਹੁਤ ਮਦਦ ਕਰ ਰਹੇ ਹਨ।

# ਈ.ਟੀ.ਓ. ਵੱਲੋਂ ਅਧਿਕਾਰੀਆਂ ਨੂੰ ਸੜਕੀ ਬੁਨਿਆਦੀ ਢਾਂਚੇ ਦਾ ਅਧਿਐਨ ਕਰਨ ਲਈ ਵਿਦੇਸ਼ ਭੇਜਣ ਲਈ ਪ੍ਰਸਤਾਵ ਤਿਆਰ ਕਰਨ ਦੇ ਹੁਕਮ



ਚੰਡੀਗੜ੍ਹ, 20 ਜੂਨ, (ਚ.ਨ.ਸ.) : ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸੜਕੀ ਬੁਨਿਆਦੀ ਢਾਂਚੇ ਦਾ ਅਧਿਐਨ ਕਰਨ ਲਈ ਟੂਰ 'ਤੇ ਭੇਜਣ ਲਈ ਪ੍ਰਸਤਾਵ ਤਿਆਰ ਕਰਨ ਦਾ ਹੁਕਮ ਦਿੱਤਾ ਹੈ। ਉਹ ਅੱਜ ਇੱਥੇ ਪੰਜਾਬ ਰਾਜ ਰੋਡ ਐਂਡ ਬ੍ਰਿਜਸ ਡਿਵੈਲਪਮੈਂਟ ਬੋਰਡ (ਪੀ.ਆਰ.ਬੀ.ਡੀ.ਬੀ.) ਦੇ ਅਧਿਕਾਰੀਆਂ ਦੀ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਹਨਾਂ ਕਿਹਾ ਕਿ ਇਹਨਾਂ ਅਧਿਕਾਰੀਆਂ ਨੂੰ ਟਿਕਾਊ ਕਿਸਮ ਦੀਆਂ ਸੜਕਾਂ ਦੇ ਨਿਰਮਾਣ ਅਤੇ ਰੱਖ ਰਖਾਵ ਸਬੰਧੀ ਵਿੱਦਿਅਕ ਟੂਰ 'ਤੇ ਭੇਜਣ ਲਈ ਪ੍ਰਸਤਾਵ ਤਿਆਰ ਕੀਤਾ ਜਾਵੇ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਵਿਦੇਸ਼ੀ ਮੁਲਕਾਂ ਵਿੱਚ ਭੇਜਿਆ ਜਾਵੇ ਜੋ ਕਿ ਸੜਕ ਨਿਰਮਾਣ, ਰੱਖ-ਰਖਾਵ ਅਤੇ ਸੜਕ ਸੁਰੱਖਿਆ ਦੇ ਮਾਮਲੇ ਵਿੱਚ ਮੋਹਰੀ ਹਨ।

ਮੀਟਿੰਗ ਦੌਰਾਨ ਉਨ੍ਹਾਂ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ 30.06.2025 ਤੱਕ ਰਾਜ ਮਾਰਗਾਂ ਤੋਂ ਪਟਰੋਲ ਪੰਪਾਂ ਅਤੇ ਹੋਰ ਵਪਾਰਿਕ ਅਦਾਰਿਆਂ ਨੂੰ ਪਹੁੰਚ ਮਾਰਗ ਦੀ ਸੇਵਾ ਲਈ ਬਣਦੀ ਸਰਕਾਰੀ ਫੀਸਾਂ ਦੀ ਪ੍ਰਾਪਤੀ ਬਾਰੇ ਰਿਪੋਰਟ ਪੇਸ਼ ਕਰਨ ਦੇ ਵੀ ਹੁਕਮ ਦਿੱਤੇ।

ਇਸ ਦੌਰਾਨ ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸੂਬੇ ਦੀਆਂ ਸੜਕਾਂ 'ਤੇ ਪਛਾਣੇ ਗਏ ਬਲੈਕ ਸਪੌਟਸ ਨੂੰ ਦਰੁੱਸਤ ਕਰਨ ਲਈ ਕਾਰਜ ਵਿੱਚ ਤੇਜ਼ੀ ਲਿਆਂਦੀ ਜਾਵੇ ਤੇ ਇਸ ਸਬੰਧੀ ਆ ਰਹੀਆਂ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਨਾਲ ਵੀ ਤਾਲਮੇਲ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਬਿਹਤਰੀਨ ਸੜਕੀ ਨੈਟਵਰਕ ਸਥਾਪਤ ਕਰਨ ਲਈ ਲਈ ਲਗਾਤਾਰ ਯਤਨਸ਼ੀਲ ਹੈ।

# ਤਿੰਨ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਆਰੰਭ








ਟੋਰਾਂਟੋ, 20 ਜੂਨ (ਚ.ਨ.ਸ.) : ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ, ਨਿਖਾਰਨ ਅਤੇ ਤਰਾਸ਼ਣ ਦੇ ਮਨੋਰਥ ਨਾਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਕੈਨੇਡਾ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਅਗਵਾਈ ਹੇਠ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਅੱਜ ਧੂਮਧਾਮ ਨਾਲ ਸ਼ੁਰੂ ਹੋ ਗਈ। ਕਾਨਫਰੰਸ ਦੀ ਆਰੰਭਤਾ ਸਿੱਖ ਰਹੁ-ਰੀਤਾਂ ਨਾਲ ਸ੍ਰ. ਸੁਬੇਗ ਸਿੰਘ ਕਥੂਰੀਆ ਵੱਲੋਂ ਰਸਭਿੰਨੇ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਉਪਰੰਤ ਸ੍ਰੀ ਰਿਤੂ ਭਾਟੀਆ ਵੱਲੋਂ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਉਪਰੰਤ ਡਾ. ਦਲਬੀਰ ਸਿੰਘ ਕਥੂਰੀਆ, ਵਰਿਆਮ ਸਿੰਘ ਸੰਧੂ, ਡਾ. ਜਸਪਾਲ ਕੌਰ ਕਾਂਗ, ਚਾਂਸਲਰ ਡਾ. ਗੁਰਲਾਭ ਸਿੰਘ, ਡਾ. ਪਰਗਟ ਸਿੰਘ ਬੱਗਾ, ਸ੍ਰ. ਇੰਦਰਜੀਤ ਸਿੰਘ ਬਲ, ਰੂਪ ਕਾਹਲੋਂ ਅਤੇ ਉਚੇਚੇ ਤੌਰ ਤੇ ਪਹੁੰਚੇ ਚੜ੍ਹਦੀਕਲਾ ਟਾਈਮ ਟੀਵੀ ਦਿੱਲੀ ਦ ਡਾਇਰੈਕਟਰ ਸ੍ਰ. ਅੰਮਿਤਪਾਲ ਸਿੰਘ੍ਰੇ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਸਮਾਰੋਹ ਦਾ ਉਦਘਾਟਨ ਕੀਤਾ ਗਿਆ। ਸਮਾਰੋਹ ਦਾ ਸਵਾਗਤੀ ਭਾਸ਼ਣ ਸ੍ਰ. ਇੰਦਰਜੀਤ ਸਿੰਘ ਬੱਲ ਵੱਲੋਂ ਪੜ੍ਹਿਆ ਗਿਆ। ਇਸ ਉਪਰੰਤ ਗੁਰਲਾਭ ਸਿੰਘ ਚਾਂਸਲਰ ਵੱਲੋਂ ਉਦਘਾਟਨੀ ਸ਼ਬਦਲ ਬੋਲੇ ਗਏ ਅਤੇ ਕੁੰਜੀਵਤ ਭਾਸ਼ਣ ਡਾ. ਜਸਪਾਲ ਕੌਰ ਕਾਂਗ ਵੱਲੋਂ ਦਿੱਤਾ ਗਿਆ। ਪ੍ਰਧਾਨਗੀ ਭਾਸ਼ਣ ਸ੍ਰ. ਵਰਿਆਮ ਸਿੰਘ ਸੰਧੂ ਵੱਲੋਂ ਦਿੱਤਾ ਗਿਆ। ਅੰਤ ਵਿੱਚ ਡਾ. ਪ੍ਰਗਟ ਸਿੰਘ ਬੱਗਾ ਵੱਲੋਂ ਧੰਨਵਾਦ ਦੇ ਸ਼ਬਦ ਬੋਲੇ ਗਏ। ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਕੌਰ ਅਤੇ ਡਾ. ਅਮਰਦੀਪ ਬਿੰਦਰਾ ਵੱਲੋਂ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਇੱਥੇ ਦੱਸਣਯੋਗ ਹੈ ਕਿ ਕਾਨਫਰੰਸ ਦਾ ਸਮਾਪਤੀ ਸਮਾਰੋਹ 22 ਜੂਨ ਨੂੰ ਹੋਵੇਗਾ। ਇਸ ਸਬੰਧੀ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਸਿਰਫ ਇੱਕ ਭਾਸ਼ਾ ਹੀ ਨਹੀਂ ਬਲਕਿ ਇਹ ਮੁਹੱਬਤ, ਭਾਈਚਾਰਕ ਸਾਂਝ ਅਤੇ ਦੁਨੀਆਂ ਨੂੰ ਰਿਸ਼ਤਿਆਂ ਨਾਲ ਜੋੜ ਕੇ ਰੱਖਣ ਵਾਲੀ ਭਾਸ਼ਾ ਹੈ। ਇਸ ਦੀਆਂ ਜੜ੍ਹਾਂ ਵਿੱਚ, ਇਸ ਦੀਆਂ ਰਗਾਂ ਵਿੱਚ, ਇਸਦੇ ਸੀਨੇ ਵਿੱਚ, ਇਸ ਦੀ ਧੜਕਣ ਵਿੱਚ ਰੂਹਾਨੀਅਤ ਦੇ ਬੀਜ ਹਨ ਅਤੇ ਅੱਜ ਜਦੋਂ ਦੁਨੀਆਂ ਦੇ ਬਹੁਤ ਸਾਰੇ ਮੁਲਕ ਆਪਸੀ ਖਿਚੋਤਾਣ ਵਿੱਚ ਅਤੇ ਆਪਣੀ ਚੌਧਰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ,ਇਸ ਸਮੇਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭੂਮਿਕਾ ਅਤੇ ਯੋਗਦਾਨ ਹੋਰ ਵੀ ਵੱਧ ਜਾਂਦਾ ਹੈ।

# ਗੁਰਸਿਖ ਬੀਬੀ ਦੇ ਕਕਾਰਾਂ ਦੀ ਹੋਈ ਬੇਅਦਬੀ, ਦੋਸ਼ੀ ਨੂੰ ਕੜੀ ਸਜ਼ਾ ਦਿੱਤੀ ਜਾਵੇ : ਜਥੇਦਾਰ ਸੁਖਜੀਤ ਸਿੰਘ ਬਘੌਰਾ, ਜਸ਼ਨਪ੍ਰੀਤ ਸਿੰਘ

ਅੰਮ੍ਰਿਤਸਰ, 20 ਜੂਨ, (ਚ.ਨ.ਸ.) : ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਜਾਂਦੀ ਹੈ। ਸ਼ਹੀਦਾਂ ਸੋਹਾਣਾ ਵਿਖੇ ਇੱਕ ਗੁਰਸਿੱਖ ਔਰਤ ਗੁਰਮੀਤ ਕੌਰ ਧਰਮ ਪਤਨੀ ਜਗਦੀਪ ਸਿੰਘ ਸੋਹਾਣਾ ਵੱਲੋਂ ਆਪਣੀ ਦੁਕਾਨ ਜੋ ਇੱਕ ਬਲਜਿੰਦਰ ਸਿੰਘ ਉਰਫ ਸੋਨੀ ਨਾਂ ਦਾ ਵਿਅਕਤੀ ਜੋ ਉਸ ਦੁਕਾਨ ਵਿੱਚ ਮੀਟ ਦਾ ਧੰਦਾ ਕਰਦਾ ਸੀ ਉਸ ਨੂੰ ਰੋਕਣ 'ਤੇ ਉਸ ਦੁਕਾਨਦਾਰ ਵੱਲੋਂ ਤੇਜ਼ ਧਾਰ ਹਥਿਆਰ ਨਾਲ ਵਾਰ ਕਰਕੇ ਜ਼ਖ਼ਮੀ ਕਰ ਦਿੱਤਾ। ਇਸ ਤੋਂ ਉਪਰੰਤ ਉਸ ਦੇ ਕਕਾਰਾਂ ਦੀ ਬੇਅਦਬੀ ਕੀਤੀ ਗਈ ਅਤੇ ਉਸ ਦੇ



ਕੱਪੜੇ ਪਾੜ ਦਿੱਤੇ ਗਏ ਹਨ ਅਤੇ ਉਸ ਦੀ ਇਜ਼ਤ ਨੂੰ ਵੀ ਹੱਥ ਪਾਇਆ ਗਿਆ।

ਇਸ 'ਤੇ ਭਾਰਤੀ ਕਿਸਾਨ ਉਥਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਜਥੇਦਾਰ ਸੁਖਜੀਤ ਸਿੰਘ ਬਘੌਰਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਸੋਹਾਣਾ ਮਾਰਕੀਟ ਦੇ ਪ੍ਰਧਾਨ ਜਸਕਰਨ ਸਿੰਘ ਬੇਦਵਾਨ ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਕੀਤੀ ਜਾਂਦੀ ਹੈ ਪੰਜਾਬ ਦੇ ਅਤੇ ਮੋਹਾਲੀ ਦੇ ਉੱਚ ਅਧਿਕਾਰੀਆਂ ਨੂੰ ਕਿਹਾ ਜਾਵੇ ਅਤੇ ਇਸ ਬੰਦੇ 'ਤੇ ਕਨੂੰਨ ਅਨੁਸਾਰ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਜਾਂਦੀ ਹੈ।

# ਐਸ.ਏ.ਐਸ ਨਗਰ 'ਚ ਬਣੇਗਾ ਜੇਲ੍ਹ ਵਿਭਾਗ ਦਾ ਮੁੱਖ ਦਫ਼ਤਰ; ਭੁੱਲਰ ਨੇ ਰੱਖਿਆ ਨੀਂਹ ਪੱਥਰ




ਚੰਡੀਗੜ੍ਹ, 20 ਜੂਨ, (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਐਸ.ਏ.ਐਸ ਨਗਰ ਵਿਖੇ ਜੇਲ੍ਹ ਵਿਭਾਗ ਦਾ ਮੁੱਖ ਦਫਤਰ 'ਜੇਲ੍ਹ ਭਵਨ' ਬਣਾਇਆ ਜਾਵੇਗਾ। ਇਸ ਸਬੰਧੀ ਸਮੁੱਚੀਆਂ ਪ੍ਰਵਾਨਗੀਆਂ ਮਗਰੋਂ ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਨੀਂਹ ਪੱਥਰ ਰੱਖਿਆ। ਇਸ ਉਸਾਰੇ ਜਾ ਰਹੇ ਨਵੇਂ ਮੁੱਖ ਦਫਤਰ ਦੀ ਅਜੋਕੇ ਸਮੇਂ ਦੀਆਂ ਲੋੜਾਂ ਅਨੁਸਾਰ ਨਿਰਮਾਣ ਪ੍ਰਕਿਰਿਆ ਸ਼ੁਰੂਆਤ ਹੋ ਗਈ ਹੈ।

ਜੇਲ੍ਹ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜੇਲ੍ਹ ਵਿਭਾਗ ਵਿੱਚ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਦੀਆਂ ਸਮੁੱਚੀਆਂ ਜੇਲ੍ਹਾਂ ਨੂੰ ਅਤੀ ਆਧੁਨਿਕ ਉਪਕਰਨਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਉੱਥੇ ਹੀ ਜੇਲ੍ਹ ਵਿਭਾਗ ਦੇ ਵੱਖਰੇ ਮੁੱਖ ਦਫ਼ਤਰ ਦੀ ਉਸਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿਭਾਗ ਅਤੀ ਆਧੁਨਿਕ ਅਤੇ ਪ੍ਰਸ਼ਾਸਨਿਕ ਸਚੱਜੇਪਣ ਵੱਲ ਕਦਮ ਪੁੱਟ ਰਿਹਾ ਹੈ।

ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਨਵਾਂ ਉਸਾਰਿਆ ਜਾ ਰਿਹਾ ਜੇਲ੍ਹ ਭਵਨ ਵਿਭਾਗ ਲਈ ਕੇਂਦਰੀਕ੍ਰਿਤ ਨੀਤੀ ਬਣਾਉਣ, ਨਵੀਨਤਮ ਤਕਨਾਲੋਜੀ ਅਤੇ ਆਧੁਨਿਕ ਕਾਰਜਸ਼ੈਲੀ ਨੂੰ ਅਪਣਾਉਣ ਵਿੱਚ ਮੱਦਦਗਾਰ ਹੋਵੇਗਾ।

ਸ. ਭੁੱਲਰ ਨੇ ਦੱਸਿਆਂ ਕਿ ਮੁੱਖ ਦਫ਼ਤਰ ਦੀ ਇਮਾਰਤ 35 ਕਰੋੜ ਦੀ ਲਾਗਤ ਨਾਲ 2 ਸਾਲ 'ਚ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਇਹ ਪ੍ਰਾਜੈਕਟ ਮੁਕੰਮਲ ਕਰਨ ਦੀ ਮਿਆਦ ਅਪਰੈਲ 2027 ਨਿਰਧਾਰਿਤ ਕੀਤੀ ਗਈ ਹੈ, ਪਰ ਠੇਕੇਦਾਰ ਨੂੰ ਸਮੁੱਚਾ ਕੰਮ ਦਸੰਬਰ 2026 ਤੱਕ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

ਮੰਤਰੀ ਨੇ ਕਿਹਾ ਕਿ ਮੁੱਖ ਦਫ਼ਤਰ ਦੀ ਉਸਾਰੀ, ਜੇਲ੍ਹ ਵਿਭਾਗ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਦੇ ਯਤਨਾਂ ਵਿੱਚ ਇੱਕ ਵੱਡਾ ਮੀਲ ਪੱਥਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਦਫ਼ਤਰ ਦੇ ਬਣਨ ਨਾਲ ਜਿੱਥੇ ਵਿਭਾਗ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਕੰਮ ਕਰਨ ਦੀ ਸੁਵਿਧਾ 'ਚ ਵਾਧਾ ਹੋਵੇਗਾ, ਉੱਥੇ ਹੀ ਕਿਰਾਏ ਵਜੋਂ ਦਿੱਤੀ ਜਾਂਦੀ ਇੱਕ ਵੱਡੀ ਰਾਸ਼ੀ (7 ਲੱਖ ਪ੍ਰਤੀ ਮਹੀਨਾ, 84 ਲੱਖ ਸਲਾਨਾ) ਦੀ ਬੱਚਤ ਵੀ ਹੋਵੇਗੀ।

ਮੰਤਰੀ ਨੇ ਦੱਸਿਆ ਕਿ ਸੈਕਟਰ 68, ਐਸ.ਏ.ਐਸ ਨਗਰ ਵਿੱਚ ਜੇਲ੍ਹ ਹੈੱਡਕੁਆਰਟਰ ਦੀ ਇਮਾਰਤ ਦੀ ਉਸਾਰੀ ਲਈ ਏ.ਐਸ.ਸੀ. ਬਿਲਡਰ ਨੂੰ ਠੇਕਾ ਦਿੱਤਾ ਗਿਆ ਹੈ। ਇਹ ਪ੍ਰੋਜੈਕਟ ਲਈ ਕੁੱਲ 35 ਕਰੋੜ ਰੁਪਏ ਦਾ ਕੁੱਲ ਬਜਟ ਅਲਾਟ ਕੀਤਾ ਗਿਆ ਹੈ ਅਤੇ ਇਮਾਰਤ ਦਾ ਪਲਾਟ ਖੇਤਰ 43,700 ਵਰਗ ਫੁੱਟ (1 ਏਕੜ) ਦਾ ਹੈ, ਜਦਕਿ ਢੱਕਿਆ ਹੋਇਆ ਖੇਤਰ 83,947.71 ਵਰਗ ਫੁੱਟ ਦੀ ਹੋਵੇਗਾ। ਇਸ ਇਮਾਰਤ ਖੇਤਰ ਵਿਖੇ ਪਾਰਕਿੰਗ ਸਮਰੱਥਾ 115 ਕਾਰਾਂ ਹੋਵੇਗੀ।

# ਓਐਲਐਕਸ ਰੈਂਟਲ ਫ਼ਰਾਡ ਦਾ ਪਰਦਾਫਾਸ਼; 23 ਪੀੜਤਾਂ ਨਾਲ 5 ਲੱਖ ਦੀ ਠੱਗੀ ਦੇ ਦੋਸ਼ ਵਿੱਚ ਇੱਕ ਵਿਅਕਤੀ ਗ੍ਰਿਫ਼ਤਾਰ

ਚੰਡੀਗੜ੍ਹ, 20 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸਾਈਬਰ ਅਪਰਾਧ ਵਿਰੁੱਧ ਅਹਿਮ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਰਾਜ ਸਾਈਬਰ ਅਪਰਾਧ ਪੁਲਿਸ ਸਟੇਸ਼ਨ ਨੇ ਓਐਲਐਕਸ ਰੈਂਟਲ ਫਰਾਡ ਦੇ ਕਈ ਮਾਮਲਿਆਂ ਵਿੱਚ ਸ਼ਾਮਲ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਮੁਲਜ਼ਮ, ਜਿਸਦੀ ਪਛਾਣ ਮੋਹਾਲੀ ਦੇ ਖਰੜ ਵਿੱਚ ਰਹਿਣ ਵਾਲੇ ਪਰਮਜੀਤ ਸਿੰਘ ਵਜੋਂ ਹੋਈ ਹੈ, ਨੂੰ ਇੰਸਪੈਕਟਰ ਦਲਜੀਤ ਸਿੰਘ ਨੇ, ਭਾਰਤੀ ਗ੍ਰਹਿ ਮੰਤਰਾਲੇ ਦੇ ਸਾਈਬਰ ਅਪਰਾਧ ਤਾਲਮੇਲ ਕੇਂਦਰ (ਆਈ4ਸੀ) ਦੇ ਪ੍ਰਤੀਬਿੰਬ ਪੋਰਟਲ 'ਤੇ ਰਿਪੋਰਟ ਕੀਤੇ ਗਏ ਸਾਈਬਰ ਧੋਖਾਧੜੀ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ।

ਏਡੀਜੀਪੀ ਨੇ ਕਿਹਾ, ਲੋਕਾਂ ਦਾ ਵਿਸ਼ਵਾਸ ਹਾਸਲ ਕਰਨ ਲਈ ਉਹ (ਦੋਸ਼ੀ), ਜਾਇਦਾਦ ਦੇ ਜਾਅਲੀ ਦਸਤਾਵੇਜ਼ ਅਤੇ ਤਸਵੀਰਾਂ ਸਾਂਝੀਆਂ ਕਰਦਾ ਸੀ। ਜਦੋਂ ਪੀੜਤ ਉਸਦੇ ਝਾਂਸੇ ਵਿੱਚ ਆ ਕੇ ਜਾਇਦਾਦ ਕਿਰਾਏ 'ਤੇ ਲੈਣ ਲਈ ਸਹਿਮਤ ਹੋ ਜਾਂਦੇ ਤਾਂ ਮੁਲਜ਼ਮ ਉਨ੍ਹਾਂ ਨੂੰ ਯੂਪੀਆਈ ਜਾਂ ਬੈਂਕ ਟਰਾਂਸਫਰ ਰਾਹੀਂ ਪੇਸ਼ਗੀ ਕਿਰਾਇਆ, ਸੈਕਿਊਰਿਟੀ ਦੀ ਰਕਮ, ਜਾਂ ਰਜਿਸਟਰੇਸ਼ਨ ਫੀਸ ਵਜੋਂ ਪੈਸੇ ਟਰਾਂਸਫਰ ਕਰਨ ਲਈ ਰਾਜ਼ੀ ਕਰ ਲੈਂਦਾ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਭੁਗਤਾਨ ਹੋ ਜਾਂਦਾ ਤਾਂ ਦੋਸ਼ੀ ਉਨ੍ਹਾਂ ਨਾਲ ਰਾਬਤਾ ਬੰਦ ਕਰ ਦਿੰਦਾ ਸੀ।

ਪੰਜਾਬ ਦੇ ਸਟੇਟ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿਖੇ ਬੀਐਨਐਸ ਦੀ ਧਾਰਾ 316(2) ਅਤੇ 318(4) ਅਤੇ ਆਈਟੀ ਐਕਟ ਦੀ ਧਾਰਾ 66ਡੀ ਅਧੀਨ ਐਫਆਈਆਰ ਨੰਬਰ 07 ਮਿਤੀ 10.06.2025 ਨੂੰ ਕੇਸ ਦਰਜ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਏਡੀਜੀਪੀ ਸਾਈਬਰ ਕ੍ਰਾਈਮ ਵੀ ਨੀਰਜਾ ਨੇ ਜਨਤਾ ਨੂੰ ਓਐਲਐਕਸ ਪਲੇਟਫਾਰਮ 'ਤੇ ਉਪਲਬਧ ਇਸ਼ਤਿਹਾਰਾਂ ਤੋਂ ਸਾਵਧਾਨ ਰਹਿਣ ਅਤੇ ਕੋਈ ਵੀ ਪੇਸ਼ਗੀ ਭੁਗਤਾਨ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ। ਕੋਈ ਵੀ ਸੌਦਾ ਕਰਨ ਤੋਂ ਪਹਿਲਾਂ ਇਸ਼ਤਿਹਾਰ ਦੀ ਪੁਸ਼ਟੀ ਕਰਨਾ ਮਹੱਤਵਪੂਰਨ 'ਤੇ ਅਤਿ ਜ਼ਰੂਰੀ ਹੈ। ਧੋਖਾਧੜੀ ਦੀ ਸਥਿਤੀ ਵਿੱਚ, ਪੀੜਤ ਨੂੰ ਸਾਈਬਰ ਧੋਖਾਧੜੀ ਦੀ ਰਿਪੋਰਟ ਕਰਨ ਲਈ ਤੁਰੰਤ ਹੈਲਪਲਾਈਨ 1930 'ਤੇ ਕਾਲ ਕਰਨੀ ਚਾਹੀਦੀ ਹੈ ਜਾਂ cybercrime.gov.in 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਸਾਈਬਰ ਧੋਖਾਧੜੀ ਨਾਲ ਸਬੰਧਤ ਹੋਰ ਜਾਣਕਾਰੀ ਲਈ, cybercrime.punjabpolice.gov.in 'ਤੇ 'ਸਾਇਬਰ ਮਿੱਤਰ' ਚੈਟਬੋਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਮੋਗਾ 'ਚ ਗ਼ੈਰ-ਕਾਨੂੰਨੀ ਖਾਦ ਅਤੇ ਕੀਟਨਾਸ਼ਕ ਸਮੱਗਰੀ ਵਾਲਾ ਗੋਦਾਮ ਸੀਲ

ਚੰਡੀਗੜ੍ਹ, 20 ਜੂਨ, (ਚ.ਨ.ਸ.) : ਅਣਅਧਿਕਾਰਤ ਅਤੇ ਗੈਰ-ਕਾਨੂੰਨੀ ਖੇਤੀਬਾੜੀ ਵਸਤਾਂ ਵਿਰੁੱਧ ਕਾਰਵਾਈ ਤੇਜ਼ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਉਡਣ ਦਸਤੇ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਸਾਹੋਕੇ ਵਿੱਚ ਇੱਕ ਗੋਦਾਮ ਸੀਲ ਕੀਤਾ ਗਿਆ ਹੈ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕੋਟਕਪੂਰਾ ਦੇ ਪਿਊਸ਼ ਗੋਇਲ ਦੁਆਰਾ ਚਲਾਏ ਜਾ ਰਹੇ ਇਸ ਗੋਦਾਮ ਵਿੱਚੋਂ ਖਾਦ ਅਤੇ ਕੀਟਨਾਸ਼ਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਟੋਰ ਕਰਨ ਬਾਰੇ ਪਤਾ ਲੱਗਿਆ, ਜਿਸ ਉਪਰੰਤ ਉੱਥੇ ਪਏ ਸਟਾਕ ਨੂੰ ਜ਼ਬਤ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਬਤ ਕੀਤੀਆਂ ਗਈਆਂ ਵਸਤਾਂ ਵਿੱਚ ਜ਼ਿੰਕ ਸਲਫੇਟ ਦੇ ਪੈਕੇਟ ਵੀ ਬਰਾਮਦ ਕੀਤੇ ਗਏ ਹਨ, ਜਿਨ੍ਹਾਂ 'ਤੇ ਮੈਨੂਫੈਕਚਰਿੰਗ ਤਰੀਕ ਅਤੇ ਬੈਚ ਨੰਬਰ ਨਹੀਂ ਸਨ, ਜੋ ਇਨ੍ਹਾਂ ਉਤਪਾਦਾਂ ਦੇ ਨਕਲੀ ਹੋਣ ਦਾ ਸ਼ੱਕ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਜਵਾਬਦੇਹੀ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਕਿਸਾਨਾਂ ਨੂੰ ਹਰ ਖਰੀਦ ਦਾ ਢੁਕਵਾਂ ਬਿੱਲ ਲੈਣ ਲਈ ਕਿਹਾ।

# ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਬਜ਼ੁਰਗਾਂ ਦੀ ਪੈਨਸ਼ਨ ਲਈ ਚਾਲੂ ਸਾਲ ਦੌਰਾਨ 6175 ਕਰੋੜ ਦਾ ਉਪਬੰਧ : ਡਾ ਬਲਜੀਤ ਕੌਰ



ਚੰਡੀਗੜ੍ਹ, 20 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਨਿਰੰਤਰ ਠੋਸ ਕਦਮ ਚੁੱਕੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ ਦੌਰਾਨ ਸਮਾਜਿਕ ਸੁਰੱਖਿਆ ਸਕੀਮਾਂ ਲਈ 6175 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿੱਚੋਂ 1539 ਕਰੋੜ ਰੁਪਏ ਦੀ ਰਕਮ 34.40 ਲੱਖ ਲਾਭਪਾਤਰੀਆਂ ਨੂੰ ਮਈ 2025 ਤੱਕ ਨਿਯਮਤ ਪੈਨਸ਼ਨ ਵਜੋਂ ਜਾਰੀ ਕੀਤੀ ਜਾ ਚੁੱਕੀ ਹੈ।

ਕਿਸਾਨ ਭਵਨ ਵਿਖੇ ਵਿਭਾਗ ਦੇ ਸੀਨੀਅਰ ਅਤੇ ਖੇਤਰੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਬਲਜੀਤ ਕੌਰ ਨੇ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ, ਇਹਨਾਂ ਸਕੀਮਾਂ ਦੀ ਨਿਗਰਾਨੀ ਅਤੇ ਯੋਗ ਲਾਭਪਾਤਰੀਆਂ ਤੱਕ ਲਾਭ ਦੀ ਪਹੁੰਚ ਬਿਨਾਂ ਦੇਰੀ ਯਕੀਨੀ ਬਣਾਉਣ ਸੰਬੰਧੀ ਹੁਕਮ ਜਾਰੀ ਕੀਤੇ।

ਡਾ ਬਲਜੀਤ ਕੌਰ ਨੇ 'ਸਾਡੇ ਬਜ਼ੁਰਗ, ਸਾਡਾ ਮਾਣ' ਸਰਵੇ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਹਰ ਹੱਕਦਾਰ ਬਜ਼ੁਰਗ ਤੱਕ ਪੈਨਸ਼ਨ ਪਹੁੰਚੇ। ਉਨ੍ਹਾਂ ਆਗਾਹ ਕੀਤਾ ਕਿ ਸਰਵੇ ਦੌਰਾਨ ਮ੍ਰਿਤਕ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਪਈ ਰਕਮ ਦੀ ਰਿਕਵਰੀ ਕਰਕੇ ਹੋਰ ਲੋੜਵੰਦਾਂ ਨੂੰ ਲਾਭ ਦਿੱਤਾ ਜਾਵੇ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿੱਤੀ ਸਾਲ 2025-26 ਦੌਰਾਨ ਹੁਣ ਤਕ 43,644 ਨਵੀਆਂ ਪੈਨਸ਼ਨ ਅਰਜੀਆਂ ਮਨਜ਼ੂਰ ਕੀਤੀਆਂ ਗਈਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਹ ਕਾਰਵਾਈ ਪੂਰੀ ਪਾਰਦਰਸ਼ਤਾ ਅਤੇ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤੀ ਜਾਵੇ।

ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਭਲਾਈ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਅਤੇ ਯੋਗ ਲਾਭਪਾਤਰੀਆਂ ਤੱਕ ਲਾਭ ਦੀ ਪਹੁੰਚ ਦੀ ਨਿਗਰਾਨੀ ਜ਼ਮੀਨੀ ਪੱਧਰ 'ਤੇ ਹੋਣੀ ਚਾਹੀਦੀ ਹੈ। ਲੋਕਾਂ ਤੱਕ ਸਕੀਮਾਂ ਦੀ ਜਾਣਕਾਰੀ ਪਹੁੰਚਾਉਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ।

# ਆਪ੍ਰੇਸ਼ਨ ਸੀਲ-15: ਪੰਜਾਬ ਵਿੱਚ ਨਸ਼ਾਂ ਅਤੇ ਸ਼ਰਾਬ ਤਸਕਰਾਂ 'ਤੇ ਨਜ਼ਰ ਰੱਖਣ ਲਈ 93 ਐਂਟਰੀ/ਐਗਜ਼ਿਟ ਪੁਆਇੰਟ 'ਤੇ ਲਾਏ ਨਾਕੇ

## 3180 ਵਾਹਨਾਂ ਦੀ ਚੈਕਿੰਗ; 367 ਵਾਹਨਾਂ ਦੇ ਚਲਾਨ ਕੱਟੇ, 7 ਨੂੰ ਕੀਤਾ ਜ਼ਬਤ

ਚੰਡੀਗੜ੍ਹ, 20 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦਰਮਿਆਨ ਪੰਜਾਬ ਪੁਲਿਸ ਵੱਲੋਂ ਅੱਜ ਇੱਕ ਵਿਸ਼ੇਸ਼ ਆਪ੍ਰੇਸ਼ਨ 'ਓਪੀਐਸ ਸੀਲ-15' ਚਲਾਇਆ ਗਿਆ, ਜਿਸ ਦੌਰਾਨ ਨਸ਼ਿਆਂ ਅਤੇ ਸ਼ਰਾਬ ਦੀ ਤਸਕਰੀ 'ਤੇ ਨਜ਼ਰ ਰੱਖਣ ਦੇ ਉਦੇਸ਼ ਨਾਲ ਸਰਹੱਦੀ ਰਾਜ ਪੰਜਾਬ ਵਿੱਚ ਦਾਖਲ ਹੋਣ ਜਾਂ ਇੱਥੋਂ ਬਾਹਰ ਜਾਣ ਵਾਲੇ ਸਾਰੇ ਵਾਹਨਾਂ ਦੀ ਜਾਂਚ ਕੀਤੀ ਗਈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ ਜ਼ਿਲ੍ਹਿਆਂ ਵਿੱਚ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਏ ਗਏ। ਇਸ ਆਪ੍ਰੇਸ਼ਨ ਦੌਰਾਨ ਸਰਹੱਦੀ ਜ਼ਿਲ੍ਹਿਆਂ ਦੇ ਸਾਰੇ ਐਸਐਸਪੀਜ਼ ਨੂੰ ਜ਼ਿਲ੍ਹਿਆਂ ਦੀਆਂ ਰਣਨੀਤਕ ਥਾਵਾਂ 'ਤੇ ਸਾਂਝੇ ਨਾਕੇ ਲਾਉਣ ਦੇ ਨਾਲ-ਨਾਲ ਗਜ਼ਟਿਡ ਅਧਿਕਾਰੀਆਂ/ਐਸਐਚਓਜ਼ ਦੀ ਨਿਗਰਾਨੀ ਹੇਠ ਸੀਲਿੰਗ ਪੁਆਇੰਟਾਂ 'ਤੇ ਮਜ਼ਬੂਤ 'ਨਾਕੇ' ਲਾਉਣ ਲਈ ਵੱਧ ਤੋਂ ਵੱਧ ਕਾਰਜਬਲ ਜੁਟਾਉਣ ਦੇ ਨਿਰਦੇਸ਼ ਦਿੱਤੇ ਗਏ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇੰਸਪੈਕਟਰਾਂ/ਡੀਐਸਪੀਜ਼ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਕਰਮਚਾਰੀਆਂ ਵੱਲੋਂ ਆਪਸੀ ਤਾਲਮੇਲ ਨਾਲ10 ਜ਼ਿਲ੍ਹਿਆਂ, ਜਿਨ੍ਹਾਂ ਦੀ ਹੱਦ ਚਾਰ ਸਰਹੱਦੀ ਰਾਜਾਂ ਅਤੇ ਯੂਟੀ ਚੰਡੀਗੜ੍ਹ ਨਾਲ ਲੱਗਦੀ ਹੈ, ਦੇ ਘੱਟੋ-ਘੱਟ 93 ਪ੍ਰਵੇਸ਼/ਐਗਜ਼ਿਟ ਪੁਆਇੰਟਾਂ 'ਤੇ ਮਜ਼ਬੂਤ ਨਾਕੇ ਲਾਏ ਗਏ। ਇਨ੍ਹਾਂ 10 ਅੰਤਰ-ਰਾਜੀ ਸਰਹੱਦੀ ਜ਼ਿਲ੍ਹਿਆਂ ਵਿੱਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐਸਏਐਸ ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਇਸ ਦੌਰਾਨ ਰਾਜ ਵਿੱਚ ਦਾਖਲ ਹੋਣ/ਬਾਹਰ ਜਾਣ ਵਾਲੇ 3180 ਵਾਹਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 367 ਵਾਹਨਾਂ ਦੇ ਚਲਾਨ ਕੱਟਣ ਦੇ ਨਾਲ-ਨਾਲ ਸੱਤ ਵਾਹਨਾਂ ਨੂੰ ਜ਼ਬਤ ਕੀਤਾ ਗਿਆ।

ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ 111ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਨੂੰ ਜਾਰੀ ਰੱਖਦਿਆਂ ਅੱਜ 505 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 98 ਐਫ.ਆਈ.ਆਰ. ਦਰਜ ਕਰਕੇ 127 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 111 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,372 ਹੋ ਗਈ ਹੈ।

ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 4.2 ਕਿਲੋ ਹੈਰੋਇਨ, 3 ਕਿਲੋ ਅਫੀਮ, 118 ਕਿਲੋ ਭੁੱਕੀ ਅਤੇ 11,170 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 543 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਜਦੋਂ ਤੱਕ ਨਸ਼ਿਆਂ ਦਾ ਮੁਕੰਮਲ ਸਫ਼ਾਇਆ ਨਹੀਂ ਹੋ ਜਾਂਦਾ, ਅਜਿਹੇ ਆਪ੍ਰੇਸ਼ਨ ਜਾਰੀ ਰਹਿਣਗੇ। ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 78 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

# ਇਜ਼ਰਾਈਲ ਤੇ ਈਰਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੁਰੱਖਿਅਤ ਲਿਆਉਣ ਦੇ ਪ੍ਰਬੰਧ ਕਰੇ ਭਾਰਤ ਸਰਕਾਰ : ਦਿੱਲੀ ਗੁਰਦੁਆਰਾ ਕਮੇਟੀ

## ਦੋਵਾਂ ਮੁਲਕਾਂ ਵਿਚ ਫਸੇ ਸਿੱਖਾਂ ਤੇ ਹੋਰ ਭਾਰਤੀਆਂ ਨੂੰ ਵੀ ਸੁਰੱਖਿਅਤ ਕੱਢਿਆ ਜਾਵੇ : ਕਾਲਕਾ, ਕਾਹਲੋਂ




ਨਵੀਂ ਦਿੱਲੀ, 20 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਇਜ਼ਰਾਈਲ ਅਤੇ ਈਰਾਨ ਵਿਚ ਚੱਲ ਰਹੇ ਮੌਜੂਦਾ ਜੰਗ ਦੇ ਹਾਲਾਤਾਂ ਵਿਚ ਦੋਵਾਂ ਮੁਲਕਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪੂਰਨ ਮਰਿਆਦਾ ਨਾਲ ਵਾਪਸ ਲਿਆਉਣ ਅਤੇ ਉੱਥੇ ਫਸੇ ਸਿੱਖ ਤੇ ਹੋਰ ਭਾਰਤੀਆਂ ਨੂੰ ਸੁਰੱਖਿਅਤ ਕੱਢਣ ਦੇ ਫੌਰਨ ਉਪਰਾਲੇ ਕੀਤੇ ਜਾਣ।

ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿਚ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉੱਥੇ ਮੌਜੂਦ ਹਨ ਜਿੱਥੇ ਸਿੱਖ ਸੰਗਤ ਹੈ। ਉਹਨਾਂ ਕਿਹਾ ਕਿ ਇਹ ਪਾਵਨ ਸਰੂਪ ਵਾਪਸ ਨਵੀਂ ਦਿੱਲੀ ਲਿਆਉਣੇ ਬਹੁਤ ਜ਼ਰੂਰੀ ਹੈ। ਇਸ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਭਾਰਤ ਸਰਕਾਰ ਨੂੰ ਹਰ ਤਰੀਕੇ ਦਾ ਸਹਿਯੋਗ ਦੇਣ ਵਾਸਤੇ ਤਿਆਰ ਹੈ।

ਦੋਵਾਂ ਆਗੂਆਂ ਨੇ ਵਿਦੇਸ਼ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਇਹਨਾਂ ਮੁਲਕਾਂ ਵਿਚ ਗਏ ਸਿੱਖਾਂ ਤੇ ਹੋਰ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਦੇ ਵੀ ਪ੍ਰਬੰਧ ਕੀਤੇ ਜਾਣ ਦੋਵਾਂ ਮੁਲਕਾਂ ਦੀ ਰਾਜਧਾਨੀ ਵਿਚ ਭਾਰਤੀ ਸਫਾਰਤਖਾਨਿਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉੱਥੇ ਫਸੇ ਭਾਰਤੀਆਂ ਦਾ ਉਹਨਾਂ ਦੇ ਆਪਣੇ ਪਰਿਵਾਰਾਂ ਨਾਲ ਸੰਪਰਕ ਕਰਵਾਵੇ ਤਾਂ ਜੋ ਪਰਿਵਾਰਾਂ ਦੀ ਫਿਕਰ ਮੁੱਕੇ ਕਿ ਉਹਨਾਂ ਦੇ ਪਰਿਵਾਰਕ ਜੀਅ ਸੁਰੱਖਿਅਤ ਹਨ।

ਉਹਨਾਂ ਕਿਹਾ ਕਿ ਜੰਗ ਦੇ ਹਾਲਾਤ ਸੁਖਾਵੇਂ ਨਹੀਂ ਹਨ, ਅਜਿਹੇ ਵਿਚ ਆਮ ਲੋਕ ਚਿੰਤਤ ਹਨ ਕਿ ਉੱਥੇ ਫਸੇ ਭਾਰਤੀ ਕਿਵੇਂ ਸੁਰੱਖਿਅਤ ਕੱਢੇ ਜਾ ਸਕਣਗੇ। ਉਹਨਾਂ ਕਿਹਾ ਕਿ ਲੋਕਾਂ ਨੂੰ ਭਾਰਤ ਸਰਕਾਰ 'ਤੇ ਪੂਰਨ ਭਰੋਸਾ ਹੈ ਤੇ ਇਸ ਮਾਮਲੇ ਵਿਚ ਦਿੱਲੀ ਗੁਰਦੁਆਰਾ ਕਮੇਟੀ ਵੀ ਭਾਰਤ ਸਰਕਾਰ ਨੂੰ ਹਰ ਤਰੀਕੇ ਦਾ ਸਹਿਯੋਗ ਦੇਣ ਲਈ ਤਿਆਰ ਹੈ, ਭਾਵੇਂ ਉਹ ਪਰਿਵਾਰਾਂ ਨਾਲ ਸੰਪਰਕ ਕਰ ਕੇ ਉਹਨਾਂ ਦੇ ਜੀਆਂ ਦਾ ਤਾਲਮੇਲ ਕਰਵਾਉਣਾ, ਉਹਨਾਂ ਨੂੰ ਨਵੀਂ ਦਿੱਲੀ ਤੋਂ ਅੱਗੇ ਉਹਨਾਂ ਦੇ ਘਰਾਂ ਤੱਕ ਪਹੁੰਚਾਉਣ ਜਾਂ ਜਿਸ ਵੀ ਕਿਸਮ ਦਾ ਸਹਿਯੋਗ ਭਾਰਤ ਸਰਕਾਰ ਨੂੰ ਲੋੜੀਂਦਾ ਹੈ, ਦਿੱਲੀ ਗੁਰਦੁਆਰਾ ਕਮੇਟੀ ਹਰ ਤਰੀਕੇ ਦੇ ਸਹਿਯੋਗ ਵਾਸਤੇ ਤਿਆਰ ਹੈ। ਉਹਨਾਂ ਕਿਹਾ ਕਿ ਇਸ ਵਾਸਤੇ ਭਾਰਤ ਸਰਕਾਰ ਨੂੰ ਫੌਰੀ ਉਪਰਾਲੇ ਕਰਨੇ ਚਾਹੀਦੇ ਹਨ, ਕਿਉਂਕਿ ਵੱਡੀ ਗਿਣਤੀ ਵਿਚ ਸਿੱਖ ਤੇ ਹੋਰ ਭਾਰਤੀ ਉੱਥੇ ਪੜ੍ਹਨ ਵਾਸਤੇ, ਉਥੇ ਯਾਤਰਾ ਕਰਨ ਵਾਸਤੇ ਗਏ ਹੋਏ ਹਨ ਜਿਹਨਾਂ ਦੀ ਸੁਰੱਖਿਅਤ ਵਾਪਸੀ ਦਾ ਜ਼ਿੰਮਾ ਸਰਕਾਰ ਸਿਰ ਬਣਦਾ ਹੈ।

# ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਰਨਾਟਕ ਵਿੱਚ ਕਰਵਾਈ ਕੌਮੀ ਕਾਨਫ਼ਰੰਸ ਵਿੱਚ ਲਿਆ ਭਾਗ

## ਫ਼ਲ ਅਤੇ ਸਬਜੀਆਂ ਦੇ ਨੁਕਸਾਨ ਤੇ ਬਰਬਾਦੀ ਨੂੰ ਰੋਕਣ ਲਈ ਬਿਹਤਰ ਮੈਨੇਜਮੈਂਟ ਸਿਸਟਮ ਦੀ ਲੋੜ : ਬਰਸਟ

ਮੋਹਾਲੀ, 20 ਜੂਨ, (ਚ.ਨ.ਸ.) : ਹਰਚੰਦ ਸਿੰਘ ਬਰਸਟ ਚੇਅਰਮੈਨ, ਕੌਸਾਂਬ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਫੂਡ ਲੌਸ ਐਂਡ ਵੇਸਟ ਇਨ ਫਰੂਟ ਐਂਡ ਵੈਜੀਟੇਬਲ ਹੋਲਸੇਲ ਮਾਰਕੀਟ ਵਿਸ਼ੇ 'ਤੇ ਕੂਰਗ (ਕਰਨਾਟਕ) ਵਿੱਚ ਆਯੋਜਿਤ ਨੈਸ਼ਨਲ ਕਾਨਫਰੰਸ ਵਿੱਚ ਭਾਗ ਲਿਆ ਗਿਆ ਅਤੇ ਜਿਨਸਾਂ ਦੀ ਉਪਜ ਤੋਂ ਬਾਅਦ ਸੰਭਾਲ ਅਤੇ ਉਪਭੋਗਤਾਵਾਂ ਤੱਕ ਸੁਚਜੇ ਤਰੀਕੇ ਨਾਲ ਪਹੁੰਚਾਉਣ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਕਿਸਾਨ ਬਹੁਤ ਹੀ ਮਿਹਨਤ ਨਾਲ ਫਸਲ ਦੀ ਪੈਦਾਵਾਰ ਕਰਦਾ ਹੈ। ਇਸ ਦੌਰਾਨ ਜਿਨ੍ਹਾਂ ਧਿਆਨ ਫਸਲ ਦਾ ਰੱਖਿਆ ਜਾਂਦਾ ਹੈ, ਉਸ ਤੋਂ ਵੱਧ ਧਿਆਨ ਜਿਨਸ ਦੀ ਸੰਭਾਲ ਅਤੇ ਲੋਕਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ ਤੇ ਰੱਖਣ ਦੀ ਲੋੜ ਹੈ, ਕਿਉਂਕਿ ਸਹੀ ਢੰਗ ਨਾਲ ਸੰਭਾਲ ਨਾ ਹੋਣ ਕਰਕੇ ਲੱਗਭੱਗ 25 ਤੋਂ 30 ਫੀਸਦੀ ਤੱਕ ਉਹ ਮਿਹਨਤ ਵਿਅਰਥ ਚਲੀ ਜਾਂਦੀ ਹੈ। ਇਸ ਲਈ ਇਹ ਬਹੁਤ ਹੀ ਗੰਭੀਰ ਮੁੱਦਾ ਹੈ।

ਸਾਡੇ ਦੇਸ਼ ਦੀ ਆਬਾਦੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਬਿਹਤਰ ਮੈਨੇਜਮੈਂਟ ਸਿਸਟਮ ਦੀ ਲੋੜ ਹੈ, ਫਿਰ ਚਾਹੇ ਗੱਲ ਅਨਾਜ ਦੀ ਹੋਵੇ ਜਾਂ ਫਲਾਂ ਤੇ ਸਬਜੀਆਂ ਦੀ। ਫ਼ਲ ਅਤੇ ਸਬਜੀਆਂ ਨੂੰ ਜਦੋਂ ਮੰਡੀ ਤੱਕ ਲਿਜਾਇਆ ਜਾਂਦਾ ਹੈ, ਤਾਂ ਉੱਥੋਂ ਹੀ ਉਸਦੀ ਵੇਸਟੇਜ ਸ਼ੁਰੂ ਹੋ ਜਾਂਦੀ ਹੈ।




ਬੋਰੀਆਂ ਵਿੱਚ ਸਬਜੀਆਂ ਨੂੰ ਭਰ ਕੇ ਵਾਹਨਾਂ ਵਿੱਚ ਰੱਖਿਆ ਜਾਂਦਾ ਹੈ ਅਤੇ ਇੱਥੋਂ ਹੀ ਫਸਲ ਦੀ ਵੇਸਟੇਜ ਸ਼ੁਰੂ ਹੁੰਦੀ ਹੈ ਅਤੇ ਓਹੀ ਮੰਡੀਆਂ ਤੋਂ ਲੋਕਾਂ ਦੇ ਘਰਾਂ ਤੱਕ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਅੱਜ ਸਮਾਂ ਆ ਗਿਆ ਹੈ ਕਿ ਕਿਸ ਤਰ੍ਹਾਂ ਫਸਲ ਦੀ ਵਿਸ਼ੇਸ਼ ਸੰਭਾਲ ਕਰਨੀ ਹੈ ਅਤੇ ਉਸ ਨੂੰ ਕਿਸ ਕਿਸਮ ਦੇ ਵਹੀਕਲ ਵਿੱਚ ਲਿਜਾਣਾ ਚਾਹੀਦਾ ਹੈ, ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇ।

ਸ. ਬਰਸਟ ਨੇ ਕਿਹਾ ਕਿ ਭਾਰਤ ਨੂੰ ਆਜਾਦ ਹੋਇਆ ਇੰਨਾ ਸਮਾਂ ਹੋ ਚੁੱਕਾ ਹੈ, ਪਰ ਅੱਜ ਵੀ ਇਹ ਅੰਕੜੇ ਉਪਲੱਬਧ ਨਹੀਂ ਹਨ, ਕਿ ਕਿਸ ਰਾਜ ਵਿੱਚ ਕਿਹੜੀ ਫਸਲ ਕਿੰਨੀ ਮਾਤਰਾ ਵਿੱਚ ਪੈਦਾ ਹੁੰਦੀ ਹੈ ਅਤੇ ਕਿਸ ਰਾਜ ਵਿੱਚੋਂ ਕਿਸ ਫਸਲ ਨੂੰ ਕਿੰਨੀ ਮਾਤਰਾ ਵਿੱਚ ਦੂਜੇ ਰਾਜ ਵਿੱਚ ਲੋਕਾਂ ਦੀ ਲੋੜ ਮੁਤਾਬਿਕ ਭੇਜਿਆ ਜਾਣਾ ਚਾਹੀਦਾ ਹੈ। ਇਸ ਮੁੱਦੇ ਨੂੰ ਮੇਰੇ ਵੱਲੋਂ ਪਹਿਲਾ ਹੀ ਉਠਾਇਆ ਜਾ ਚੁੱਕਾ ਹੈ, ਜਿਸ ਨੂੰ ਮੁੱਖ ਰੱਖਦਿਆਂ ਹੋਇਆ ਸੀਨੀਅਰ ਅਤੇ ਮਾਹਰ ਵਿਅਕਤੀਆਂ ਦੀ ਐਕਸਪ੍ਰਟ ਕਮੇਟੀ ਬਣਾਉਣ ਦੀ ਲੋੜ ਹੈ, ਤਾਂ ਜੋ ਪੂਰੇ ਭਾਰਤ ਦੇ ਪ੍ਰੋਡਕਸ਼ਨ ਹੌਲਡ, ਚਾਹੇ ਵੈਜੀਟੇਬਲ ਹੋਵੇ, ਫਰੂਟ ਹੋਵੇ ਜਾਂ ਫਸਲ ਹੋਵੇ, ਬਾਰੇ ਅਧਿਐਨ ਹੋ ਸਕੇ, ਜਿਸ ਰਾਹੀਂ ਇਹ ਪਤਾ ਲਗਾਇਆ ਜਾ ਸਕੇ ਕਿ ਕਿਹੜੀ ਕਿਸਮ ਦੀ ਫਸਲ ਕਿਹੜੇ ਸੂਬੇ ਵਿੱਚ ਵਧੀਆ ਹੁੰਦੀ ਹੈ ਅਤੇ ਕਿਹੜੇ ਰਾਜ ਵਿੱਚ ਕਿਸ ਫਸਲ ਦੀ ਕਿੰਨੀ ਲੋੜ ਹੈ ਅਤੇ ਕੇਂਦਰ ਸਰਕਾਰ ਰਾਜ ਸਰਕਾਰਾਂ ਨੂੰ ਵਿਗਿਆਨਕ ਆਧਾਰ 'ਤੇ ਦਿਸ਼ਾ-ਨਿਰਦੇਸ਼ ਦੇਵੇ ਕਿ ਤੁਹਾਡੇ ਖੇਤਰ ਵਿੱਚ ਇਹ ਫਸਲ, ਫ਼ਲ ਜਾਂ ਸਬਜੀਆਂ ਦੀ ਪੈਦਾਵਾਰ ਚੰਗੀ ਹੁੰਦੀ ਹੈ, ਇਸ ਲਈ ਇਸਦੀ ਪੈਦਾਵਾਰ ਕੀਤੀ ਜਾਵੇ, ਟੈਕਨੀਕਲ ਜਾਣਕਾਰੀ ਮੁਹੱਈਆ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਅੱਜ ਹਾਲਾਤ ਇਹ ਹਨ ਕਿ ਜਿਹੜੇ ਰਾਜ ਵਿੱਚ ਫਲ, ਸਬਜੀਆਂ ਜਾਂ ਫਸਲਾਂ ਦੀ ਪੈਦਾਵਾਰ ਹੋ ਰਹੀ ਹੈ, ਉੱਥੇ ਉਨ੍ਹਾਂ ਦੀ ਸੰਭਾਲ ਨਹੀਂ ਹੋ ਰਹੀ ਅਤੇ ਨਾ ਸਟੋਰੇਜ, ਨਾ ਟ੍ਰਾਂਸਪੋਰਟੇਸ਼ਨ ਅਤੇ ਨਾ ਹੀ ਕੋਈ ਅੰਕੜੇ, ਜਿੱਥੋਂ ਇਹ ਪਤਾ ਚੱਲ ਸਕੇ ਕਿ ਕਿਹੜੀ ਵਸਤੂ ਕਿਸ ਸੂਬੇ ਵਿੱਚੋਂ ਕਿੱਥੇ ਭੇਜਣੀ ਹੈ। ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਕੋਈ ਸਿਸਟਮ ਨਹੀਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਨੈਸ਼ਨਲ ਕਾਨਫਰੈਂਸ ਰਾਹੀਂ ਬਹੁਤ ਹੀ ਚੰਗੇ ਸੁਝਾਅ ਸਾਹਮਣੇ ਆਉਣਗੇ, ਜੋ ਸਾਰਿਆਂ ਲਈ ਲਾਹੇਵੰਦ ਸਿੱਧ ਹੋਣਗੇ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)
ਪੀ.ਐਸ.ਬੀ
ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
PUNJAB & SIND BANK
(A GOVT. OF INDIA UNDERTAKING)
ਜ਼ੋਨਲ ਦਫਤਰ : ਪਟਿਆਲਾ
ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ
ਜ਼ੋਨਲ ਦਫਤਰ : ਪਟਿਆਲਾ

ਅੰਤਿਕਾ-4 [ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13(12) ਅਧੀਨ ਸੂਚਨਾ (ਇਥੇ "ਕਾਨੂੰਨ" ਵਜੋਂ ਸੱਦਿਆ ਗਿਆ)**

ਨਿਮਨ ਦਰਸਾਏ ਸਾਰੇ ਕਰਜ਼ਦਾਰਾਂ/ਜ਼ਾਮਨਾਂ/ਸਹਿ-ਦੇਣਦਾਰਾਂ ਨੂੰ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਦਰਸਾਏ ਵੇਰਵਿਆਂ ਅਨੁਸਾਰ ਉਨ੍ਹਾਂ ਵੱਲੋਂ ਲਏ ਕਰਜ਼ੇ ਐਨ.ਪੀ.ਏ. ਬਣ ਚੁੱਕੇ ਹਨ। **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖ਼ਰੀ ਵੱਲੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੂਚਨਾ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ (ਵਾਂ) ਵਿਚ ਦਰਸਾਈ ਰਕਮ (ਾਂ) ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈਆਂ ਮਿਤੀਆਂ ਨੂੰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ (ਵਾਂ) ਜਾਰੀ ਕੀਤੀ ਸੀ।

ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਏ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ/ਕਰਜ਼ਦਾਰ (ਾਂ)/ ਜ਼ਾਮਨ(ਾਂ)/ਗਿਰਵੀਕਾਰ (ਾਂ) ਦੇ ਨਾਮ | ਸੁਰੱਖਿਅਤ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|
| 1. ਗੁੜਮੰਡੀ ਸ਼ਾਖਾ<br>1.ਸ਼੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ ਵਾਸੀ ਮਕਾਨ ਨੰ. 120 ਗਲੀ ਨੰ. 2, ਦੀਪ ਨਗਰ, ਪਟਿਆਲਾ 2. ਸ੍ਰੀ ਤਲਵਿੰਦਰ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ ਵਾਸੀ ਮਕਾਨ ਨੰ. 120 ਗਲੀ ਨੰ. 2, ਦੀਪ ਨਗਰ, ਪਟਿਆਲਾ | ਵਿਕਰੀ ਡੀਡ ਨੰ. 2019-20/11/1/12831 ਮਿਤੀ 06.01.2020 ਸ਼੍ਰੀਮਤੀ ਪਰਮਜੀਤ ਕੌਰ ਪਤਨੀ ਸ਼੍ਰੀ ਕੁਲਵੰਤ ਸਿੰਘ ਨਿਵਾਸੀ ਮਕਾਨ ਨੰ. 120, ਗਲੀ ਨੰ. 2, ਦੀਪ ਨਗਰ, ਪਟਿਆਲਾ ਦੇ ਨਾਮ 'ਤੇ ਰਜਿਸਟਰਡ ਖੇਵਟ/ਖਤੌਨੀ ਨੰਬਰ 536/1554, ਖਸਰਾ ਨੰਬਰ 13//19/1/0-8 ਸਮੇਤ 0-2 1/2 ਮੀਟਰ (84 ਵਰਗ ਗਜ਼) ਦੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜਿਸ ਵਿੱਚੋਂ 5/16 ਹਿੱਸਾ 0-2 1/2 ਮਰਲੇ ਭਾਵ 84 ਵਰਗ ਗਜ਼ ਮਕਾਨ ਨੰ. 111, ਗਲੀ ਨੰ. 3, ਦੀਪ ਨਗਰ, ਪਿੰਡ ਝਿੱਲ ਪਟਿਆਲਾ ਵਿਖੇ ਸਥਿਤ ਅਤੇ ਇਸ ਤਰ੍ਹਾਂ ਹੱਦਬੰਦੀ ਹੈ: ਉੱਤਰ: ਵਾਸਦੇਵ ਬਹੀ ਦਾ ਐਚ 50', ਦੱਖਣ: ਸ਼ਕੀਲ ਬਹੀ ਦਾ ਐਚ 50', ਪੂਰਬ: ਸੜਕ 20' ਚੌੜੀ ਬਹੀ 15', ਪੱਛਮ: ਗੁਰਮੀਤ ਸਿੰਘ ਬਹੀ ਦਾ ਐਚ 15'। | 03-02-2025 / 20-06-2025 | Rs. 13,13,957.01 (ਰੁ. ਤੇਰਾਂ ਲੱਖ ਤੇਰਾਂ ਹਜ਼ਾਰ ਨੌਂ ਸੌ ਸਤਵੰਜਾ ਅਤੇ ਇਕ ਪੈਸੇ ਕੇਵਲ) 31.01.2025 ਤੱਕ ਵਿਆਜ ਸਮੇਤ+ 01.02.2025 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਫੀਸਾਂ |

ਮਿਤੀ : 21.06.2025 ਸਥਾਨ : ਗੁੜਮੰਡੀ ਅਧਿਕਾਰਤ ਅਧਿਕਾਰੀ

## ਸੰਪਾਦਕੀ

# ਸਿਸਟਮ ਸੁਚਾਰੂ ਰੱਖਣ ਦੀ ਲੋੜ

ਹਾਈਵੇਅ ਦਾ ਨੈੱਟਵਰਕ ਅਤੇ ਵਧਦੇ ਟੋਲ ਪਲਾਜ਼ਿਆਂ, ਇਨ੍ਹਾਂ ਟੋਲ ਪਲਾਜ਼ਿਆਂ 'ਤੇ ਫਾਸਟੈਗ ਸਿਸਟਮ ਦਾ ਪੂਰਾ ਢਾਂਚਾ ਕਾਰਜਸ਼ੀਲ ਖਾਮੀਆਂ ਕਾਰਨ ਸਵਾਲਾਂ ਦੇ ਘੇਰੇ ਵਿੱਚ ਹੈ। ਸਰਕਾਰ ਨੇ 3,000 ਰੁਪਏ ਦੇ ਫਾਸਟੈਗ-ਅਧਾਰਤ ਸਾਲਾਨਾ ਪਾਸ ਦੀ ਯੋਜਨਾ ਦਾ ਐਲਾਨ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਇਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਮੁਕਤੀ ਮਿਲੇਗੀ। ਇਸ ਪਾਸ 'ਤੇ ਸਾਲ ਭਰ ਟੋਲ ਟੈਕਸ ਦੇਣ ਦੀ ਕੋਈ ਲੋੜ ਨਹੀਂ ਹੈ, ਪਰ ਸ਼ਰਤਾਂ ਵੀ ਲਗਾਈਆਂ ਗਈਆਂ ਹਨ। ਇਸ ਯੋਜਨਾ ਦੇ ਤਹਿਤ ਕੋਈ ਵੀ ਇੱਕ ਸਾਲ ਵਿੱਚ ਦੋ ਸੌ ਟ੍ਰਿਪ ਕਰ ਸਕਦਾ ਹੈ। ਇਹ ਯੋਜਨਾ ਸਿਰਫ ਰਾਸ਼ਟਰੀ ਰਾਜਮਾਰਗਾਂ ਅਤੇ ਉੱਤਰ-ਪੂਰਬ ਦੇ ਟੋਲ ਪਲਾਜ਼ਿਆਂ 'ਤੇ ਹੀ ਵੈਧ ਹੋਵੇਗੀ। ਇਹ ਨਵਾਂ ਪਾਸ ਰਾਜ ਮਾਰਗਾਂ ਦੇ ਅਧੀਨ ਟੋਲ ਪਲਾਜ਼ਿਆਂ 'ਤੇ ਕੰਮ ਨਹੀਂ ਕਰੇਗਾ। ਇਹ ਕੇਂਦਰ ਸਰਕਾਰ ਦੀ ਇੱਕ ਯੋਜਨਾ ਹੈ ਅਤੇ ਇਸ ਵਿੱਚ ਰਾਜਾਂ ਨੂੰ ਜੋੜਨ ਦੀ ਕਵਾਇਦ ਮੁਸ਼ਕਲ ਹੈ। ਇਸ ਲਈ ਢਾਂਚਾ ਤਿਆਰ ਕਰਨਾ ਆਸਾਨ ਨਹੀਂ ਹੋਵੇਗਾ। ਇਹ ਨਵੀਂ ਯੋਜਨਾ ਬਾਰੇ ਸੀ। ਦਰਅਸਲ, ਫਾਸਟੈਗ ਦੀ ਪੂਰੀ ਪ੍ਰਣਾਲੀ ਬਾਰੇ ਖਪਤਕਾਰਾਂ ਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਉਨ੍ਹਾਂ ਸ਼ਿਕਾਇਤਾਂ ਨੂੰ ਨਾ ਤਾਂ ਕਿਤੇ ਸੁਣਿਆ ਜਾ ਰਿਹਾ ਹੈ ਅਤੇ ਨਾ ਹੀ ਕਿਸੇ ਵੀ ਪੱਧਰ 'ਤੇ ਚੀਜ਼ਾਂ ਨੂੰ ਠੀਕ ਕਰਨ ਦੀ ਕੋਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਮ ਖਪਤਕਾਰ ਨਤੀਜੇ ਭੁਗਤ ਰਿਹਾ ਹੈ। ਫਾਸਟੈਗ ਦੀ ਪੂਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਭਾਰੀ ਘਾਟ ਹੈ। ਇਸ ਲਈ ਨਾ ਤਾਂ ਕੋਈ ਨਿਯਮ ਹੈ ਅਤੇ ਨਾ ਹੀ ਕੋਈ ਰੈਗੂਲੇਟਰ। ਦੇਸ਼ ਵਿੱਚ 39 ਬੈਂਕਾਂ ਅਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਨੂੰ ਫਾਸਟੈਗ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਕੀ ਇਹ ਲੋਕ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਹਨ? ਜਦੋਂ ਕੋਈ ਖਪਤਕਾਰ ਆਪਣੀ ਸਮੱਸਿਆ ਲੈ ਕੇ ਬੈਂਕ ਜਾਂਦਾ ਹੈ, ਤਾਂ ਉਸਨੂੰ ਇਹ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿ ਕੰਮ ਕਿਸੇ ਤੀਜੀ ਧਿਰ ਕੋਲ ਹੈ। ਹੁਣ ਖਪਤਕਾਰ ਤੀਜੀ ਧਿਰ ਨੂੰ ਲੱਭਣ ਲਈ ਕਿੱਥੇ ਜਾਵੇਗਾ? ਖਰਾਬ ਹੋਏ ਫਾਸਟੈਗ ਸਟਿੱਕਰ, ਖਾਤੇ ਵਿੱਚੋਂ ਪੈਸੇ ਦੀ ਵਾਰ-ਵਾਰ ਕਟੌਤੀ, ਦੋਹਰਾ ਟੋਲ ਭੁਗਤਾਨ, ਸਰਵਰ ਗੜਬੜ ਵਰਗੀਆਂ ਖਾਮੀਆਂ ਦੀ ਜ਼ਿੰਮੇਵਾਰੀ ਕੌਣ ਲਵੇਗਾ? ਖਪਤਕਾਰ ਨੂੰ ਆਪਣੀਆਂ ਸਮੱਸਿਆਵਾਂ ਤੋਂ ਕਿਵੇਂ ਰਾਹਤ ਮਿਲੇਗੀ? ਸਰਕਾਰ ਦੇ ਟੋਲ ਵਸੂਲੀ ਦੇ ਅੰਕੜੇ ਵੱਧ ਰਹੇ ਹਨ। ਇਹ ਚੰਗੀ ਗੱਲ ਹੈ, ਪਰ ਖਪਤਕਾਰ ਜ਼ਰੂਰ ਚੰਗੀ ਸੇਵਾ ਦੀ ਉਮੀਦ ਕਰੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬੁਨਿਆਦੀ ਢਾਂਚਾ ਚੰਗਾ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਪਰ ਕੁਝ ਖਾਮੀਆਂ ਵੀ ਹਨ, ਜਿਸ ਕਾਰਨ ਆਮ ਖਪਤਕਾਰ ਪਰੇਸ਼ਾਨ ਹੋ ਰਿਹਾ ਹੈ। ਇਸ ਯੋਜਨਾ ਦਾ ਲਾਭ ਉਦੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਦੋਂ ਸੜਕਾਂ ਚੰਗੀ ਹਾਲਤ ਵਿੱਚ ਹੋਣ ਅਤੇ ਲੋਕਾਂ ਨੂੰ ਆਪਣੀ ਯਾਤਰਾ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਪਰ ਹੈਰਾਨੀ ਦੀ ਗੱਲ ਹੈ ਕਿ ਫਾਸਟੈਗ ਸਿਸਟਮ ਤੋਂ ਪੰਜ ਹਜ਼ਾਰ ਕਰੋੜ ਦਾ ਮਾਲੀਆ ਇਕੱਠਾ ਕਰਨ ਵਾਲੀ ਕੰਪਨੀ ਕੋਲ ਕੋਈ ਦਫ਼ਤਰ ਨਹੀਂ ਹੈ, ਜਿੱਥੇ ਕੋਈ ਖਪਤਕਾਰ ਪਹੁੰਚ ਸਕੇ ਅਤੇ ਆਪਣੇ ਵਿਚਾਰ ਪ੍ਰਗਟ ਕਰ ਸਕੇ। ਟੋਲ ਪਲਾਜ਼ਿਆਂ 'ਤੇ ਲੋਕ ਦਿਖਾਈ ਦਿੰਦੇ ਹਨ, ਪਰ ਇਹ ਸਵਾਲ ਵੀ ਉੱਠਦੇ ਹਨ ਕਿ ਉਹ ਖਪਤਕਾਰਾਂ ਪ੍ਰਤੀ ਕਿੰਨੇ ਜ਼ਿੰਮੇਵਾਰ ਹਨ। ਉਨ੍ਹਾਂ ਲੋਕਾਂ ਲਈ ਜਟਿਲਤਾ ਵੱਧ ਜਾਂਦੀ ਹੈ ਜੋ ਪਹਿਲੀ ਵਾਰ ਫਾਸਟੈਗ ਲੈ ਰਹੇ ਹਨ ਜਾਂ ਜਿਨ੍ਹਾਂ ਕੋਲ ਇਸਦੀ ਪ੍ਰਕਿਰਿਆ ਬਾਰੇ ਸਹੀ ਜਾਣਕਾਰੀ ਨਹੀਂ ਹੈ। ਅਣਅਧਿਕਾਰਤ ਵਿਕਰੇਤਾ ਆਸਾਨੀ ਨਾਲ ਲੋਕਾਂ ਨੂੰ ਆਪਣੇ ਚੁੰਗਲ ਵਿੱਚ ਫਸਾ ਲੈਂਦੇ ਹਨ। ਅਜਿਹੇ ਲੋਕਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ? ਹਾਈਵੇਅ ਦਾ ਇੱਕ ਚਮਕਦਾਰ ਸਿਸਟਮ ਵਿਕਸਤ ਕਰਨਾ ਕਾਫ਼ੀ ਨਹੀਂ ਹੈ। ਹਾਈਵੇਅ ਦਾ ਸਿਸਟਮ ਉਦੋਂ ਹੀ ਮਜ਼ਬੂਤ ਕਹਾਇਆ ਜਾਵੇਗਾ ਜਦੋਂ ਵਰਤੋਂ ਲਈ ਇੱਕ ਸੁਚਾਰੂ ਸਿਸਟਮ ਹੋਵੇ, ਇੱਕ ਮਜ਼ਬੂਤ ਸਿਸਟਮ ਸਥਾਪਤ ਕੀਤਾ ਜਾਵੇ ਅਤੇ ਖਪਤਕਾਰਾਂ ਨੂੰ ਆਪਣੀ ਯਾਤਰਾ ਵਿੱਚ ਕੋਈ ਸਮੱਸਿਆ ਨਾ ਆਵੇ।

-ਜਗਜੀਤ ਸਿੰਘ ਦਰਦੀ

## ਅੰਤਰਰਾਸ਼ਟਰੀ ਯੋਗ ਦਿਵਸ 'ਤੇ ਵਿਸ਼ੇਸ਼

# ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਯੋਗ ਜ਼ਰੂਰੀ ਏ



ਦਲਬੀਰ ਸਿੰਘ ਧਾਲੀਵਾਲ
86993-22704



ਵੇਖਿਆ ਜਾਵੇ ਤਾਂ ਯੋਗਾ ਮਨੁੱਖ ਲਈ ਇੱਕ ਵਰਦਾਨ ਹੈ ਕਿਉਂਕਿ ਇਹ ਸਾਨੂੰ ਤੰਦਰੁਸਤ ਜ਼ਿੰਦਗੀ ਜਿਊਣ ਦੀ ਕਲਾ ਸਿਖਾਉਂਦਾ ਹੈ । ਵਿਸ਼ਬਕਰ ਯੋਗਾ ਇੱਕ ਸਰੀਰਕ, ਮਾਨਸਿਕ ਤੇ ਅਧਿਆਤਮਕ ਅਭਿਆਨ ਹੈ ਜੋ ਅੱਜ ਤੋਂ 5000 ਸਾਲ ਪਹਿਲਾਂ ਸਾਡੇ ਪ੍ਰਾਚੀਨ ਭਾਰਤ ਵਿੱਚ ਸਾਡੇ ਮਹਾਂਪੁਰਸ਼ਾਂ, ਰਿਸ਼ੀਆਂ ਮੁਨੀਆਂ ਅਤੇ ਯੋਗ ਅਚਾਰੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੀ । ਯੋਗ ਸ਼ਬਦ ਸੰਸਕ੍ਰਿਤ ਦੇ ਇੱਕ ਲਫ਼ਜ਼ 'ਯੁਜ' ਤੋਂ ਆਇਆ ਹੈ, ਜਿਸ ਦਾ ਅਰਥ ਹੈ ਜੂਲਾ ਜਾਂ ਇੱਕ ਜੁੱਟ ਹੋਣਾ । ਇਸ ਤਰ੍ਹਾਂ ਯੋਗਾ ਨੂੰ ਅਕਸਰ ਅਭਿਆਸਾਂ ਦੀ ਇੱਕ ਪ੍ਰਣਾਲੀ ਵਜੋਂ ਦਰਸਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਸਰੀਰ, ਮਨ ਅਤੇ ਦਿਮਾਗ ਨੂੰ ਏਕੀਕ੍ਰਿਤ ਕਰਨਾ ਹੈ । ਮੂਲ ਰੂਪ ਵਿੱਚ ਯੋਗਾ ਰਾਹੀਂ ਵੱਖ-ਵੱਖ ਸਰੀਰਕ ਆਸਣ, ਸਾਹ ਲੈਣ ਦੀਆਂ ਤਕਨੀਕਾਂ (ਪ੍ਰਾਣਾਯਾਮ) ਅਤੇ ਧਿਆਨ ਅਭਿਆਸ ਸ਼ਾਮਲ ਹੁੰਦੇ ਹਨ ਜੋ ਸਰੀਰਕ ਤਾਕਤ, ਲਚਕਤਾ, ਸੰਤੁਲਨ ਸਮੇਤ ਸਿਹਤ ਅਤੇ ਤੰਦਰੁਸਤੀ ਨੂੰ ਸਮੁੱਚੇ ਤੌਰ 'ਤੇ ਵਧਾਉਂਦੇ ਹਨ, ਧਿਆਨ ਲਾਉਣ ਦੀਆਂ ਤਕਨੀਕਾਂ ਮਨ ਨੂੰ ਸ਼ਾਂਤ ਕਰਨ ਅਤੇ ਸਵੈ ਜਾਗਰੂਕਤਾ ਦੀ ਡੂੰਘੀ ਭਾਵਨਾ ਨਾਲ ਜੁੜਨ ਲਈ ਮਦਦ ਕਰਦੀਆਂ ਹਨ । ਇਸ ਤੋਂ ਇਲਾਵਾ ਦੁਨੀਆਂ ਵਿੱਚ ਲੱਖਾਂ ਲੋਕ ਯੋਗਾ ਦਾ ਅਭਿਆਸ ਕਰਦੇ ਹਨ, ਬਹੁਤ ਸਾਰੀਆਂ ਵੱਖਰੀਆਂ ਸ਼ੈਲੀਆਂ ਹਨ, ਜਿਵੇਂ ਹੱਥ ਯੋਗ, ਅਸ਼ਟਾਂਗ ਯੋਗਾ, ਅਯੰਗਰ ਯੋਗਾ, ਕੁੰਡਲੀ ਯੋਗਾ, ਚੱਕੀ ਆਸਣ ਆਦਿ । ਯੋਗਾ ਮਾਨਸਿਕ ਲਾਭਾਂ ਦੀ ਖੁਸ਼ਹਾਲ ਸ਼੍ਰੇਣੀ ਪ੍ਰਦਾਨ ਕਰਨ ਲਈ ਜਾਣਿਆ ਜਾਂਦਾ ਹੈ । ਜਿਨ੍ਹਾਂ ਵਿੱਚ ਚੋਟੀ ਦੇ 5 ਹਨ ਜਿਵੇਂ ਕਿ ਤਣਾਅ ਘਟਾਉਣਾ, ਮਾਨਸਿਕ ਚਿੰਤਾ ਤੋਂ ਛੁਟਕਾਰਾ, ਸਰੀਰਕ ਮਾਸਪੇਸ਼ੀਆਂ ਨੂੰ ਲਚਕੀਲਾ ਬਣਾਉਣਾ ਆਦਿ । ਯੋਗਾ ਪੈਰਾ ਸਿੰਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਨ ਵਿੱਚ ਮਦਦ ਕਰਦਾ ਹੈ ਜੋ ਤਣਾਅ ਜਾਂ ਚਿੰਤਾ ਦਾ ਮੁਕਾਬਲਾ ਕਰਨ ਵਿੱਚ ਮਦਦ ਕਰਦਾ ਹੈ । ਇੱਥੇ ਇਹ ਵੀ ਵਿਚਾਰਣਯੋਗ ਹੈ ਕਿ ਅੰਤਰਰਾਸ਼ਟਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ । ਇਸ ਦਾ ਕਾਰਨ ਇਹ ਹੈ ਕਿ 21 ਜੂਨ ਸਾਲ ਦਾ ਸਭ ਤੋਂ ਲੰਬਾ ਦਿਨ ਮੰਨਿਆ ਜਾਂਦਾ ਹੈ ਜਿਸ ਨੂੰ ਗਰਮੀਆਂ ਦਾ ਸੰਕ੍ਰਮਣ ਵੀ ਕਿਹਾ ਜਾਂਦਾ ਹੈ । ਇਹ ਦਿਨ ਉੱਤਰੀ ਗੋਲਿਸਫਾਇਰ ਵਿੱਚ ਸਭ ਤੋਂ ਲੰਬਾ ਦਿਨ ਹੈ । ਇਸ ਦਿਨ ਨੂੰ ਯੋਗ ਅਤੇ ਅਧਿਆਤਮਿਕਤਾ ਲਈ ਬਹੁਤ ਖਾਸ ਮੰਨਿਆ ਜਾਂਦਾ ਹੈ । ਇਸੇ ਕਾਰਨ ਹੀ 21 ਜੂਨ ਨੂੰ ਇਹ ਯੋਗ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ । ਅਜੋਕੇ ਭਾਰਤ ਦੇ ਇਤਿਹਾਸ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਦੀ ਸ਼ੁਰੂਆਤ 2015 ਵਿੱਚ ਉਦੋਂ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਸੰਯੁਕਤ ਰਾਸ਼ਟਰ ਮਹਾਂ ਸਭਾ ਵਿੱਚ ਪ੍ਰਸਤਾਵ ਰੱਖਣ ਦੇ ਨਾਲ ਕੀਤੀ ਸੀ, ਜਿਸ ਤੋਂ ਬਾਅਦ ਭਾਰਤ ਵਿੱਚ ਇਹ ਦਿਨ ਪੱਕਾ ਹੋ ਗਿਆ । ਇਸ ਯੋਗ ਦਿਵਸ ਦਾ ਆਯੋਜਨ ਹਰ ਸਾਲ ਕਿਸੇ ਖਾਸ ਥੀਮ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਂਦਾ ਹੈ, ਜਿਵੇਂ ਕਿ 1924 ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਥੀਮ ਲਈ ਔਰਤਾਂ ਨੂੰ ਚੁਣਿਆ ਗਿਆ ਸੀ, ਮਹਿਲਾ ਸ਼ਕਤੀਕਰਨ ਦੇ ਮਕਸਦ ਨੂੰ ਲੈ ਕੇ । ਪੁਰਾਣੇ ਜ਼ਮਾਨੇ ਵਿੱਚ ਤਾਂ ਮਰਦ ਔਰਤਾਂ ਘਰੇਲੂ ਕੰਮ ਕਰਦੀਆਂ ਸਨ ਜਿਸ ਨਾਲ ਉਨ੍ਹਾਂ ਦੀ ਕਸਰਤ ਹੁੰਦੀ ਰਹਿੰਦੀ ਸੀ ਜਿਵੇਂ ਕਿ ਮਰਦ ਸਾਈਕਲ ਚਲਾਉਂਦੇ ਸਨ, ਖੇਤਾਂ ਵਿੱਚ ਕੰਮ ਕਰਦੇ ਸਨ ਆਦਿ, ਜਿਸ ਵਿੱਚ ਕਈ ਅੱਜ ਦੇ ਆਸਣ ਛੁਪੇ ਹੋਏ ਸਨ ਪਰ ਅੱਜ ਇਨ੍ਹਾਂ ਵਿਹਲੇ ਮਰਦ, ਔਰਤਾਂ ਦੀ ਲੋੜ ਯੋਗ ਆਸਣਾਂ ਰਾਹੀਂ ਪੂਰੀ ਕੀਤੀ ਜਾਂਦੀ ਹੈ ਜਿਵੇਂ ਕਿ ਚੱਕੀ ਆਸਣ ਜੋ ਪੁਰਾਣੇ ਜ਼ਮਾਨੇ ਵਿੱਚ ਔਰਤਾਂ ਘਰ ਵਿੱਚ ਲੱਗੀ ਚੱਕੀ ਚਲਾ ਕੇ ਦਾਲ ਜਾਂ ਮਸਾਲਾ ਪੀਸਦੀਆਂ ਸਨ, ਪੈਰਾਂ ਭਾਰ ਬੈਠ ਕੇ ਝਾੜੂ ਲਾਉਣਾ, ਕੱਪੜੇ ਧੋਣਾ ਆਦਿ ਜਿਸ ਨਾਲ ਗੋਡਿਆਂ, ਕਮਰ, ਦੀਆਂ ਮਾਸਪੇਸ਼ੀਆਂ ਦੀ ਵਰਜਿਸ਼ ਹੁੰਦੀ ਰਹਿੰਦੀ ਸੀ ਪਰ ਅੱਜ ਇਸ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ ਹੈ । ਯੋਗ ਸਿਰਫ ਸਰੀਰ ਨੂੰ ਹੀ ਨਹੀਂ ਸਗੋਂ ਦਿਮਾਗੀ ਅਤੇ ਮਾਨਸਿਕ ਤੌਰ 'ਤੇ ਵੀ ਅੰਦਰੂਨੀ ਬਿਮਾਰੀਆਂ ਤੋਂ ਬਚਾਉਂਦਾ ਹੈ । ਯੋਗ ਸਾਡੇ ਸਰੀਰ, ਮਾਸਪੇਸ਼ੀਆਂ ਨੂੰ, ਦਿਮਾਗ ਨੂੰ ਤੇ ਸੋਚ ਨੂੰ ਵੀ ਲਚਕੀਲਾ ਬਣਾਉਂਦਾ ਹੈ । ਯੋਗ ਸਾਨੂੰ ਅੰਦਰੂਨੀ ਸ਼ਾਂਤੀ ਵੀ ਦਿੰਦਾ ਹੈ ਪਰ ਯੋਗ ਕਰਨ ਦੇ ਨਾਲ ਨਾਲ ਸਾਨੂੰ ਆਪਣੇ ਖਾਣ-ਪੀਣ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ, ਜਿਵੇਂ ਕਿ ਪੌਸ਼ਟਿਕ ਭੋਜਨ ਖਾਣਾ ਅਤੇ ਬਜ਼ਾਰ ਦੀਆਂ ਸਿਰਫ ਸੁਆਦਿਸ਼ਟ ਅਤੇ ਗੈਰ ਪੌਸ਼ਟਿਕ ਖਾਣ ਪੀਣ ਤੋਂ ਪ੍ਰਹੇਜ਼ ਕਰਨਾ । ਯੋਗਾ ਤੋਂ ਮੈਡੀਟੇਸ਼ਨ ਤੱਕ ਦੀ ਜੋ ਆਖਰੀ ਸਟੇਜ ਹੈ, ਉਹ ਸਰੀਰ ਦੀਆਂ 90% ਬਿਮਾਰੀਆਂ ਨੂੰ ਠੀਕ ਕਰ ਸਕਦੀ ਹੈ ਪਰ ਸਾਡਾ ਬੈਠਣ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ ਜਿਵੇਂ ਕਿ ਕਮਰ ਸਿੱਧੀ ਹੋਣੀ ਚਾਹੀਦੀ ਹੈ ਨਾ ਕਿ ਢਿੱਲਾ ਲਗਾ ਕੇ ਮੈਡੀਟੇਸ਼ਨ ਕੀਤੀ ਜਾਵੇ । ਯੋਗ ਕਰਨ ਦੇ ਨਾਲ ਨਾਲ ਵਾਤਾਵਰਣ ਵੀ ਸ਼ੁੱਧ ਹੋਣਾ ਜ਼ਰੂਰੀ ਹੈ ਤਾਂ ਕਿ ਉਥੇ ਸਾਹ ਲੈਣ ਲਈ ਸ਼ੁੱਧ ਹਵਾ ਮਿਲੇ । ਇਸੇ ਕਰਕੇ ਹੀ ਅੱਜ ਕੱਲ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਪਾਰਕਾਂ ਅਤੇ ਹੋਰ ਸਾਂਝੀਆਂ ਖੁੱਲੀਆਂ ਹਵਾਦਾਰ ਥਾਂਵਾਂ ਉੱਤੇ ਯੋਗ ਕੈਂਪ ਲਾਏ ਜਾ ਰਹੇ ਹਨ, ਜਿਸ ਦੇ ਲਈ ਟ੍ਰੇਨਰ ਵੀ ਰੱਖੇ ਹੋਏ ਹਨ । ਇਵੇਂ ਹੀ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵੀ ਅੱਜ 140 ਥਾਂਵਾਂ ਉੱਤੇ ਇਹ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ ਨੂੰ ਮਨਾਇਆ ਜਾ ਰਿਹਾ ਹੈ ।ਇਸ ਦੇ ਨਾਲ ਹੀ ਕੁੱਝ ਸਮਾਜ ਸੇਵੀ ਸੁਸਾਇਟੀਆਂ ਵੀ ਮੋਹਾਲੀ ਅਤੇ ਚੰਡੀਗੜ੍ਹ ਵਿੱਚ ਆਪਣੇ ਤੌਰ 'ਤੇ ਇਸ ਯੋਗਾ ਦਿਵਸ ਨੂੰ ਮਨਾ ਰਹੀਆਂ ਹਨ, ਜਿਨ੍ਹਾਂ ਵਿੱਚ ਇੱਕ ਨਾਮਵਰ ਸਮਾਜ ਸੇਵੀ ਐਨ.ਜੀ.ਓ. ਜਿਸ ਦਾ ਨਾਮ ਐਚ. ਹਾਊਸਿੰਗ ਪਾਰਕ ਵੈਲਫੇਅਰ ਸੁਸਾਇਟੀ ਫੇਸ-1 ਮੋਹਾਲੀ ਹੈ, ਉਹ ਵੀ ਇੱਥੇ ਦੇ ਸਪੈਸ਼ਲ ਪਾਰਕ ਵਿੱਚ ਇਹ ਯੋਗ ਦਿਹਾੜਾ ਬੜੀ ਵਧੀਆ ਤਰੀਕੇ ਨਾਲ ਮਨਾ ਰਹੇ ਹਨ । ਇਸ ਸੁਸਾਇਟੀ ਦਾ ਯੋਗਦਾਨ ਵੀ ਜ਼ਿਕਰਯੋਗ ਹੈ ਜਿਵੇਂ ਕਿ ਇਸ ਪਾਰਕ ਦੀ ਹਾਲਤ ਪਹਿਲਾਂ ਬਹੁਤੀ ਚੰਗੀ ਨਹੀਂ ਸੀ ਪਰ ਇਸ ਸੁਸਾਇਟੀ ਨੇ ਇਸ ਨੂੰ ਆਪਣੀ ਮਿਹਨਤ ਨਾਲ ਸੰਵਾਰਿਆ, ਫੁੱਲ ਬੂਟੇ ਲਗਾਏ, ਸਫ਼ਾਈ ਕਰਵਾਈ, ਬੈਂਚਾਂ ਅਤੇ ਟਰੈਕਾਂ ਆਦਿ ਨੂੰ ਪੇਂਟ ਕਰਵਾਇਆ, ਲੋਕਾਂ ਦੇ ਖੇਡਣ ਲਈ ਬੈਡਮਿੰਟਨ ਦੇ ਨੈਟ ਲਗਵਾਏ, ਜਿਸ ਸਭ ਨਾਲ ਇਸ ਪਾਰਕ ਦੀ ਦਿਖ ਬਦਲ ਕੇ ਇੰਨੀ ਸੋਹਣੀ ਬਣ ਗਈ, ਜਿਸ ਨੂੰ ਵੇਖ ਕੇ ਖੁਸ਼ ਹੋ ਕੇ ਮੋਹਾਲੀ ਕਾਰਪੋਰੇਸ਼ਨ ਵੱਲੋਂ ਇਹ ਪਾਰਕ ਇਸ ਐਨ.ਜੀ.ਓ. ਦੇ ਸਪੁਰਦ ਕਰ ਦਿੱਤਾ ਹੈ, ਜਿਸ ਨਾਲ ਐਨ.ਜੀ.ਓ. ਮੈਂਬਰਾਂ ਨੇ ਉਤਸ਼ਾਹ ਵਜੋਂ ਇਸ ਪਾਰਕ ਵਿੱਚ ਆਪਣੇ ਖਰਚੇ 'ਤੇ ਯੋਗਾ ਟ੍ਰੇਨਰ ਦਾ ਪ੍ਰਬੰਧ ਕਰਕੇ ਯੋਗਾ ਕਲਾਸਾਂ ਸ਼ੁਰੂ ਕਰ ਦਿੱਤੀਆਂ ਅਤੇ ਹੁਣ 21 ਜੂਨ ਨੂੰ ਯੋਗਾ ਦਿਵਸ ਬੜੇ ਵਧੀਆ ਤਰੀਕੇ ਨਾਲ ਮਨਾ ਰਹੇ ਹਨ ਜੋ ਸਾਡੇ ਸਮਾਜ ਲਈ ਇੱਕ ਮਿਸਾਲ ਹੈ । ਇਵੇਂ ਹੀ ਅੱਜ ਇਸ ਯੋਗਾ ਦਿਵਸ ਮੌਕੇ ਪੀ.ਜੀ.ਆਈ. ਦੇ 3000 ਡਾਕਟਰ ਅਤੇ ਹੈਲਥ ਕੇਅਰ ਵਰਕਰ ਯੋਗ ਕਰਕੇ ਇਸ ਦਿਨ ਨੂੰ ਮਨਾ ਰਹੇ ਹਨ । ਪਿਛਲੇ ਸਾਲ 2024 ਵਿੱਚ ਇਨ੍ਹਾਂ ਡਾਕਟਰਾਂ ਤੇ ਹੈਲਥ ਵਰਕਰਾਂ ਨੇ ਇੱਕਠੇ ਯੋਗ ਕਰਕੇ ਆਸ਼ਾ ਬੁੱਕ ਆਫ ਵਰਲਡ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਇਆ ਸੀ । ਇਹ ਜ਼ਿਕਰਯੋਗ ਹੈ ਕਿ ਪੀ.ਜੀ.ਆਈ 2 ਡਾਕਟਰ ਯੋਗ ਵਿੱਚ ਐਮ.ਡੀ. ਕਰ ਚੁੱਕੇ ਹਨ ਅਤੇ 4 ਕਰ ਰਹੇ ਹਨ ਅਤੇ ਇੱਕ ਨੇ ਡੀ.ਐਮ. ਕੀਤੀ ਹੈ । ਯੋਗ ਆਸਣ ਦੇ ਫਾਇਦਿਆਂ ਦੇ ਬਾਰੇ ਅਨੈਥੀਸੀਆ ਵਿੱਚ ਐਮ.ਡੀ. ਦੇ ਨਾਲ ਹੀ ਯੋਗ ਉੱਤੇ ਰਿਸਰਚ ਕਰਨ ਵਾਲੀ ਡਾਕਟਰ ਹਾਸ਼ਿਤਾ ਸੂਦ ਨੇ ਦੱਸਿਆ ਕਿ ਬੈਕ ਪੇਨ ਦੇ ਮਰੀਜ਼ਾਂ ਨੂੰ ਅਸੀਂ ਯੋਗ ਕਰਵਾਇਆ ਤਾਂ ਉਨ੍ਹਾਂ ਦੇ ਸਰੀਰ ਵਿੱਚ ਫਲੈਕੀਸੀਬਿਲਟੀ ਵਧੀ ਅਤੇ ਫਿਰ 21 ਆਸਣਾਂ ਦਾ ਸ਼ੋਸਲ ਐਂਟੀ ਕਰੇਟੀਡ ਯੋਗ ਥਰੈਪੀ ਸ਼ਡਿਊਲ ਬਣਾਇਆ ਗਿਆ ਹੈ । 3 ਮਹੀਨੇ ਬਾਅਦ ਕੇਅਰ ਬੈਕ ਪੇਨ ਦੇ 30 ਮਰੀਜ਼ਾਂ ਨੂੰ ਫਿਜ਼ੀਓਥੈਰੇਪੀ ਰਾਹੀਂ ਯੋਗ ਆਸਣ ਕਰਾਵੇ ਗਏ, ਜਿਸ ਨਾਲ ਮਰੀਜ਼ਾਂ ਦੇ ਸਰੀਰ ਵਿੱਚ ਫਲੈਕਸੀਬਿਲਟੀ ਜ਼ਿਆਦਾ ਹੋਈ । ਇਨ੍ਹਾਂ ਡਾਕਟਰਾਂ ਦਾ ਕਹਿਣਾ ਹੈ ਕਿ ਫੈਟੀ ਲੀਵਰ ਦੀ ਬਿਮਾਰੀ ਨੂੰ ਵੀ ਇਹ ਯੋਗਾ ਆਸਣ ਘੱਟ ਕਰਦੇ ਹਨ । ਜੇ ਇਸੇ ਤਰ੍ਹਾਂ ਵੱਖ ਵੱਖ ਡਾਕਟਰਾਂ ਅਤੇ ਯੋਗ ਮਾਹਿਰਾਂ ਵੱਲੋਂ ਜੋ ਸਾਡੇ ਨਾਲ ਆਪਣੀ ਖੋਜ ਰਾਹੀਂ ਅੰਕੜੇ ਦੱਸੇ ਜਾ ਰਹੇ ਹਨ ਜਿਸ 'ਤੇ ਅਮਲ ਕਰਦੇ ਹੋਏ ਇਹ ਅੰਤਰਰਾਸ਼ਟਰੀ ਯੋਗਾ ਦਿਵਸ ਸਾਨੂੰ ਵੱਧ ਚੜ੍ਹ ਕੇ ਮਨਾਉਣਾ ਚਾਹੀਦਾ ਹੈ ਅਤੇ ਅੱਗੇ ਤੋਂ ਵੀ ਇਸ ਯੋਗ ਦੇ ਆਸਣਾਂ ਨੂੰ ਅਪਣਾ ਕੇ ਆਪਣੀ ਜੀਵਨ ਸ਼ੈਲੀ ਨੂੰ ਸੁਚਾਰੂ ਬਣਾਉਣਾ ਚਾਹੀਦਾ ਹੈ ।

## ਸਿੱਖਾਂ ਦੇ ਦਿਲਾਂ 'ਚ ਕਿਉਂ ਵਸਦੈ ਈਰਾਨ

# ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ 'ਚ ਕਿਹੜੀ ਉਦਾਸੀ 'ਚ ਸੀ ਈਰਾਨ ਦੀ ਯਾਤਰਾ

ਰਾਜਨ ਨਾਥ

ਇਜ਼ਰਾਈਲ ਤੇ ਇਰਾਨ ਵਿਚਕਾਰ ਚੱਲ ਰਹੀ ਜੰਗ ਫਿਲਹਾਲ ਰੁੱਕਣ ਦਾ ਨਾਮ ਨਹੀਂ ਲੈ ਰਹੀ ਤੇ ਇਸ ਦੌਰਾਨ ਅਮਰੀਕਾ ਵੱਲੋਂ ਵੀ ਈਰਾਨ ਨੂੰ ਸਿੱਧੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਅਜਿਹੇ 'ਚ ਈਰਾਨ ਦੇ ਵਿੱਚ ਹਾਲਾਤ ਅਜਿਹੇ ਬਣ ਗਏ ਹਨ ਕਿ ਲੋਕਾਂ ਨੂੰ ਪਨਾਹ ਲੈਣ ਲਈ ਭੱਜਣਾ ਪੈ ਰਿਹਾ ਹੈ । ਇਸ ਦੌਰਾਨ ਮੀਡੀਆਂ ਰਿਪੋਰਟਾਂ ਦੇ ਮੁਤਾਬਕ ਇੱਕ ਖ਼ਬਰ ਸਾਹਮਣੇ ਆਉਂਦੀ ਹੈ ਕਿ ਈਰਾਨ ਦੇ ਤਹਿਰਾਨ ਵਿਖੇ 1941 ਤੋਂ ਬਣਿਆ ਇੱਕੋ-ਇੱਕ ਗੁਰਦੁਆਰਾ ਬੰਦ ਕਰ ਦਿੱਤਾ ਗਿਆ। ਇਸ ਖ਼ਬਰ ਦੇ ਨਸ਼ਰ ਹੋਣ ਤੋਂ ਬਾਅਦ ਸਿੱਖਾਂ ਵਿੱਚ ਖਲਾਅ ਦੇਖਣ ਨੂੰ ਮਿਲੀ ਕਿਉਂਕਿ ਸਿੱਖਾਂ ਦੇ ਦਿਲ ਵਿੱਚ ਈਰਾਨ ਵਸਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਬਾਬਾ ਨਾਨਕ ਦੀਆਂ ਚਾਰ ਉਦਾਸੀਆਂ ਵਿੱਚੋਂ ਇੱਕ ਗੇੜਾ ਈਰਾਨ ਦਾ ਵੀ ਸੀ ।

**ਜਾਣੋ ਈਰਾਨ 'ਚ ਮੌਜੂਦ ਸਿੱਖ ਗੁਰਦੁਆਰਿਆਂ ਦਾ ਇਤਿਹਾਸ:**

ਪੰਜਾਬੀ ਭਾਵੇਂ ਦੁਨੀਆਂ ਦੇ ਕਿਸੇ ਵੀ ਥਾਂ 'ਤੇ ਹੋਵੇ ਪਰ ਪੰਜਾਬੀ ਪੰਜਾਬੀਅਤ ਨੂੰ ਨਹੀਂ ਛੱਡਦਾ । ਲਗਭਗ 9 ਕਰੋੜ 24 ਲੱਖ ਦੀ ਅਬਾਦੀ ਵਾਲੇ ਇਸਲਾਮੀ ਦੇਸ਼ ਈਰਾਨ ਵਿਖੇ ਵੀ ਪੰਜਾਬੀਅਤ ਕਾਇਮ ਹੈ। ਦੱਸ ਦੇਈਏ ਕਿ ਈਰਾਨ ਵਿਖੇ ਪਹਿਲਾਂ ਤਿੰਨ ਗੁਰਦੁਆਰੇ ਹੁੰਦੇ ਸਨ ਪਰ ਹੁਣ 2 ਹੀ ਗੁਰਦੁਆਰੇ ਮੌਜੂਦ ਹਨ, ਜਿਨ੍ਹਾਂ ਵਿਚੋਂ ਇੱਕ ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਤੋਂ ਉੱਥੇ ਮੌਜੂਦ ਹੈ ।

ਦੱਸਣਯੋਗ ਹੈ ਕਿ ਪਹਿਲਾਂ ਈਰਾਨ ਵਿੱਚ ਤਿੰਨ ਗੁਰਦੁਆਰੇ ਹੁੰਦੇ ਸਨ, ਇੱਕ ਤਹਿਰਾਨ ਵਿੱਚ, ਇੱਕ ਅਬਾਦਾਨ ਤੇ ਤੀਜਾ ਜ਼ਾਹਿਦਾਨ ਵਿਚ । ਅੰਗਰੇਜ਼ਾਂ ਵੇਲੇ ਅਬਾਦਾਨ ਵਿੱਚ ਸਿੱਖਾਂ ਦੀ ਗਿਣਤੀ ਵੱਧ ਹੁੰਦੀ ਸੀ ਤੇ ਇੱਕ ਸੜਕ ਦਾ ਨਾਮ ਵੀ ਸਿੱਖ ਸ਼ੈਲੀ ਸੀ । ਪਰ ਬਾਅਦ ਵਿੱਚ ਅਬਾਦਾਨ ਵਿਚੋਂ ਸਿੱਖ ਤਹਿਰਾਨ ਆ ਗਏ ਸਨ, ਜਿਸ ਤੋਂ ਬਾਅਦ ਉੱਥੇ ਦੇ ਗੁਰਦੁਆਰੇ ਦੀ ਇਮਾਰਤ ਅਜਾਇਬਘਰ ਹੋ ਗਈ।

**ਮੌਜੂਦਾ ਗੁਰਦੁਆਰਿਆਂ ਦਾ ਇਤਿਹਾਸ :**

ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਤਹਿਰਾਨ, ਈਰਾਨ

ਸਿੱਖ ਸਕਾਲਰ ਪ੍ਰੋ. ਹਰਪਾਲ ਸਿੰਘ ਪਨੂੰ ਮੁਤਾਬਕ ਤਹਿਰਾਨ ਵਿਖੇ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਈਰਾਨ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ ਅਤੇ ਇੱਥੇ ਭਾਈ ਮਰਦਾਨਾ ਜੀ ਸਮੇਤ ਮਹਾਰਾਜ (ਯਾਨੀ ਸ੍ਰੀ ਗੁਰੂ ਨਾਨਕ ਦੇਵ ਜੀ) ਨੇ ਇੱਥੇ ਰਾਤ ਕੱਟੀ ਸੀ । ਇਹ ਇਤਿਹਾਸਿਕ ਗੁਰਦੁਆਰਾ ਹੈ। ਇਸ ਗੁਰਦੁਆਰੇ ਦੀ ਸਥਾਪਨਾ 1941 ਵਿੱਚ ਭਾਈ ਗੰਗਾ ਸਿੰਘ ਸਭਾ ਤਹਿਰਾਨ ਦੁਆਰਾ ਕੀਤੀ ਗਈ ਸੀ । ਇਹ ਗੁਰਦੁਆਰਾ ਉਦੋਂ ਸਰਕਾਰ ਦੀ ਆਗਿਆ ਲੈ ਕੇ ਬਣਵਾਇਆ ਗਿਆ ਸੀ। ਪਹਿਲਾਂ ਇਹ ਕੱਚਾ ਹੁੰਦਾ ਸੀ ਪਰ ਬਾਅਦ 'ਚ ਪੱਕਾ ਕਰਵਾ ਲਿਆ ਗਿਆ ਸੀ। ਉਦੋਂ ਈਰਾਨ ਦੇ ਹੁਕਮਰਾਨ ਮੁਹੰਮਦ ਰਜ਼ਾ ਸ਼ਾਹ ਪਹਲਵੀ ਨੇ ਇਸ ਗੁਰਦੁਆਰੇ ਦੀ ਉਸਾਰੀ ਲਈ ਆਗਿਆ ਦੇ ਦਿੱਤੀ ਸੀ। ਤਹਿਰਾਨ 'ਚ ਹੀ ਮੌਜੂਦ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਦਰਵਾਜ਼ਾਏ ਦੌਲਤ ਭਾਈ ਗੰਗਾ ਸਿੰਘ ਸਭਾ ਗੁਰਦੁਆਰੇ ਤੋਂ ਲਗਭਗ ਅੱਧਾ ਕਿਲੋਮੀਟਰ ਦੂਰ ਇੱਕ ਮੈਟਰੋ ਸਟੇਸ਼ਨ ਨੇੜੇ ਇੱਕ ਗੇਟ ਬਣਿਆ ਹੋਇਆ ਹੈ। ਜਦੋਂ ਇਹ ਗੁਰਦੁਆਰਾ ਬਣਿਆ ਤੇ ਮਹਾਰਾਜ ਦਾ ਪ੍ਰਕਾਸ਼ ਹੋਇਆ ਤਾਂ ਕੁਝ ਈਰਾਨੀ ਕਲਾਕਾਰ ਉਥੇ ਪਹੁੰਚੇ ਅਤੇ ਇੱਕ ਗੇਟ ਬਣਾਉਣ ਦਾ ਪ੍ਰਸਤਾਵ ਦਿੱਤਾ, ਜਿਸ ਨੂੰ ਸੰਗਤ ਵੱਲੋਂ ਪ੍ਰਵਾਨ ਕਰ ਦਿੱਤਾ ਗਿਆ ਸੀ । ਈਰਾਨੀ ਸੰਗਤ ਵੱਲੋਂ ਸਿੱਖ ਸੰਗਤ ਨੂੰ ਸ੍ਰੀ ਗੁਰੂ ਨਾਨਕ ਜੀ ਦੇ ਸੁਭਾਅ ਦੱਸਣ ਲਈ ਕਿਹਾ ਗਿਆ, ਜਿਸ ਤੋਂ ਬਾਅਦ ਸਿੱਖ ਸੰਗਤ ਵੱਲੋਂ ਉਨ੍ਹਾਂ ਦੇ ਸੁਭਾਅ ਦੱਸੇ ਗਏ ਤੇ ਉਨ੍ਹਾਂ ਦੇ ਜੀਵਨ ਦੀਆਂ ਸਾਖੀਆਂ ਸੁਣਾਈਆਂ ਗਈਆਂ । ਜਦੋਂ ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਕੋਲ ਕਦੇ ਪੈਸਾ ਨਹੀਂ ਰੱਖਿਆ ਸੀ, ਤਾਂ ਈਰਾਨੀਆਂ ਨੇ ਗੇਟ ਦਾ ਨਾਮ ਦਰਵਾਜ਼ਾਏ ਦੌਲਤ ਰੱਖਣ ਦਾ ਫੈਸਲਾ ਕੀਤਾ। ਇੱਥੋਂ ਜਿਹੜੀ ਸੜਕ ਗੁਰਦੁਆਰੇ ਵੱਲ ਨੂੰ ਜਾਂਦੀ ਹੈ ਉਸਦਾ ਨਾਮ ਹੈ ਸਰਦਾਰ ਕਬੀਰ ਐਲੀ ।

ਗੁਰਦੁਆਰਾ ਸਾਹਿਬ ਜ਼ਾਹੇਦਾਨ, ਈਰਾਨ ਪਹਿਲਵੀ ਖਾਨਦਾਨ ਦੇ ਪਹਿਲੇ ਬਾਦਸ਼ਾਹ, ਰਜਾ ਸ਼ਾਹ ਪਹਿਲਵੀ, ਜੋ ਈਰਾਨ ਨੂੰ ਆਧੁਨਿਕ ਬਣਾਉਣ ਲਈ ਜਾਣੇ ਜਾਂਦੇ ਸਨ, ਨੇ 1940 ਵਿੱਚ ਪਾਕਿਸਤਾਨ ਬਾਰਡਰ ਦੇ ਨੇੜੇ ਜ਼ਾਹਿਦਾਨ ਪਿੰਡ (ਪਹਿਲਾਂ ਦੁਜ਼ਤਿਆਬ) ਦਾ ਦੌਰਾ ਕੀਤਾ । ਉੱਥੇ ਉਨ੍ਹਾਂ ਨੇ 6-7 ਸਿੱਖ ਕਿਸਾਨਾਂ ਨੂੰ ਖੇਤਾਂ ਵਿੱਚੋਂ ਵਾਪਸ ਆਉਂਦੇ ਦੇਖਿਆ, ਜਿਨ੍ਹਾਂ ਦੀਆਂ ਦਸਤਾਰਾਂ ਅਤੇ ਖੁੱਲ੍ਹੀਆਂ ਦਾੜ੍ਹੀਆਂ ਨੇ ਸ਼ਾਹ ਨੂੰ ਪ੍ਰਭਾਵਿਤ ਕੀਤਾ । ਸ਼ਾਹ ਨੇ ਉਨ੍ਹਾਂ ਨੂੰ ਰੂਹਾਨੀ ਫਕੀਰ ਕਹਿ ਕੇ ਸਤਿਕਾਰ ਨਾਲ ਸਲਾਮ ਕੀਤੀ ।

ਦਰਬਾਰੀਆਂ ਨੇ ਦੱਸਿਆ ਕਿ ਇਹ ਸਿੱਖ ਕਿਸਾਨ ਹਨ, ਜਿਨ੍ਹਾਂ ਦਾ ਵੱਖਰਾ ਮਜ਼ਹਬ ਹੈ। ਸ਼ਾਹ ਨੇ ਜਾਣ ਤੋਂ ਪਹਿਲਾਂ ਮੁੜ ਉਨ੍ਹਾਂ ਨੂੰ ਮਿਲਣ ਦੀ ਇੱਛਾ ਜਤਾਈ। ਮੁਲਾਕਾਤ ਵਿੱਚ ਸਿੱਖਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਮਸਜਿਦ (ਗੁਰਦੁਆਰਾ) ਬਣਾਉਣ ਦੀ ਇਜਾਜ਼ਤ ਨਹੀਂ ਮਿਲ ਰਹੀ। ਉਨ੍ਹਾਂ ਨੇ ਇੱਕ ਏਕੜ ਜ਼ਮੀਨ ਦੀ ਮੰਗ ਕੀਤੀ। ਸ਼ਾਹ ਨੇ ਜ਼ਮੀਨ ਦਾਨ ਵਜੋਂ ਦੇਣ ਦੀ ਪੇਸ਼ਕਸ਼ ਕੀਤੀ, ਪਰ ਸਿੱਖਾਂ ਨੇ ਕਿਹਾ ਕਿ ਉਹ ਗੁਰੂ ਨਾਨਕ ਦੇ ਮੁਰੀਦ ਹਨ ਅਤੇ ਦਾਨ ਨਹੀਂ ਲੈਂਦੇ । ਉਨ੍ਹਾਂ ਨੇ ਜ਼ਮੀਨ ਖਰੀਦਣ ਲਈ 20,000 ਤੁਮਾਨ ਦੀ ਕੀਮਤ ਅਦਾ ਕਰਨ ਦੀ ਗੱਲ ਕੀਤੀ ।

ਸ਼ਾਹ ਨੇ ਰਜਿਸਟਰੀ ਦਾ ਹੁਕਮ ਦਿੱਤਾ ਅਤੇ ਗੁਰਦੁਆਰੇ ਲਈ 20,000 ਰੁਪਏ ਦਾ ਚੈਕ ਭੇਟ ਕੀਤਾ, ਜਿਸ ਨੂੰ ਉਨ੍ਹਾਂ ਨੇ ਗੁਰੂ ਨਾਨਕ ਦੀ ਨਜ਼ਰ ਕਿਹਾ । ਨਾਲ ਹੀ, ਸ਼ਾਹ ਨੇ ਪਿੰਡ ਦਾ ਨਾਮ ਦੁਜ਼ਤਿਆਬ ਤੋਂ ਬਦਲ ਕੇ ਜ਼ਾਹਿਦਾਨ (ਰੱਬ ਦੇ ਮੁਰੀਦ) ਰੱਖਣ ਦਾ ਐਲਾਨ ਕੀਤਾ ।

ਇਹ ਕਹਾਣੀ ਸ਼ਾਹ ਦੀ ਸਿੱਖਾਂ ਪ੍ਰਤੀ ਸਤਿਕਾਰ ਦੀ ਭਾਵਨਾ, ਉਨ੍ਹਾਂ ਦੀ ਧਾਰਮਿਕ ਸੁਤੰਤਰਤਾ ਦੀ ਮੰਗ ਅਤੇ ਗੁਰੂ ਨਾਨਕ ਦੇ ਸਿਧਾਂਤਾਂ ਦੀ ਉਜਵਲ ਮਿਸਾਲ ਪੇਸ਼ ਕਰਦੀ ਹੈ । ਇਸ ਕਹਾਣੀ ਦਾ ਜ਼ਿਕਰ ਪ੍ਰੋ. ਹਰਪਾਲ ਸਿੰਘ ਪਨੂੰ ਦੀ ਕਿਤਾਬ ਈਰਾਨ ਅਤੇ ਈਰਾਨੀ 'ਚ ਕੀਤਾ ਹੋਇਆ ਹੈ।

**ਗੁਰੂ ਨਾਨਕ ਦੇਵ ਜੀ ਦੀਆਂ ਈਰਾਨ ਯਾਤਰਾਵਾਂ:** ਸੱਭਿਆਚਾਰਕ ਅਤੇ ਅਧਿਆਤਮਿਕ ਮਹੱਤਤਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਵਿੱਚ ਈਰਾਨ ਦੀਆਂ ਤਿੰਨ ਮਹੱਤਵਪੂਰਨ ਯਾਤਰਾਵਾਂ ਸ਼ਾਮਲ ਹਨ । ਇਨ੍ਹਾਂ ਯਾਤਰਾਵਾਂ ਨੇ ਨਾ ਸਿਰਫ਼ ਉਨ੍ਹਾਂ ਦੇ ਸੰਦੇਸ਼ ਨੂੰ ਦੂਰ-ਦੁਰਾਡੇ ਤੱਕ ਪਹੁੰਚਾਇਆ, ਸਗੋਂ ਸੱਭਿਆਚਾਰਕ ਅਤੇ ਅਧਿਆਤਮਿਕ ਪੁਲ ਵੀ ਬਣਾਏ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਕਰਾਚੀ ਤੋਂ ਅਦਨ ਜਾਂਦੇ ਸਮੇਂ ਬੁਸ਼ਹਿਰ ਬੰਦਰ ਦਾ ਦੌਰਾ ਕੀਤਾ। ਦੂਜੀ ਵਾਰ, ਮਦੀਨਾ ਤੋਂ ਬਗਦਾਦ ਜਾਣ ਦੌਰਾਨ, ਉਹ ਬਸਰਾ ਪਹੁੰਚੇ । ਤੀਜੀ ਯਾਤਰਾ ਵਿੱਚ, ਤੁਰਕੀ ਅਤੇ ਉਸ ਤੋਂ ਪਰੇ ਦੇ ਖੇਤਰਾਂ ਦੀ ਯਾਤਰਾ ਤੋਂ ਵਾਪਸੀ ਤੇ, ਉਹ ਤਬਰੀਜ਼, ਵਕੰਦ, ਤਹਿਰਾਨ, ਇਸਫਹਾਨ, ਕਰਮਨ ਅਤੇ ਮਸ਼ਹਦ ਵਰਗੇ ਸ਼ਹਿਰਾਂ ਵਿੱਚ ਗਏ। ਮਸ਼ਹਦ ਤੋਂ ਬਾਅਦ, ਉਹ ਤੁਰਕਮੇਨਿਸਤਾਨ ਵਿੱਚ ਦਾਖਲ ਹੋਏ ਅਤੇ ਸਾਹਿਬਾਬਾਦ ਪਹੁੰਚੇ।

**ਈਰਾਨ ਦੇ ਗੁਰੂਘਰਾਂ 'ਚੋਂ ਸੁਰੱਖਿਅਤ ਥਾਵਾਂ 'ਤੇ ਭੇਜੇ ਜਾਣ ਪਾਵਨ ਸਰੂਪ:**

ਇਜ਼ਰਾਈਲ ਤੇ ਈਰਾਨ ਵਿਚਕਾਰ ਚੱਲ ਰਹੀ ਜੰਗ ਦੌਰਾਨ ਚਿੰਤਾ ਪ੍ਰਗਟ ਕਰਦਿਆਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਈਰਾਨ ਵਿਚ ਕਈ ਗੁਰਦੁਆਰਾ ਸਾਹਿਬਾਨ ਮੌਜੂਦ ਹਨ, ਜਿਨ੍ਹਾਂ ਨੂੰ ਇਸ ਯੁੱਧ ਦੌਰਾਨ ਨੁਕਸਾਨ ਵੀ ਪਹੁੰਚ ਸਕਦਾ ਹੈ। ਇਸ ਲਈ ਇਨ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਉਣ ਲਈ ਕੋਈ ਕਦਮ ਚੁੱਕਿਆ ਜਾਵੇ। ਉਨ੍ਹਾਂ ਨਾਲ ਹੀ ਉੱਥੇ ਵਸਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਰਾਜਦੂਤਾਂ ਨਾਲ ਸੰਪਰਕ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ।



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਅੰਕਲ ਸੈਮ ਦੇ ਦੋ ਹ.ਫਤੇ ਦਾ ਅਲਟੀਮੇਟਮ

# ਅਮਨ ਦੀ ਤਲਾਸ਼ ਵਿੱਚ ਅੰਤਰਰਾਸ਼ਟਰੀ ਸਿਆਸਤ ਤੇ ਈਰਾਨ-ਇਜ਼ਰਾਈਲ ਯੁੱਧ ਦੀ ਤਬਾਹੀ

ਈਰਾਨ ਇਜ਼ਰਾਈਲ ਯੁੱਧ ਇਸ ਵੇਲੇ ਜਿਸ ਤਰ੍ਹਾਂ ਦੀ ਕਰਵਟ ਲੈ ਰਿਹਾ ਹੈ ਉਸ ਨਾਲ ਪੂਰੀ ਦੁਨੀਆ ਦੇ ਅਮਨ ਅਤੇ ਪਰਮਾਣੂ ਵਿਸਫ਼ੋਟ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਤੇ ਹੁਣ ਪਹਿਲੀ ਵਾਰ ਰੂਸ ਅਤੇ ਚੀਨ ਨੇ ਇਸ ਯੁੱਧ ਬਾਰੇ ਗੱਲ ਕੀਤੀ ਹੈ। ਉਧਰ ਅੰਕਲ ਸੈਮ ਅਰਥਾਤ ਅਮਰੀਕੀ ਪ੍ਰੈਜ਼ੀਡੈਂਟ ਟਰੰਪ ਨੇ ਦੋ ਹਫ਼ਤੇ ਦਾ ਅਲਟੀਮੇਟਮ ਦਿੱਤਾ ਹੈ ਕਿ ਉਹ ਦੋ ਹਫ਼ਤੇ ਦੇ ਵਿੱਚ ਇਜ਼ਰਾਈਲ ਬਾਰੇ ਸਿੱਧੀ ਲੜਾਈ ਦਾ ਫੈਸਲਾ ਲੈਣਗੇ। ਇਸਦੇ ਕੀ ਅਰਥ ਹੋ ਸਕਦੇ ਹੋ ਹਨ ਤੇ ਦੁਨੀਆ ਵਿੱਚ ਇਸ ਦਾ ਕੀ ਕੂਟਨੀਤਕ ਤੇ ਰਾਜਨੀਤਿਕ ਪ੍ਰਭਾਵ ਪੈ ਰਿਹਾ ਹੈ । ਅੱਜ ਇਸ ਸੱਭ ਤੋਂ ਅੱਗੇ ਹੁਣ ਅਮਨ ਦੀ ਗੱਲ ਚੱਲੀ ਹੈ ਤੇ ਅਮਨ ਦੀ ਗੱਲ ਕਰਦਿਆਂ ਹੀ ਈਰਾਨ ਤੇ ਇਜ਼ਰਾਈਲ ਵਿੱਚ ਕਾਰੂਜ ਮਿਜ਼ਾਈਲਾਂ ਦਾ ਆਦਾਨ ਪ੍ਰਦਾਨ ਜਿਸ ਤਰ੍ਹਾਂ ਦਾ ਮਨੁੱਖਤਾ ਦੀ ਤਬਾਹੀ ਅਤੇ ਜੀਣ ਦਾ ਤਾਣਾ ਬਾਣਾ ਤਹਿਸ ਨਹਿਸ ਕਰ ਰਿਹਾ ਹੈ, ਉਸ ਨਾਲ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਅਮਨ ਦੀ ਤਲਾਸ਼ ਵਿੱਚ ਸਿਰ ਜੋੜ ਕੇ ਗੱਲ ਕੀਤੀ ਜਾਵੇ । ਇਸ ਦੇ ਨਤੀਜੇ ਵਜੋਂ ਜਿਨ੍ਹਾਂ ਵਿੱਚ ਯੂਰਪੀ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਕੂਟਨੀਤਕ ਗੱਲਬਾਤ ਵਿੱਚ ਈਰਾਨ ਦੇ ਵਿਦੇਸ਼ ਮੰਤਰੀ ਵੀ ਸ਼ਾਮਿਲ ਹੋਏ ਹਨ ।

ਇਹ ਫ਼ੈਸਲਾ ਆਉਣ ਵਾਲੇ ਦਿਨਾਂ ਵਿੱਚ ਹੋਵੇਗਾ ਪਰੰਤੂ ਅਮਨ ਦੀ ਤਲਾਸ਼ ਮਨੁੱਖਤਾ ਦੀ ਭਾਰੀ ਤਬਾਹੀ ਨੂੰ ਰੋਕਣ ਵਾਸਤੇ ਬੇਹੱਦ ਜ਼ਰੂਰੀ ਹੈ ਤੇ ਜਿਸ ਬਾਰੇ ਥੋੜੀ ਜਿਹੀ ਹਿੱਲਜੁਲ ਹੋਈ ਹੈ ਜੋ ਇੱਕ ਚੰਗਾ ਸ਼ਗਨ ਹੋ ਸਕਦਾ ਹੈ ਜੇ ਈਰਾਨ ਤੇ ਇਜ਼ਰਾਈਲ ਆਪਸੀ ਹਮਲੇ ਬੰਦ ਕਰਨ ਤਾਂ ਅਗਲਾ ਪੜਾਅ ਅਤੇ ਅਮਨ ਦੀ ਸੰਭਾਵਨਾ ਹੈ।

ਹੁਣ ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਿਹਾ ਟਕਰਾਅ, ਜੋ 13 ਜੂਨ 2025 ਨੂੰ ਇਜ਼ਰਾਈਲ ਦੇ ਅਚਨਚੇਤ ਹਮਲੇ ਨਾਲ ਸ਼ੁਰੂ ਹੋਇਆ, ਨੇ ਮੱਧ ਪੂਰਬ ਨੂੰ ਇੱਕ ਭਿਆਨਕ ਜੰਗ ਦੀ ਅਗਨੀ ਵਿੱਚ ਝੋਕ ਦਿੱਤਾ ਹੈ। ਇਸ ਯੁੱਧ ਨੇ ਨਾ ਸਿਰਫ਼ ਦੋਵਾਂ ਦੇਸ਼ਾਂ ਨੂੰ, ਸਗੋਂ ਪੂਰੇ ਖੇਤਰ ਨੂੰ ਤਬਾਹੀ ਦੇ ਮੂੰਹ ਵਿੱਚ ਧੱਕ ਦਿੱਤਾ ਹੈ । ਇਸ ਸੰਘਰਸ਼ ਦੇ ਅਗਲੇ ਪੜਾਅ ਦੀ ਸੰਭਾਵਨਾ ਅਤੇ ਅਮਨ ਦੀ ਸਥਾਪਨਾ ਲਈ ਸੰਭਵ ਰਾਹਾਂ ਨੂੰ ਸਮਝਣ ਲਈ ਘਟਨਾਵਾਂ ਦੇ ਸੰਦਰਭ ਨੂੰ ਵੇਖਣਾ ਜ਼ਰੂਰੀ ਹੈ।

**ਈਰਾਨ ਇਜ਼ਰਾਈਲ ਯੁੱਧ ਦਾ ਸੰਦਰਭ ਅਤੇ ਤਬਾਹੀ ਦੇ ਮੰਜ਼ਰ 'ਤੇ :**

ਈਰਾਨ-ਇਜ਼ਰਾਈਲ ਸੰਘਰਸ਼ ਦੀ ਸ਼ੁਰੂਆਤ ਇਜ਼ਰਾਈਲ ਦੁਆਰਾ ਈਰਾਨ ਦੇ ਪ੍ਰਮਾਣੂ ਅਤੇ ਫੌਜੀ ਠਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਨਾਲ ਹੋਈ ਸੀ ਜਿਸ ਨੂੰ ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਰੋਕਣ ਦੀ ਕੋਸ਼ਿਸ਼ ਵਜੋਂ ਜਾਇਜ਼ ਠਹਿਰਾਇਆ ਹੈ । ਇਸ ਦੇ ਜਵਾਬ ਵਿੱਚ, ਈਰਾਨ ਨੇ ਇਜ਼ਰਾਈਲ 'ਤੇ ਮਿਜ਼ਾਈਲ ਹਮਲੇ ਕੀਤੇ, ਜਿਸ ਨਾਲ ਸੰਘਰਸ਼ ਨੇ ਭਿਆਨਕ ਰੂਪ ਧਾਰਨ ਕਰ ਲਿਆ। ਹੁਣ ਤੱਕ ਇਜ਼ਰਾਈਲੀ ਹਮਲਿਆਂ ਵਿੱਚ ਈਰਾਨ ਵਿੱਚ 585 ਤੋਂ ਵੱਧ ਲੋਕ ਮਾਰੇ ਗਏ ਅਤੇ 1,326 ਜ਼ਖਮੀ ਹੋਏ, ਜਦਕਿ ਈਰਾਨ ਦੀ



ਜਵਾਬੀ ਕਾਰਵਾਈ ਨੇ ਇਜ਼ਰਾਈਲ ਵਿੱਚ ਵੀ ਜਾਨੀ ਅਤੇ ਮਾਲੀ ਨੁਕਸਾਨ ਪਹੁੰਚਾਇਆ ਹੈ ।

ਇਹ ਸੰਘਰਸ਼ ਦਹਾਕਿਆਂ ਦੀ ਆਪਸੀ ਵੈਰ-ਭਾਵਨਾ ਦਾ ਨਤੀਜਾ ਹੈ, ਜਿਸ ਵਿੱਚ ਈਰਾਨ ਨੇ ਇਜ਼ਰਾਈਲ ਦੀ ਜਾਇਜ਼ਤਾ ਨੂੰ ਚੁਣੌਤੀ ਦਿੱਤੀ ਅਤੇ ਇਜ਼ਰਾਈਲ ਨੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਆਪਣੇ ਵਜੂਦ ਲਈ ਖ਼ਤਰਾ ਮੰਨਿਆ ਹੈ । 2023 ਦੇ ਅਕਤੂਬਰ 7 ਦੇ ਹਮਲਿਆਂ ਅਤੇ ਗਾਜ਼ਾ ਯੁੱਧ ਨੇ ਇਸ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਸੰਯੁਕਤ ਰਾਸ਼ਟਰ ਦੇ ਮੁਖੀ ਅਤੇ IAEA ਦੇ ਮੁਖੀ ਨੇ ਪ੍ਰਮਾਣੂ ਠਿਕਾਣਿਆਂ 'ਤੇ ਹਮਲਿਆਂ ਦੀ ਨਿੰਦਾ ਕੀਤੀ ਹੈ, ਜਿਸ ਨਾਲ ਖੇਤਰੀ ਅਤੇ ਅੰਤਰਰਾਸ਼ਟਰੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋਇਆ ਹੈ ।

ਹੁਣ ਅਮਨ ਸ਼ਾਂਤੀ ਲਈ ਅਗਲਾ ਪੜਾਅ ਅਮਨ ਸੰਭਾਵੀ ਦਿਸ਼ਾਵਾਂ ਵੇਖੀਆਂ ਜਾ ਰਹੀਆਂ ਹਨ ਤੇ ਇਸ ਸੰਘਰਸ਼ ਦਾ ਅਗਲਾ ਪੜਾਅ ਕਈ ਦਿਸ਼ਾਵਾਂ ਵੱਲ ਜਾ ਸਕਦਾ ਹੈ, ਜਿਸ ਵਿੱਚ ਹੋਰ ਵਿਨਾਸ਼ਕਾਰੀ ਟਕਰਾਅ ਵੀ ਸ਼ਾਮਲ ਹੈ ਜੇਕਰ ਦੋਵੇਂ ਦੇਸ਼ ਜੰਗਬੰਦੀ ਜਾਂ ਸੰਧੀ ਦੀ ਦਿਸ਼ਾ ਵਿੱਚ ਨਾ ਵਧੇ, ਤਾਂ ਮਿਜ਼ਾਈਲ ਹਮਲੇ, ਹਵਾਈ ਹਮਲੇ ਅਤੇ ਸੰਭਵ ਤੌਰ 'ਤੇ ਜ਼ਮੀਨੀ ਕਾਰਵਾਈਆਂ ਵੱਧ ਸਕਦੀਆਂ ਹਨ।

ਈਰਾਨ ਦੇ ਸਮਰਥਕਾਂ ਨੇ ਜਿਵੇਂ ਕਿ ਹਿਜ਼ਬੁੱਲਾ ਅਤੇ ਹੂਤੀ, ਸੰਘਰਸ਼ ਨੂੰ ਅੰਤਰਰਾਸ਼ਟਰੀ ਸਤਹ 'ਤੇ ਫੈਲਾ ਸਕਦੇ ਹਨ, ਜਿਸ ਨਾਲ ਮੱਧ ਪੂਰਬ ਵਿੱਚ ਵਿਆਪਕ ਅਸਥਿਰਤਾ ਪੈਦਾ ਹੋ ਸਕਦੀ ਹੈ।

**ਅੰਤਰਰਾਸ਼ਟਰੀ ਦਖਲਅੰਦਾਜ਼ੀ:** ਸੰਯੁਕਤ ਰਾਸ਼ਟਰ ਅਤੇ ਹੋਰ ਮਹਾਸ਼ਕਤੀਆਂ, ਜਿਵੇਂ ਅਮਰੀਕਾ, ਰੂਸ, ਅਤੇ ਚੀਨ ਦਬਾਅ ਪਾ ਸਕਦੇ ਹਨ।

ਉਧਰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਪਹਿਲਾਂ ਹੀ ਸੰਘਰਸ਼ ਦੇ ਅੰਤਰਰਾਸ਼ਟਰੀਕਰਨ ਨੂੰ ਰੋਕਣ ਦੀ ਅਪੀਲ ਕੀਤੀ ਹੈ। ਅਮਰੀਕਾ ਵੱਲੋਂ ਇਜ਼ਰਾਈਲ ਨੂੰ ਸਮਰਥਨ, ਜਿਵੇਂ ਕਿ ਫੌਜੀ ਸਾਜ਼ੋ-ਸਾਮਾਨ ਅਤੇ ਜਹਾਜ਼ਾਂ ਦੀ ਤਾਇਨਾਤੀ, ਸੰਘਰਸ਼ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ । ਇਥੇ ਪ੍ਰਮਾਣੂ ਸੰਕਟ ਦਾ ਮੁੱਖ ਕਾਰਨ ਪ੍ਰਮਾਣੂ ਠਿਕਾਣਿਆਂ 'ਤੇ ਹਮਲਿਆਂ ਨੇ ਇੱਕ ਪ੍ਰਮਾਣੂ ਸੰਕਟ ਦਾ ਖਤਰਾ ਵਧਾ ਦਿੱਤਾ ਹੈ । IAEA ਦੇ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹੇ ਹਮਲੇ ਪ੍ਰਮਾਣੂ ਸੁਰੱਖਿਆ ਅਤੇ ਸਥਿਰਤਾ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ, ਇਸ ਲਈ ਰੂਸ ਤੇ ਚੀਨ ਵੀ ਸਾਹਮਣੇ ਆ ਗਏ ਹਨ।

ਅੱਜ ਕੂਟਨੀਤਕ ਹੱਲ ਲਈ ਜੇਕਰ ਅੰਤਰਰਾਸ਼ਟਰੀ ਭਾਈਚਾਰਾ, ਸੰਯੁਕਤ ਰਾਸ਼ਟਰ, ਅਤੇ ਨਿਰਪੱਖ ਮਹਾਸ਼ਕਤੀਆਂ ਦਖਲ ਦਿੰਦੀਆਂ ਹਨ, ਤਾਂ ਸੰਧੀ ਜਾਂ ਜੰਗਬੰਦੀ ਸੰਭਵ ਹੈ। ਪਰ, ਇਸ ਲਈ ਦੋਵਾਂ ਦੇਸ਼ਾਂ ਦੀ ਸਹਿਮਤੀ ਦੀ ਲੋੜ ਹੈ ਜੋ ਅਮਨ ਦੀ ਸੰਭਾਵਨਾ ਤੇ ਅਮਨ ਦੀ ਸਥਾਪਨਾ ਲਈ ਇੱਕ ਗੁੰਝਲਦਾਰ ਪ੍ਰਕਿਰਿਆ ਹੈ, ਪਰ ਇਹ ਅਸੰਭਵ ਨਹੀਂ ।

ਅਮਨ ਦੀ ਦਿਸ਼ਾ ਵਿੱਚ ਕੰਮਾਂ ਲਈ ਕੂਟਨੀਤਕ ਸੰਵਾਦ ਰਚਾਉਣ 'ਤੇ ਸੰਯੁਕਤ ਰਾਸ਼ਟਰ ਜਾਂ ਨਿਰਪੱਖ ਦੇਸ਼ਾਂ ਦੀ ਮਧਿਅਸਥਤਾ ਨਾਲ ਸੰਵਾਦ ਸ਼ੁਰੂ ਕੀਤਾ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਪਹਿਲਾਂ ਹੀ ਕੂਟਨੀਤੀ ਨੂੰ ਸਭ ਤੋਂ ਵਧੀਆ ਰਾਹ ਦੱਸਿਆ ਹੈ। ਈਰਾਨ ਅਤੇ ਅਮਰੀਕਾ ਵਿਚਕਾਰ ਪ੍ਰਮਾਣੂ ਸਮਝੌਤੇ ਦੀਆਂ ਗੱਲਬਾਤ ਨੂੰ ਮੁੜ ਸ਼ੁਰੂ ਕਰਨਾ ਵੀ ਸੰਘਰਸ਼ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਜੰਗਬੰਦੀ ਅਤੇ ਮਨੁੱਖਤਾਵਾਦੀ ਸਹਾਇਤਾ ਲਈ ਤੁਰੰਤ ਜੰਗਬੰਦੀ ਦੀ ਲੋੜ ਹੈ, ਜਿਸ ਨਾਲ ਨਾਗਰਿਕਾਂ ਨੂੰ ਸੁਰੱਖਿਆ ਅਤੇ ਮਨੁੱਖਤਾਵਾਦੀ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ । ਗਾਜ਼ਾ ਯੁੱਧ ਦੇ ਸੰਦਰਭ ਵਿੱਚ, ਜਿੱਥੇ 263,000 ਤੋਂ ਵੱਧ ਲੋਕ ਬੇਘਰ ਹੋਏ, ਮਨੁੱਖਤਾਵਾਦੀ ਸੰਕਟ ਨੂੰ ਰੋਕਣ ਲਈ ਅਜਿਹੇ ਉਪਰਾਲੇ ਜ਼ਰੂਰੀ ਹਨ ।

ਅੰਤਰਰਾਸ਼ਟਰੀ ਦਬਾਅ ਅਤੇ ਸੰਧੀਆਂ ਅਨੁਸਾਰ ਅਮਰੀਕਾ, ਰੂਸ ਅਤੇ ਚੀਨ ਵਰਗੀਆਂ ਮਹਾਸ਼ਕਤੀਆਂ ਨੂੰ ਸੰਧੀਆਂ ਅਤੇ ਸਮਝੌਤਿਆਂ ਰਾਹੀਂ ਦੋਵਾਂ ਦੇਸ਼ਾਂ 'ਤੇ ਦਬਾਅ ਪਾਉਣ ਦੀ ਲੋੜ ਹੈ। 1979 ਦੀ ਈਰਾਨੀ ਇਨਕਲਾਬ ਅਤੇ ਸ਼ਤ ਅਲ-ਅਰਬ ਵਿਵਾਦ ਵਰਗੀਆਂ ਪਿਛਲੀਆਂ ਘਟਨਾਵਾਂ ਸੰਧੀਆਂ ਦੀ ਸਫਲਤਾ ਦੀਆਂ ਮਿਸਾਲਾਂ ਹਨ । ਖੇਤਰੀ ਸਹਿਯੋਗ ਨਾਲ ਮੱਧ ਪੂਰਬ ਦੇ ਹੋਰ ਦੇਸ਼, ਜਿਵੇਂ ਸਾਊਦੀ ਅਰਬ ਅਤੇ ਤੁਰਕੀ, ਸੰਘਰਸ਼ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ । ਇਹ ਦੇਸ਼ ਇਰਾਨ ਅਤੇ ਇਜ਼ਰਾਈਲ ਵਿਚਕਾਰ ਸੰਵਾਦ ਦਾ ਪੁਲ ਬਣ ਸਕਦੇ ਹਨ । ਹੁਣ ਨਾਗਰਿਕ ਅੰਦੋਲਨ ਅਤੇ ਜਨਤਕ ਜਾਗਰੂਕਤਾ ਜਿਵੇਂ ਜੁੰਮੇ ਦੀ ਨਮਾਜ਼ ਤੋਂ ਬਾਅਦ ਸ਼ੁੱਕਰਵਾਰ ਤਹਿਰਾਨ ਵਿੱਚ ਲੋਕਾਂ ਦਾ ਹਜੂਮ ਉਮੜਿਆ ਹੈ, ਇਹ ਈਰਾਨ ਦੀ ਜਨਤਾ, ਜੋ ਆਰਥਿਕ ਸੰਕਟ ਅਤੇ ਸਿਆਸੀ ਦਮਨ ਦਾ ਸਾਹਮਣਾ ਕਰ ਰਹੀ ਹੈ, ਅਮਨ ਦੀ ਮੰਗ ਕਰ ਸਕਦੀ ਹੈ। ਇਜ਼ਰਾਈਲ ਵਿੱਚ ਵੀ ਅਮਨ ਪਸੰਦ ਸਮੂਹ ਸੰਘਰਸ਼ ਦੇ ਵਿਰੋਧ ਵਿੱਚ ਆਵਾਜ਼ ਉਠਾ ਸਕਦੇ ਹਨ । ਈਰਾਨ-ਇਜ਼ਰਾਈਲ ਸੰਘਰਸ਼ ਦਾ ਅਗਲਾ ਪੜਾਅ ਜਾਂ ਤਾਂ ਵਿਨਾਸ਼ਕਾਰੀ ਜੰਗ ਦੀ ਦਿਸ਼ਾ ਵਿੱਚ ਜਾ ਸਕਦਾ ਹੈ ਜਾਂ ਕੂਟਨੀਤਕ ਹੱਲ ਵੱਲ। ਅਮਨ ਦੀ ਸਥਾਪਨਾ ਲਈ ਤੁਰੰਤ ਜੰਗਬੰਦੀ, ਮਨੁੱਖਤਾਵਾਦੀ ਸਹਾਇਤਾ, ਅਤੇ ਅੰਤਰਰਾਸ਼ਟਰੀ ਸੰਵਾਦ ਦੀ ਲੋੜ ਹੈ। ਸੰਯੁਕਤ ਰਾਸ਼ਟਰ ਅਤੇ ਮਹਾਸ਼ਕਤੀਆਂ ਨੂੰ ਇਸ ਸੰਘਰਸ਼ ਨੂੰ ਰੋਕਣ ਲਈ ਸਰਗਰਮੀ ਨਾਲ ਕੰਮ ਕਰਨਾ ਹੋਵੇਗਾ। ਅਮਨ ਸਿਰਫ਼ ਤਾਕਤ ਨਾਲ ਨਹੀਂ, ਸਗੋਂ ਸਹਿਮਤੀ, ਸਹਿਯੋਗ ਅਤੇ ਮਨੁੱਖਤਾ ਦੇ ਸਾਂਝੇ ਹਿੱਤਾਂ ਨਾਲ ਹੀ ਸੰਭਵ ਹੈ।



# ਮਾਝਾ-ਦੁਆਬਾ
ਆਸ ਪਾਸ



## ਆਈ.ਆਈ.ਐਮ. ਤੱਕ ਪਹੁੰਚ ਲਈ ਈ-ਬੱਸਾਂ ਚੱਲਣਗੀਆਂ : ਡੀ.ਸੀ.



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅੰਮ੍ਰਿਤਸਰ ਦੀ ਮਾਨਾਂਵਾਲਾ ਸਥਿਤ ਨਵੀਂ ਬਣ ਚੁੱਕੀ ਇਮਾਰਤ ਤੱਕ ਸਟਾਫ ਅਤੇ ਬੱਚਿਆਂ ਦੀ ਪਹੁੰਚ ਆਸਾਨ ਕਰਨ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਈ ਬੱਸਾਂ ਦੀ ਸਹੂਲਤ ਛੇਤੀ ਸ਼ੁਰੂ ਕਰਨ ਦਾ ਭਰੋਸਾ ਦਿਵਾਇਆ ਹੈ। ਡਿਪਟੀ ਕਮਿਸ਼ਨਰ ਨੇ ਜਨਰਲ ਮੈਨੇਜਰ ਰੋਡਵੇਜ਼ ਪਰਮਜੀਤ ਸਿੰਘ ਨੂੰ ਕਿਹਾ ਕਿ ਜਦ ਤੱਕ ਈ ਬੱਸਾਂ ਦੀ ਸਹੂਲਤ ਨਹੀਂ ਆਉਂਦੀ ਤਦ ਤੱਕ ਇਸ ਸੰਸਥਾ ਲਈ ਆਵਾਜਾਈ ਦੇ ਢੁੱਕਵੇਂ ਪ੍ਰਬੰਧ ਬਣਾਏ ਜਾਣ।

ਅੱਜ ਆਈ ਆਈ ਐਮ ਦੇ ਪ੍ਰਬੰਧਕਾਂ ਨਾਲ ਸੰਸਥਾ ਦੀ ਲੋੜਾਂ ਸਬੰਧੀ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਇਹ ਵੀ ਕਿਹਾ ਕਿ ਉਕਤ ਸੰਸਥਾ ਨੂੰ ਜਾਂਦੇ ਰਸਤੇ ਦੀ ਮੁਰੰਮਤ ਕੀਤੀ ਜਾਵੇ ਅਤੇ ਇਸ ਉੱਤੇ ਸੁਰੱਖਿਆ ਦੇ ਵੀ ਪੁਖ਼ਤਾ ਪ੍ਰਬੰਧ ਕੀਤੇ ਜਾਣ। ਉਹਨਾਂ ਕਿਹਾ ਕਿ ਦੇਸ਼ ਦੀ ਇਹ ਵਿਕਾਰੀ ਸੰਸਥਾ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਵਿਦਿਆਰਥੀ ਪੜਨ ਲਈ ਆਉਂਦੇ ਹਨ ਅਤੇ ਇਸ ਤੋਂ ਇਲਾਵਾ ਦੇਸ਼ਾਂ ਵਿਦੇਸ਼ਾਂ ਵਿੱਚੋਂ ਮਹਿਮਾਨ ਵੀ ਇਸ ਸੰਸਥਾ ਵਿੱਚ ਆਉਂਦੇ ਰਹਿੰਦੇ ਹਨ, ਸੋ ਉਹਨਾਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸਾਰੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ। ਉਹਨਾਂ ਇਸ ਰਸਤੇ ਉੱਤੇ ਰੌਸ਼ਨੀ ਲਈ ਸਟਰੀਟ ਲਾਈਟਾਂ ਲਗਾਉਣ ਦੀ ਹਦਾਇਤ ਵੀ ਕੀਤੀ।

ਉਹਨਾਂ ਆਈਏਐਮ ਦੀਆਂ ਹਰੇਕ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਐਸਡੀਐਮ ਅੰਮ੍ਰਿਤਸਰ ਇੱਕ ਗੁਰਸਿਮਰਨਜੀਤ ਸਿੰਘ ਨੂੰ ਨੋਡਲ ਅਧਿਕਾਰੀ ਲਗਾਉਂਦਿਆਂ ਕਿਹਾ ਕਿ ਉਹ ਸੰਸਥਾ ਦੀਆਂ ਹਰੇਕ ਤਰ੍ਹਾਂ ਦੀਆਂ ਲੋੜਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿੰਮੇਵਾਰੀ ਨਿਭਾਉਣਗੇ। ਉਹਨਾਂ ਕਿਹਾ ਕਿ ਐਸਡੀਐਮ ਗੁਰਸਿਮਰਨ ਸਾਰੇ ਵਿਭਾਗਾਂ ਦੇ ਨਾਲ ਤਾਲਮੇਲ ਕਰਕੇ ਸੰਸਥਾ ਦੀਆਂ ਜ਼ਰੂਰਤਾਂ ਲਈ ਕੰਮ ਕਰਨਗੇ। ਇਸ ਮੌਕੇ ਐਸਡੀਐਮ ਗੁਰਸਿਮਰਨਜੀਤ ਸਿੰਘ, ਡੀਡੀਪੀਓ ਸੰਦੀਪ ਮਲਹੋਤਰਾ, ਅਤੇ ਆਈਆਈਐਮ ਦੇ ਪ੍ਰਬੰਧਕ ਤੋ ਸ਼ਿਵਾਲੀ ਰਾਠੌਰ, ਭਰਤ ਸੈਣੀ, ਈਓ ਅੰਮ੍ਰਿਤਸਰ ਡਿਵੈਲਪਮੈਂਟ ਅਥੋਰਟੀ ਹਰਜਿੰਦਰ ਸਿੰਘ ਜੱਸਲ, ਡੀਐਸਪੀ ਹਰਭਜਨ ਸਿੰਘ ਵੀ ਹਾਜ਼ਰ ਸਨ।

## ਬਾਬਾ ਬਲਬੀਰ ਸਿੰਘ ਨੇ ਮਨਦੀਪ ਕੌਰ ਨੂੰ ਕਰਨਾਟਕ ਰਾਜ ਦੀ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਬਨਣ 'ਤੇ ਵਧਾਈ ਦਿਤੀ

ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ) : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਰਨਾਟਕ ਸਰਕਾਰ ਨੂੰ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵਜੋਂ ਇੱਕ ਸਿੱਖ ਔਰਤ ਨੂੰ ਪ੍ਰਤੀਨਿੱਧਤਾ ਦੇਣ 'ਤੇ ਵਧਾਈ ਦਿੱਤੀ ਹੈ।

ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਕਰਨਾਟਕ ਸਰਕਾਰ ਦੇ ਘੱਟ ਗਿਣਤੀ ਭਲਾਈ ਮੰਤਰੀ ਜਨਾਬ ਜ਼ਮੀਰ ਅਹਿਮਦ ਖਾਨ ਨੂੰ ਇੱਕ ਪੱਤਰ ਲਿੱਖ ਕੇ ਬਿਦਰ ਤੋਂ ਸਰਦਾਰਨੀ ਮਨਦੀਪ ਕੌਰ ਨੂੰ ਕਰਨਾਟਕ ਰਾਜ ਵਿੱਚ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਲੈਣ 'ਤੇ ਪ੍ਰਸੰਨਤਾ ਜਤਾਈ ਹੈ ਤੇ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਦਾਰਨੀ ਮਨਦੀਪ ਕੌਰ ਦਾ ਘੱਟ ਗਿਣਤੀ ਕਮਿਸ਼ਨ 'ਚ ਭਾਗੀਦਾਰ ਬਣਨਾ ਔਰਤਾਂ ਅਤੇ ਘੱਟ ਗਿਣਤੀਆਂ ਲਈ ਸ਼ੁਭ ਸ਼ਗਨ ਹੈ। ਕਰਨਾਟਕ ਰਾਜ ਵਿੱਚ ਇਹ ਪਹਿਲਾਂ ਮੌਕਾ ਹੈ ਕਿ ਜਦ ਕਿਸੇ ਔਰਤ ਦਾ ਘੱਟ ਗਿਣਤੀ ਕਮਿਸ਼ਨ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ। ਬਾਬਾ ਬਲਬੀਰ ਸਿੰਘ ਨੇ ਮਨਦੀਪ ਕੌਰ ਨੂੰ ਮੈਂਬਰ ਬਣਨ 'ਤੇ ਵਧਾਈ ਦਿੱਤੀ ਹੈ।

## ਸਿਹਤ ਮੰਤਰੀ ਵੱਲੋਂ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਦਾ ਦੌਰਾ



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਅੰਮ੍ਰਿਤਸਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਇੱਥੇ ਇਲਾਜ ਕਰਵਾ ਰਹੇ ਮਰੀਜ਼ਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਨਾਲ ਹੀ ਉਨ੍ਹਾਂ ਨੂੰ ਨਸ਼ੇ ਛੱਡ ਕੇ ਤੰਦਰੁਸਤ ਤੇ ਖ਼ੁਸ਼ਹਾਲ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਅਵਾਮ ਦੇ ਸਹਿਯੋਗ ਨਾਲ ਰਾਜ ਸਰਕਾਰ ਇਸ ਯੁੱਧ ਵਿੱਚ ਫ਼ਤਹਿ ਹਾਸਲ ਕਰੇਗੀ। ਉਨ੍ਹਾਂ ਇਸ ਮੌਕੇ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਵੱਲੋਂ ਕੀਤੀਆਂ ਪਹਿਲਕਦਮੀਆਂ ਦੀ ਸਰਾਹਨਾ ਕਰਦਿਆਂ ਅਧਿਕਾਰੀਆਂ ਦੀ ਪਿੱਠ ਥਾਪੜੀ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵਿਧਾਇਕਾਂ, ਚੇਅਰਮੈਨਾਂ, ਜਨਤਕ ਨੁਮਾਇੰਦਿਆਂ ਤੇ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡੇਂਗੂ-ਚਿਕਨਗੁਨੀਆ ਰੋਕਥਾਮ ਅਤੇ ਨਸ਼ਾ ਵਿਰੋਧੀ ਮੁਹਿੰਮ ਦੀ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਤਹਿਤ ਬਹੁਤ ਸਾਰੇ ਵਿਅਕਤੀ ਨਸ਼ਾ ਛੱਡਣ ਦਾ ਮਨ ਬਣਾ ਚੁੱਕੇ ਹਨ ਅਤੇ ਸਿਹਤ ਵਿਭਾਗ ਵੱਲੋਂ ਸਾਰੇ ਮਰੀਜ਼ਾਂ ਦਾ ਮੁਫ਼ਤ ਇਲਾਜ ਕਰਕੇ ਨਸ਼ਾ ਛੁਡਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਦੀ ਗਿਣਤੀ ਵਧੀ ਹੈ ਅਤੇ ਅਸੀਂ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਤੇ ਕੌਂਸਲਰਾਂ ਦੀਆਂ ਸੇਵਾਵਾਂ ਵੀ ਲੈ ਰਹੇ ਹਾਂ, ਜੋ ਕਿ ਇਨ੍ਹਾਂ ਨਸ਼ੇ ਦੇ ਰੋਗੀਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਵੀ ਕਰਨਗੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਰੀਜ਼ਾਂ ਦੇ ਇਲਾਜ ਦੇ ਨਾਲ-ਨਾਲ ਉਨ੍ਹਾਂ ਨੂੰ ਯੋਗਾ, ਖੇਡ ਗਤੀਵਿਧੀਆਂ ਅਤੇ ਰੁਜ਼ਗਾਰ ਮੁਖੀ ਸਿਖਲਾਈ ਪ੍ਰੋਗਰਾਮਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਉਨ੍ਹਾਂ ਨੂੰ ਸਿਖਲਾਈ ਪ੍ਰਾਪਤ ਸਲਾਹਕਾਰਾਂ ਦੁਆਰਾ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰ ਵਿਧਾਨ ਸਭਾ ਹਲਕੇ ਵਿੱਚ 5 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ, ਜਿਸ ਤਹਿਤ ਇਸ ਯੋਜਨਾ ਰਾਹੀਂ ਪਿੰਡਾਂ ਅਤੇ ਇਲਾਕਿਆਂ ਵਿੱਚ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇਗਾ ਅਤੇ ਸਥਾਨਕ ਪੱਧਰ 'ਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣਗੇ।

ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਡਾ. ਜਸਬੀਰ ਸਿੰਘ ਸੰਧੂ, ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ, ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਪੁਲਿਸ ਮੁੱਖੀ ਮਨਿੰਦਰ ਸਿੰਘ, ਸਿਵਲ ਸਰਜਨ ਡਾ. ਕਿਰਨਦੀਪ ਕੌਰ, ਲੋਕਸਭਾ ਇੰਚਰਾਜ ਜਸਕਰਨ ਸਿੰਘ ਬੰਦੇਸ਼ਾ, ਚੇਅਰਮੈਨ ਪ੍ਰਭਬੀਰ ਸਿੰਘ ਬਰਾੜ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਦੀਕਸ਼ਤ ਧਵਨ, ਵਾਈਸ ਪ੍ਰਧਾਨ ਹਨੀ ਨਾਹਰ, ਬਲਜਿੰਦਰ ਸਿੰਘ ਥਾਂਦੇ, ਅਰਵਿੰਦਰ ਸਿੰਘ ਭੱਟੀ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

## ਰਵਿੰਦਰ ਹੰਸ ਨੇ ਡਾ. ਰਵਜੋਤ ਸਿੰਘ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਰਵਿੰਦਰ ਹੰਸ ਡਾਇਰੈਕਟਰ ਪੰਜਾਬ ਸ਼ਡਿਊਲ ਕਾਸਟ ਲੈਂਡ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ ਬੀਤੇ ਦਿਨ ਸਥਾਨਕ ਸਰਕਾਰਾਂ ਮੰਤਰੀ ਡਾਕਟਰ ਰਵਜੋਤ ਸਿੰਘ ਨਾਲ ਮੁਲਾਕਾਤ ਕਰਕੇ ਸਫ਼ਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀਆਂ ਮੁਸ਼ਕਿਲਾਂ ਉਠਾਈਆਂ। ਉਹਨਾਂ ਕਿਹਾ ਕਿ ਸ਼ਹਿਰਾਂ ਦੇ ਸਫਾਈ ਵਿਵਸਥਾ ਨੂੰ ਯਕੀਨੀ ਬਣਾਈ ਰੱਖਣ ਲਈ ਇਹਨਾਂ ਕਰਮਚਾਰੀਆਂ ਦਾ ਵੱਡਾ ਯੋਗਦਾਨ ਰਹਿੰਦਾ ਹੈ। ਪਰ ਪਿਛਲੀਆਂ ਸਰਕਾਰਾਂ ਵੱਲੋਂ ਇਹ ਲਗਾਤਾਰ ਅਣਗੌਲੇ ਰਹੇ ਹਨ। ਉਹਨਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਸਫਾਈ ਕਰਮਚਾਰੀ ਕੱਚੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਕਿਸੇ ਵੀ ਸਰਕਾਰ ਨੇ ਉਹਨਾਂ ਨੂੰ ਪੱਕਾ ਕਰਨ ਦੀ ਫਾਈਲ ਵਰਕ ਵੀ ਨਹੀਂ ਸ਼ੁਰੂ ਕੀਤਾ। ਇਸ ਤੋਂ ਇਲਾਵਾ ਇਹਨਾਂ ਦੀ ਸੁਰੱਖਿਆ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਸ੍ਰੀ ਹੰਸ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਮੰਤਰੀ ਡਾਕਟਰ ਰਵਜੋਤ ਸਿੰਘ ਨੇ ਇਹ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣ ਕੇ ਭਰੋਸਾ ਦਿੱਤਾ ਕਿ ਉਹ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਇਹਨਾਂ ਦੇ ਮਸਲੇ ਨਿਕਟ ਭਵਿੱਖ ਵਿੱਚ ਹੀ ਹੱਲ ਕਰਨਗੇ।

## ਡਾ. ਅੰਬੇਦਕਰ ਦੀਆਂ ਮੂਰਤੀਆਂ ਦੀ ਸੁਰੱਖਿਆ ਲਈ ਕਮਿਸ਼ਨਰ ਨਗਰ ਨਿਗਮ ਵੱਲੋਂ ਰੀਵਿਊ ਮੀਟਿੰਗ



ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਅੱਜ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੀਆਂ ਮੂਰਤੀਆਂ ਦੀ ਸੁਰੱਖਿਆ ਅਤੇ ਰੱਖ-ਰਖਾਵ ਦੇ ਸਬੰਧ ਵਿੱਚ ਪੁਲਿਸ ਪ੍ਰਸ਼ਾਸਨ ਅਤੇ ਵਾਲਮੀਕਿ ਸਮਾਜ ਦੇ ਨੁਮਾਇੰਦਿਆਂ ਨਾਲ ਰੀਵਿਊ ਮੀਟਿੰਗ ਕੀਤੀ ਗਈ ਅਤੇ ਇਸ ਮੀਟਿੰਗ ਵਿੱਚ ਆਏ ਅਧਿਕਾਰੀਆਂ ਵੱਲੋਂ ਵੱਖ-ਵੱਖ ਸੁਝਾਵ ਦਿੱਤੇ ਗਏ, ਜਿਸ 'ਤੇ ਤੁਰੰਤ ਅਮਲ ਕਰਨ ਲਈ ਕਮਿਸ਼ਨਰ ਵੱਲੋਂ ਨਿਗਮ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਹਦਾਇਤਾਂ ਦਿੱਤੀਆਂ ਗਈਆਂ। ਅੱਜ ਦੀ ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਐਸ.ਪੀ. ਸਿੰਘ ਐਸ.ਡੀ.ਓ ਗੁਰਪ੍ਰੀਤ ਸਿੰਘ ਤੋਂ ਇਲਾਵਾ ਪੁਲਿਸ ਪ੍ਰਸ਼ਾਸਨ ਵੱਲੋਂ ਡੀ.ਸੀ.ਪੀ ਲਾਅ ਐਂਡ ਆਰਡਰ ਆਲਮ ਵਿਜੈ ਸਿੰਘ, ਏ.ਸੀ.ਪੀ ਡੀ ਜਤਿੰਦਰ, ਡੀ.ਐਸ.ਪੀ ਨੀਰਜ ਕੁਮਾਰ ਚੇਅਰਮੈਨ ਧੂਣਾ ਸਾਹਿਬ ਟਰੱਸਟ ਓ.ਪੀ. ਗੱਬਰ, ਨਿਗਮ ਯੂਨੀਅਨ ਪ੍ਰਧਾਨ ਵਿਨੋਦ ਬਿਟਾ, ਸੁਰਿੰਦਰ ਟੋਨਾ, ਕੇਵਲ ਕੁਮਾਰ, ਅਤੇ ਬਾਬਾ ਭੰਡਾਰੀ ਨਾਥ ਸ਼ਾਮਲ ਸਨ।

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਪਿਛਲੇ ਦਿਨੀਂ ਅੰਮ੍ਰਿਤਸਰ ਵਿਖੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਵ ਅੰਬੇਦਕਰ ਜੀ ਮੂਰਤੀ ਨਾਲ ਛੇੜਖਾਨੀ ਕੀਤੀ ਗਈ ਸੀ। ਜਿਸ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਵਿੱਚ ਬਾਬਾ ਸਾਹਿਬ ਜੀ ਦੀਆਂ ਲੱਗੀਆਂ ਮੂਰਤੀਆਂ ਦੇ ਆਲੇ ਦੁਆਲੇ ਨਗਰ ਨਿਗਮ ਵੱਲੋਂ ਲੋਹੇ ਦੀਆਂ ਗਰਿੱਲਾਂ ਲਗਾਈਆਂ ਗਈਆਂ ਸਨ। ਕਮਿਸ਼ਨਰ ਨੇ ਕਿਹਾ ਕਿ ਅੱਜ ਦੀ ਇਸ ਮੀਟਿੰਗ ਵਿੱਚ ਪੁਲਿਸ ਪ੍ਰਸ਼ਾਸਨ ਅਤੇ ਵਾਲਮੀਕ ਸਮਾਜ ਵੱਲੋਂ ਇਨ੍ਹਾਂ ਮੂਰਤੀਆਂ ਦੇ ਉਚਿਤ ਰੱਖ-ਰਖਾਵ ਅਤੇ ਸੁਰੱਖਿਆ ਸਬੰਧੀ ਬੜੇ ਸੁਚੱਜੇ ਸੁਝਾਵ ਦਿੱਤੇ ਗਏ ਹਨ। ਜਿਨ੍ਹਾਂ 'ਤੇ ਤੁਰੰਤ ਅਮਲ ਕਰਨ ਲਈ ਨਿਗਮ ਅਧਿਕਾਰੀਆਂ ਨੂੰ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਅਤੇ ਇਸ ਕੰਮ ਵਿੱਚ ਕਿਸੇ ਤਰਾਂ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਨਿਗਮ ਵੱਲੋਂ ਲਗਾਏ ਕੈਂਪ ਦਾ ਮਿਲਿਆ ਹੁੰਗਾਰਾ



ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ) : ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਮਿਤੀ 20.06.2025 ਤੋਂ 30.06.2025 ਤੱਕ ਪਛੱਮੀ , ਦੱਖਣੀ , ਉੱਤਰੀ ਅਤੇ ਪੂਰਬੀ ਹਲਕਿਆਂ ਵਿੱਚ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾਂ ਨੂੰ ਰੈਗੂਲਰ ਕਰਵਾਉਣ ਅਤੇ ਬਿਨ੍ਹਾਂ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ ਲਈ ਕੈਂਪਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਕੜੀ ਵਿੱਚ ਅੱਜ ਮਿਤੀ 20.06.2025 ਨੂੰ ਸ਼ਹਿਰ ਦੇ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਇਲਾਕੇ ਆਰ.ਬੀ.ਅਸਟੇਟ ਲੋਹਾਰਕਾ ਰੋਡ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਕਾਰਜਕਾਰੀ ਇੰਜੀਨੀਅਰ ਗੁਰਜਿੰਦਰ ਸਿੰਘ , ਨੋਡਲ ਅਫਸਰ ਸਹਾਇਕ ਕਮਿਸ਼ਨਰ ਦਲਜੀਤ ਸਿੰਘ ਸੁਪਰਡੰਟ ਪ੍ਰਾਪਰਟੀ ਟੈਕਸ ਧਰਮਿੰਦਰਜੀਤ ਸਿੰਘ ਸੁਪਰਡੰਟ ਵਾਟਰਟੇ ਸਤਨਾਮ ਸਿੰਘ ਵੱਲੋਂ ਕੀਤੀ ਗਈ। ਅੱਜ ਦੇ ਇਸ ਕੈਂਪ ਵਿੱਚ ਇਲਾਕਾ ਨਿਵਾਸੀਆਂ ਵਲੋਂ ਵੱਧ-ਚੜ੍ਹ ਕੇ ਹਿਸਾ ਪਾਇਆ ਗਿਆ ਹੈ ਅਤੇ ਸ਼ਹਿਰ ਵਾਸੀਆਂ ਵੱਲੋਂ ਆਪਣੇ ਪਾਣੀ ਸੀਵਰੇਜ ਦੇ ਕਨੇਕਸ਼ਨ ਰੈਗੂਲਰ ਕਰਵਾਉਣ ਲਈ ਫਾਰਮ ਭਰੇ ਗਏ ਅਤੇ ਬਿਨ੍ਹਾਂ ਵਿਆਜ ਅਤੇ ਜ਼ੁਰਮਾਨੇ ਦੇ ਪ੍ਰਾਪਰਟੀ ਟੈਕਸ ਦੀ ਅਦਾਇਗੀ ਕੀਤੀ ਗਈ। ਅੱਜ ਦੇ ਇਸ ਕੈਂਪ ਵਿੱਚ ਪਾਣੀ ਅਤੇ ਸੀਵਰੇਜ ਦੇ 15 ਨਜਾਇਜ਼ ਕਨੈਕਸ਼ਨਾਂ ਨੂੰ ਬਣਦੀ ਫੀਸ 1650/- ਰੁਪਏ ਪ੍ਰਤੀ ਕੇਸ ਵਸੂਲ ਕੇ ਰੈਗੂਲਰ ਕਰ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਇਲਾਕੇ ਵਿੱਚ ਲੋਕਾਂ ਨੂੰ ਆਪਣੇ ਕਨੈਕਸ਼ਨ ਰੈਗੂਲਰ ਕਰਵਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਪ੍ਰਾਪਰਟੀ ਟੈਕਸ ਵਿਭਾਗ ਵਲੋਂ 110 ਪ੍ਰਾਪਰਟੀ ਟੈਕਸ ਰਿਟਰਨਾਂ ਭਰੀਆਂ ਗਈਆਂ ਹਨ, ਜਿਸ ਤੋਂ ਤਕਰੀਬਨ 2.50 ਲੱਖ ਰੁਪਏ ਟੈਕਸ ਦੀ ਵਸੂਲੀ ਹੋਈ ਹੈ। ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵੱਲੋਂ ਇਹਨਾਂ ਕੈਂਪਾਂ ਦੀ ਖੁਦ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਸ਼ਹਿਰ ਵਾਸੀਆਂ ਨੂੰ ਇਨ੍ਹਾਂ ਕੈਂਪਾਂ ਵਿੱਚ ਕਿਸੇ ਵੀ ਕਿਸਮ ਦੀ ਕੋਈ ਵੀ ਪਰੇਸ਼ਾਨੀ ਨਾ ਹੋ ਸਕੇ ।

ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਜਿੰਨੀ ਅਬਾਦੀ ਹੈ, ਉਸ ਹਿਸਾਬ ਨਾਲ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨ ਨਹੀਂ ਹਨ ਅਤੇ ਜਿਨ੍ਹਾਂ ਲੋਕਾਂ ਵੱਲੋਂ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨ ਅਣ-ਅਧਿਕਾਰਤ ਤੌਰ 'ਤੇ ਲਏ ਗਏ ਹਨ, ਉਹਨਾਂ ਨੂੰ ਰੈਗੂਲਰ ਕਰਵਾਉਣ ਦਾ ਇਹ ਸੁਨਿਹਰੀ ਮੌਕਾ ਹੈ। ਕਿਉਂ ਜੋ ਇਨ੍ਹਾਂ ਕੈਂਪਾਂ ਤੋਂ ਬਾਅਦ ਅਣ-ਅਧਿਕਾਰਤ ਪਾਣੀ ਸੀਵਰੇਜ ਦੇ ਕਨੈਕਸ਼ਨਾਂ ਨੂੰ ਕੱਟਣ ਲਈ ਨਿਗਮ ਵਲੋਂ ਕਾਰਵਾਈਆਂ ਆਰੰਭੀਆਂ ਜਾਣੀਆਂ ਹਨ।

ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕੀ ਨਗਰ ਨਿਗਮ ਵੱਲੋਂ ਲਗਾਏ ਜਾ ਰਹੇ ਇਹਨਾਂ ਕੈਂਪਾਂ ਦਾ ਭਰਪੂਰ ਲਾਭ ਉਠਾਉਣ ਅਤੇ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾਂ ਨੂੰ ਰੈਗੂਲਰ ਕਰਵਾਉਣ ਅਤੇ ਬਿਨਾਂ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ ।

## ਅੱਜ ਯੋਗ ਦਿਵਸ 'ਤੇ ਯੋਗ ਕਰਨ ਦੀ ਅਪੀਲ : ਸਰਕਾਰ ਭਾਰਤੀ



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਸਹਕਾਰ ਭਾਰਤੀ ਦੇ ਉੱਤਰ ਖੇਤਰੀ ਸੰਗਠਨ ਮੰਤਰੀ ਬਲਰਾਮ ਦਾਸ ਬਾਵਾ ਅਤੇ ਸ਼ੰਕਰ ਦੱਤ ਤਿਵਾੜੀ, ਸਹਕਾਰ ਭਾਰਤੀ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਰਾਮ ਦਾਸ ਬਾਵਾ ਅਤੇ ਸ਼ੰਕਰ ਦੱਤ ਤਿਵਾੜੀ ਨੇ ਕਿਹਾ ਕਿ 21 ਜੂਨ ਨੂੰ ਦੇਸ਼ ਭਰ ਵਿੱਚ ਯੋਗ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਧਾਨ ਬਲਰਾਮ ਦਾਸ ਬਾਵਾ ਨੇ ਸਾਰੇ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਯੋਗ ਰਾਹੀਂ ਦੁਨੀਆਂ ਇੱਕ ਦੂਜੇ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ, ਜੇਕਰ ਅਸੀਂ ਇੱਕ ਚੰਗੇ ਅਤੇ ਸਿਹਤਮੰਦ ਵਾਤਾਵਰਨ ਵਿੱਚ ਰਹਿਣਾ ਚਾਹੁੰਦੇ ਹਾਂ, ਤਾਂ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਯੋਗ ਅਪਣਾਉਣਾ ਪਵੇਗਾ। ਪ੍ਰਧਾਨ ਬਲਰਾਮ ਦਾਸ ਬਾਵਾ ਨੇ ਕਿਹਾ ਕਿ ਯੋਗ ਸਾਡੇ ਸਰੀਰ ਨੂੰ ਬਿਮਾਰੀਆਂ ਤੋਂ ਦੂਰ ਰੱਖੇਗਾ, ਇਹ ਸਰੀਰ ਅਤੇ ਮਨ ਦੀ ਸ਼ਾਂਤੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਆਪਣੀ ਸਿਹਤ ਲਈ ਯੋਗ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਉਹ ਵਧੇਰੇ ਸਿਹਤਮੰਦ ਤੇ ਸੁਰੱਖਿਅਤ ਰਹਿ ਸਕਣ। ਉਨ੍ਹਾਂ ਕਿਹਾ, 'ਯੋਗ ਤਣਾਅ ਘਟਾਉਣ, ਕੁਸ਼ਲਤਾ ਵਧਾਉਣ ਅਤੇ ਸਾਡੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਵਿੱਚ ਲਾਭਦਾਇਕ ਹੈ। ਇਹ ਮਹੱਤਵਪੂਰਨ ਹੈ ਕਿ ਯੋਗਾ ਹਰ ਕਿਸੇ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣੇ। ਉਹਨਾਂ ਨੇ ਦੇਸ਼ ਦੇ ਸਾਰੇ ਨਾਗਰਿਕਾਂ ਨੂੰ 21 ਜੂਨ ਨੂੰ ਯੋਗ ਦਿਵਸ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਪੁਰਬ 20 ਜੁਲਾਈ ਨੂੰ ਮਨਾਇਆ ਜਾਵੇਗਾ



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਗਿਆਨ ਦੀ ਛੜੀ ਨਾਲ ਵਿੱਦਿਆ ਦਾ ਦਾਨ ਬਖਸ਼ਣ ਵਾਲੇ ਬਾਲਾ ਪ੍ਰੀਤਮ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਪੁਰਬ ਹਰ ਵਾਰ ਦੀ ਤਰ੍ਹਾਂ ਇਸ ਵਾਰ ਸਿੱਖ ਜਗਤ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਸਮੂਹ ਅਦਾਰਿਆਂ ਵੱਲੋਂ 20 ਜੁਲਾਈ, 2025 ਦਿਨ ਐਤਵਾਰ ਨੂੰ ਸ਼ਾਮ 4:30 ਵਜੇ ਤੋਂ ਰਾਤ 9:30 ਵਜੇ ਤੱਕ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਨ ਦੀਵਾਨ ਦੇ ਪ੍ਰਮੁੱਖ ਸਕੂਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ, ਜੀ.ਟੀ.ਰੋਡ, ਵਿਖੇ ਇਕ ਵਿਸ਼ਾਲ ਅਲੌਕਿਕ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਕਾਨਫਰੰਸ ਹਾਲ ਵਿਚ ਇਕ ਵਿਸ਼ੇਸ਼ ਇਕੱਤਰਤਾ ਆਯੋਜਨ ਕੀਤਾ ਗਿਆ, ਜਿਸ ਦਾ ਆਰੰਭ ਮੂਲ ਮੰਤਰ ਦੇ ਪਾਠ ਨਾਲ ਕਰਨ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ ਕਿ ਚੀਫ਼ ਖ਼ਾਲਸਾ ਦੀਵਾਨ ਵਲੋਂ ਗੌਰਵਮਈ ਸਿੱਖ ਵਿਰਸੇ ਅਤੇ ਪਰੰਪਰਾਵਾਂ ਨੂੰ ਸੁਰਜੀਤ ਰੱਖਣ ਲਈ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਿਹਾੜੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾਂਦੇ ਹਨ।

ਮੀਟਿੰਗ ਦੌਰਾਨ ਐਡੀਸ਼ਨਲ ਆਨਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ: ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀਸ਼ਨਲ ਆਨਰੇਰੀ ਸਕੱਤਰ/ਮੁੱਖ ਦਫਤਰ ਮੈਂਬਰ ਇੰਚਾਰਜ ਹਰਵਿੰਦਰ ਪੌਲ ਸਿੰਘ ਚੁੱਘ, ਤਜਿੰਦਰ ਸਿੰਘ ਸਰਦਾਰ ਪਗੜੀ ਹਾਊਸ, ਪ੍ਰੋ: ਵਰਿਆਮ ਸਿੰਘ, ਏ ਪੀ ਐਸ ਮਾਨ, ਸਰਜੋਤ ਸਿੰਘ ਸਾਹਨੀ, ਗੁਰਬਖਸ਼ ਸਿੰਘ ਬੇਦੀ, ਇੰਦਰਜੀਤ ਸਿੰਘ ਅੜੀ, ਜਸਮੀਤ ਸਿੰਘ, ਹਰਜੀਤ ਸਿੰਘ, ਸਵਰਾਜ ਸਿੰਘ ਸ਼ਾਮ, ਕਮਲਜੀਤ ਸਿੰਘ ਕੋਹਲੀ, ਨਵਤੇਜ ਸਿੰਘ ਨਾਰੰਗ, ਅਮਰਜੀਤ ਸਿੰਘ, ਸੁਖਰਾਜ ਬਹਾਦਰ ਸਿੰਘ, ਡਾਇਰੈਕਟਰ ਏ ਪੀ ਐਸ ਚਾਵਲਾ , ਅੰਡਰ ਸੈਕਟਰੀ ਸੁਖਜਿੰਦਰ ਸਿੰਘ ਛੱਤਵਾਲ, ਪ੍ਰਿੰਸੀਪਲ ਕਵਲਪ੍ਰੀਤ ਕੌਰ ਆਦਿ ਹਾਜ਼ਰ ਸਨ।

## ਈਜ਼ੀ ਜਮ੍ਹਾਂਬੰਦੀ ਪੋਰਟਲ ਨੇ ਤਿੰਨ ਸਾਲ ਤੋਂ ਰੁੱਕਿਆ ਇੰਤਕਾਲ ਦਾ ਕੰਮ ਇੱਕ ਹੀ ਦਿਨ ਵਿੱਚ ਹੱਲ ਕਰਵਾਇਆ

ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ) : ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਲ ਵਿਭਾਗ ਦੇ ਕੰਮਾਂ ਨੂੰ ਆਸਾਨ ਬਣਾਉਣ ਲਈ ਸ਼ੁਰੂ ਕੀਤੇ ਗਏ ਇਜੀ ਜਮ੍ਹਾਂਬੰਦੀ ਪੋਰਟਲ ਨੇ ਪ੍ਰੋ ਅਵਤਾਰ ਸਿੰਘ ਉੱਪਲ ਦਾ ਤਿੰਨ ਸਾਲਾਂ ਤੋਂ ਰੁਕਿਆ ਇੰਤਕਾਲ ਦਾ ਕੰਮ ਇੱਕ ਹੀ ਦਿਨ ਵਿੱਚ ਹੱਲ ਕਰ ਦਿੱਤਾ। ਅੱਜ ਜਦੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਇਸ ਲੰਮੇ ਸਮੇਂ ਤੋਂ ਪੈਂਡਿੰਗ ਇੰਤਕਾਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਇਸ ਸੰਬੰਧ ਵਿੱਚ ਕਰਮਚਾਰੀ ਪ੍ਰੋਫੈਸਰ ਉੱਪਲ ਦੇ ਘਰ ਭੇਜਿਆ, ਜਿਸ ਨੇ ਉਹਨਾਂ ਨੂੰ ਈਜ਼ੀ ਜਮ੍ਹਾਂਬੰਦੀ ਪੋਰਟਲ ਤੋਂ ਜਾਣੂੰ ਕਰਵਾ ਕੇ ਆਨਲਾਈਨ ਅਪਲਾਈ ਕਰਵਾਇਆ। ਕੁਝ ਹੀ ਘੰਟਿਆਂ ਵਿੱਚ ਇਹ ਇੰਤਕਾਲ ਪ੍ਰਵਾਨ ਹੋ ਗਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪੋਰਟਲ ਉੱਤੇ ਆਪਣੇ ਮਾਲ ਵਿਭਾਗ ਦੇ ਕੰਮਾਂ ਲਈ ਅਪਲਾਈ ਕਰਨ ਜਾਂ 1076 ਨੰਬਰ ਉੱਤੇ ਫੋਨ ਕਰਕੇ ਕਰਮਚਾਰੀ ਆਪਣੇ ਘਰ ਬੁਲਾ ਕੇ ਉਹਨਾਂ ਕੋਲੋਂ ਸੇਵਾਵਾਂ ਅਪਲਾਈ ਕਰਵਾਉਣ।

ਜ਼ਿਲ੍ਹਾ ਮਾਲ ਅਧਿਕਾਰੀ ਨਵਕੀਰਤ ਸਿੰਘ ਨੇ ਦੱਸਿਆ ਕਿ ਈਜ਼ੀ ਜਮ੍ਹਾਂਬੰਦੀ ਉੱਤੇ ਇੰਤਕਾਲ, ਜਮ੍ਹਾਂਬੰਦੀ, ਮਾਲ ਰਿਕਾਰਡ ਸਬਸਕ੍ਰਿਪਸ਼ਨ ਸੇਵਾ, ਫਰਦ ਬਦਰ, ਆਨਲਾਈਨ ਰਪਟ ਦੀ ਸ਼ੁਰੂਆਤ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਆਪਣੀ ਜਮ੍ਹਾਂਬੰਦੀ ਲੈਣ ਲਈ ਵੈਬਸਾਈਟ ਈਜੀ ਜਮ੍ਹਾਂਬੰਦੀ ਪੰਜਾਬ ਉੱਤੇ ਜਾਓ, ਆਪਣੀ ਜਮ੍ਹਾਂਬੰਦੀ ਨੂੰ ਚੁਣੋ, ਫੀਸ ਦੀ ਅਦਾਇਗੀ ਆਨਲਾਈਨ ਕਰੋ ਤਾਂ ਤੁਹਾਡੇ ਵਟਸਐਪ ਉੱਤੇ ਡਿਜੀਟਲ ਦਸਤਖ਼ਤ ਕੀਤੀ ਹੋਈ ਜਮ੍ਹਾਂਬੰਦੀ ਤੁਰੰਤ ਪਹੁੰਚ ਜਾਵੇਗੀ।

ਉਹਨਾਂ ਕਿਹਾ ਕਿ ਪਹਿਲਾਂ ਇਹ ਕੰਮ ਕਰਵਾਉਣ ਲਈ ਪਟਵਾਰੀ ਕੌਣ ਹੈ, ਉਹ ਕਿੱਥੇ ਬੈਠਦਾ ਹੈ, ਦਫਤਰ ਕਦੋਂ ਮਿਲੇਗਾ ਇੰਤਕਾਲੀ ਕਿਹੜੇ ਦਸਤਾਵੇਜ਼ ਚਾਹੀਦੇ ਹਨ, ਪਟਵਾਰੀ ਨੂੰ ਸਿਫਾਰਸ਼, ਪੈਸੇ ਦੇਣੇ ਜਾਂ ਆਪਣੀ ਦਰਖਾਸਤ ਦਾ ਪਤਾ ਕਰਨ ਲਈ ਚੱਕਰ ਲਗਾਉਣ ਪਿੱਛੇ ਭੱਜਣ ਦੀ ਲੋੜ ਪੈਂਦੀ ਸੀ, ਪਰ ਹੁਣ ਇਹ ਸਾਰਾ ਕੰਮ ਈਜ਼ੀ ਜਮ੍ਹਾਂਬੰਦੀ ਸੇਵਾ ਨੇ ਆਸਾਨ ਕਰ ਦਿੱਤਾ ਹੈ। ਸਾਰੀਆਂ ਸੇਵਾਵਾਂ 24 ਘੰਟੇ ਹਨ, ਜੇਕਰ ਤੁਸੀਂ ਆਪ ਇਹ ਕੰਮ ਆਨਲਾਈਨ ਨਹੀਂ ਕਰ ਸਕਦੇ ਤਾਂ ਤੁਸੀਂ ਫੋਨ ਕਰਕੇ ਸੇਵਾ ਸਹਾਇਕ ਨੂੰ ਘਰ ਬਣਾ ਸਕਦੇ ਹੋ।

ਉਹਨਾਂ ਕਿਹਾ ਕਿ ਇਸ ਲਈ ਜੇਕਰ ਕਿਸੇ ਅਧਿਕਾਰੀ ਨੇ ਕੋਈ ਤੁਹਾਡੇ ਦਸਤਾਵੇਜ ਉੱਤੇ ਆਨਲਾਈਨ ਇਤਰਾਜ਼ ਲਗਾਉਣਾ ਹੈ ਤਾਂ ਉਹ ਸਿਰਫ ਇੱਕ ਵਾਰੀ ਹੀ ਲਗਾਏਗਾ।

## 'ਡੇਂਗੂ ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਪ੍ਰੋਗਰਾਮ




ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿਚ ਵਿਸੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸੇ ਹੀ ਲੜੀ ਵਜੋਂ ਮਜੀਠਾ ਰੋਡ ਤੁੰਗਬਾਲਾ ਦੇ ਇਲਾਕੇ ਵਿਚ ਵੀ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਹੈ। ਜਿਸ ਦੌਰਾਨ ਸਮੂਹ ਸਿਹਤ ਕਰਮਚਾਰੀਆਂ, ਆਸ਼ਾ ਵਰਕਰਾ ਅਤੇ ਸਰਕਾਰੀ ਕਾਲਜ ਦੀਆਂ ਨਰਸਿੰਗ ਸਟੂਡੈਂਟ ਵੱਲੋਂ ਡੇਂਗੂ ਸਬੰਧੀ ਜਾਗਰੂਕ ਰੈਲੀ ਕੱਢੀ ਗਈ।

ਇਸ ਮੌਕੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਪਾਣੀ ਦਾ ਇਕੱਠਾ ਹੋਣਾ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿੱਥੇ ਪਾਣੀ ਇਕੱਠਾ ਹੋਵੇਗਾ, ਉੱਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ। ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਹਫਤੇ ਦੇ ਹਰ ਸ਼ੁੱਕਰਵਾਰ ਵਾਲੇ ਦਿਨ ਆਪਣੇ ਘਰਾਂ ਵਿਚ ਕੂਲਰਾਂ, ਫਰਿਜਾਂ, ਗਮਲਿਆਂ, ਟੈਂਕੀਆਂ, ਛੱਤ 'ਤੇ ਪਿਆ ਨਾਕਾਰਾ ਸਾਮਾਨ ਅਦਿ ਵਿਚ ਪਾਣੀ ਇਕੱਠਾ ਨਾ ਹੋਣ ਦਈਏ। ਕਿਉਂਕਿ ਡੇਂਗੂ ਤੋਂ ਬਚਣ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਪੂਰੀ ਬਾਹਵਾਂ 'ਤੇ ਕੱਪੜੇ ਪਹਿਨੇ ਜਾਣ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤੇਮਾਲ ਵੀ ਸਾਨੂੰ ਡੇਂਗੂ ਤੋਂ ਬਚਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਘਰਾਂ ਘਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ।

ਇਸ ਸੰਬਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਕਿਹਾ ਕਿ ਨੇ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਪੈਦਾ ਹੰਦਾ ਹੈ। ਜਿਸਦੇ ਲੱਛਣ ਤੇਜ ਸਿਰ-ਦਰਦ ਅਤੇ ਤੇਜ ਬੁਖਾਰ, ਮਾਸ ਪੇਸ਼ੀਆ ਅਤੇ ਜੋੜਾ ਦਾ ਦਰਦ, ਅੱਖਾ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜੀਆ ਵਿੱਚੋ ਖੂਨ ਵਗਣਾ ਆਦੀ ਹੈ। ਡੇਂਗੂ ਬੁਖਾਰ ਦੇ ਸ਼ੱਕ ਹੋਣ, ਦੀ ਸੂਰਤ ਵਿੱਚ ਤੂਰੰਤ ਸਰਕਾਰੀ ਹਸਪਤਾਲ ਤੋਂ ਫਰੀ ਚੈਕਅੱਪ ਅਤੇ ਇਲਾਜ ਕਰਵਾਉਣ। ਇਸ ਅਵਸਰ 'ਤੇ ਜ਼ਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਵੱਲੋਂ ਸਮੂਹ ਸਟਾਫ ਅਤੇ ਆਮ ਲੋਕਾਂ ਨੂੰ ਡੇਂਗੂ ਦੇ ਸੰਬੰਧ ਵਿਚ ਵਿਸ਼ੇਸ਼ ਜਾਣਕਾਰੀ ਦਿੱਤੀ ਗਈ।

ਇਸ ਮੌਕੇ 'ਤੇ ਐਸ ਆਈ ਸੁਖਦੇਵ ਸਿੰਘ, ਪਰਮਜੀਤ ਸਿੰਘ, ਮਨਜਿੰਦਰ ਸਿੰਘ, ਰਸਪਾਲ ਸਿੰਘ ਸਮੇਤ ਸਮੂਹ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਹੋਏ।

## ਅੰਤਰਰਾਸ਼ਟਰੀ ਯੋਗ ਦਿਵਸ ਅੱਜ ਮਨਾਇਆ ਜਾਵੇਗਾ



ਅੰਮ੍ਰਿਤਸਰ, 20 ਜੂਨ, (ਬਬਲੂ ਮਹਾਜਨ) : ਪੰਜਾਬ ਸਰਕਾਰ ਦੀ ਸਿਹਤ ਯੋਜਨਾ ਅਧੀਨ 'ਸੀਐਮ ਦੀ ਯੋਗਸ਼ਾਲਾ' ਤਹਿਤ, 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਸੂਬੇ ਭਰ ਵਿੱਚ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਮਾਗਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਯੁਰਵੇਦ ਡਾਇਰੈਕਟੋਰੇਟ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਈ ਗਈ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਮੇਜਰ ਅਮਿਤ ਸਰੀਨ ਨੇ ਦੱਸਿਆ ਕਿ ਜਿਲ੍ਹਾ ਪੱਧਰੀ ਸੀ.ਐਮ. ਯੋਗਸ਼ਾਲਾ ਅਧੀਨ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਗੁਰੂ ਨਾਨਕ ਸਟੇਡੀਅਮ (ਗਾਂਧੀ ਗਰਾਉਂਡ) ਵਿਖੇ 21 ਜੂਨ ਨੂੰ ਸਵੇਰੇ 6:00 ਵਜੇ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਮੂਹਿਕ ਯੋਗ ਅਭਿਆਸ ਪ੍ਰੋਗਰਾਮ, ਯੋਗ ਪ੍ਰਦਰਸ਼ਨ, ਸਿਹਤ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਮਾਗਮ ਵਿੱਚ ਆਮ ਲੋਕਾਂ, ਵਿਦਿਆਰਥੀਆਂ, ਯੋਗਾ ਇੰਸਟ੍ਰਕਟਰਾਂ, ਸਿਹਤ ਕਰਮਚਾਰੀਆਂ ਅਤੇ ਸਮਾਜਿਕ ਸੰਗਠਨਾਂ ਦੀ ਵੱਡੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਮੇਜਰ ਅਮਿਤ ਸਰੀਨ ਨੇ ਦੱਸਿਆ ਕਿ ਮੈਗਾ ਮੁਹਿੰਮ 19 ਜੂਨ ਨੂੰ ਜਲੰਧਰ ਵਿੱਚ ਆਯੋਜਿਤ 'ਪੰਜਾਬ ਯੋਗ ਸਮਾਗਮ 2025' ਨਾਲ ਸ਼ੁਰੂ ਹੋਈ, ਜਿਸ ਵਿੱਚ 21,000 ਤੋਂ ਵੱਧ ਲੋਕਾਂ ਨੇ ਸਮੂਹਿਕ ਤੌਰ 'ਤੇ ਯੋਗਾ ਅਭਿਆਸ ਕਰਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ। ਇਹ ਸਮਾਗਮ ਅੰਤਰਰਾਸ਼ਟਰੀ ਯੋਗ ਦਿਵਸ ਤੋਂ ਪਹਿਲਾਂ ਰਾਜ ਭਰ ਵਿੱਚ ਯੋਗ ਪ੍ਰਤੀ ਜਨਤਕ ਜਾਗਰੂਕਤਾ ਦਾ ਪ੍ਰਤੀਕ ਬਣ ਗਿਆ ਹੈ।

## ਈਰਾਨੀ ਹਿੰਦੂਆਂ ਅਤੇ ਸਿੱਖਾਂ ਨੂੰ ਭਾਰਤ ਲਿਆਉਣ ਲਈ 'ਆਪ੍ਰੇਸ਼ਨ ਸਿੰਧੂ' ਦਾ ਦਾਇਰਾ ਵਧਾਇਆ ਜਾਵੇ : ਪ੍ਰੋ. ਸਰਚਾਂਦ ਸਿੰਘ ਖਿਆਲਾ



ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ) : ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਈਰਾਨ-ਇਜ਼ਰਾਈਲ ਯੁੱਧ ਕਾਰਨ ਉੱਥੇ ਮੌਜੂਦ ਭਾਰਤੀਆਂ ਦੀ ਸੁਰੱਖਿਆ ਪ੍ਰਤੀ ਚਿੰਤਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਕੋਲ ਆਪ੍ਰੇਸ਼ਨ ਸਿੰਧੂ ਦੇ ਦਾਇਰੇ ਦਾ ਵਿਸਥਾਰ ਕਰਦਿਆਂ ਭਾਰਤੀ ਨਾਗਰਿਕਾਂ ਦੇ ਨਾਲ-ਨਾਲ ਉੱਥੇ ਰਹਿਣ ਵਾਲੇ ਹਿੰਦੂਆਂ ਅਤੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਦੀ ਗੁਹਾਰ ਲਗਾਈ ਹੈ।ਉਨ੍ਹਾਂ ਨੇ ਆਮ ਸਥਿਤੀ ਵਾਪਸ ਆਉਣ ਤੱਕ ਈਰਾਨ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਨੂੰ ਸਤਿਕਾਰ ਨਾਲ ਭਾਰਤ ਲਿਆਉਣ ਦੀ ਵੀ ਅਪੀਲ ਕੀਤੀ।

ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਲਿਖੇ ਆਪਣੇ ਪੱਤਰਾਂ ਵਿੱਚ ਕਿਹਾ ਕਿ 'ਆਪ੍ਰੇਸ਼ਨ ਸਿੰਧੂ' ਇਸ ਗੱਲ ਦਾ ਠੋਸ ਸਬੂਤ ਹੈ ਕਿ ਭਾਰਤ ਵਿਦੇਸ਼ਾਂ ਵਿੱਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਵਿਸ਼ੇਸ਼ ਤਰਜ਼ੀਹ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਸੰਤੁਸ਼ਟੀ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਈਰਾਨ ਅਤੇ ਇਜ਼ਰਾਈਲ ਤੋਂ ਭਾਰਤੀ ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਲਈ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਸਿੰਧੂ ਦੀ ਸਫਲਤਾ ਨੇ ਦੁਨੀਆਂ ਦਾ ਧਿਆਨ ਭਾਰਤ ਅਤੇ ਭਾਰਤ ਸਰਕਾਰ ਵੱਲ ਖਿੱਚਿਆ ਹੈ ਅਤੇ ਲੋਕਾਂ ਦਾ ਪ੍ਰਧਾਨ ਮੰਤਰੀ ਮੋਦੀ ਵਿੱਚ ਵਿਸ਼ਵਾਸ ਹੋਰ ਮਜ਼ਬੂਤ ਹੋਇਆ ਹੈ।

ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਭਾਰਤ ਅਤੇ ਸਿੱਖ ਭਾਈਚਾਰੇ ਦਾ ਈਰਾਨ ਨਾਲ ਇਤਿਹਾਸਕ ਪਿਛੋਕੜ ਅਤੇ ਗਹਿਰਾ ਸਬੰਧ ਰਿਹਾ ਹੈ। ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਈਰਾਨ ਵਿੱਚ ਵਸਿਆ ਹੋਇਆ ਹੈ। ਸਿੱਖ ਜਗਤ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜਗਤ ਜੋਤ ਸਤਿਗੁਰੂ ਹਨ। ਜਿਨ੍ਹਾਂ ਦਾ ਅਦਬ ਸਤਿਕਾਰ ਸਿੱਖਾਂ ਲਈ ਸਭ ਤੋਂ ਮਹੱਤਵਪੂਰਨ ਹੈ। ਜਿੱਥੇ ਵੀ ਸਿੱਖ ਭਾਈਚਾਰਾ ਹੈ, ਉੱਥੇ ਗੁਰਦੁਆਰੇ ਹਨ ਅਤੇ ਉਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜ਼ਰੂਰੀ ਹੈ। ਇਹ ਮੰਨਣਾ ਗ਼ਲਤ ਹੋਵੇਗਾ ਕਿ ਜੰਗ ਦੌਰਾਨ ਗੁਰਦੁਆਰਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਂਦੀ ਹੈ, ਕਿਉਂਕਿ ਹਾਲ ਹੀ ਵਿੱਚ ਪਾਕਿਸਤਾਨ ਨਾਲ ਹੋਏ ਆਪ੍ਰੇਸ਼ਨ ਸਿੰਧੂ ਦੌਰਾਨ, ਕਸ਼ਮੀਰ ਦੇ ਪੁੰਛ ਵਿੱਚ ਨਾ ਸਿਰਫ਼ ਕੇਂਦਰੀ ਗੁਰਦੁਆਰੇ ਨੂੰ ਨੁਕਸਾਨ ਪਹੁੰਚਿਆ ਸੀ, ਸਗੋਂ ਗੋਲ਼ੀਬਾਰੀ ਵਿੱਚ ਤਿੰਨ ਸਿੱਖ ਸ਼ਰਧਾਲੂ ਵੀ ਮਾਰੇ ਗਏ ਸਨ। ਇਸ ਲਈ, ਮੈਂ ਅਪੀਲ ਕਰਦਾ ਹਾਂ ਕਿ ਜੰਗ ਖ਼ਤਮ ਹੋਣ ਅਤੇ ਆਮ ਸਥਿਤੀ ਵਾਪਸ ਆਉਣ ਤੱਕ, ਈਰਾਨ ਵਿੱਚ ਸਿੱਖਾਂ ਦੇ ਗੁਰਦੁਆਰਿਆਂ ਅਤੇ ਰਿਹਾਇਸ਼ੀ ਘਰਾਂ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਸਰੂਪਾਂ ਨੂੰ ਸਤਿਕਾਰ ਨਾਲ ਭਾਰਤ ਲਿਆਉਣ ਲਈ ਵਿਸ਼ੇਸ਼ ਉਡਾਨਾਂ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ, ਜਿੱਥੇ ਦੋਵਾਂ ਦੇਸ਼ਾਂ ਵਿੱਚ ਉੱਥੋਂ ਦੇ ਸਬੰਧਿਤ ਅਧਿਕਾਰੀਆਂ ਦੇ ਸੰਪਰਕ 'ਚ ਹੋਣ ਵਾਲੇ ਭਾਰਤੀ ਮਿਸ਼ਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਸਹਿਯੋਗ ਲਿਆਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਈਰਾਨ ਵਿੱਚ ਸਥਿਤੀ ਦਿਨੋਂ-ਦਿਨ ਨਾਜ਼ੁਕ ਹੁੰਦੀ ਜਾ ਰਹੀ ਹੈ। ਸਰਕਾਰ ਨੂੰ ਉਪਰੋਕਤ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।ਇਹ ਸਿੱਖ ਭਾਈਚਾਰੇ ਲਈ ਇਕ ਵੱਡਾ ਤੋਹਫ਼ਾ ਹੋਵੇਗਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਵੱਲੋਂ ਵਿਸ਼ੇਸ਼ ਲੈਕਚਰ

ਅੰਮ੍ਰਿਤਸਰ, 20 ਜੂਨ, (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਵੱਲੋਂ ਪ੍ਰੇਮਚੰਦ ਹਿੰਦੀ ਸਾਹਿਤ ਪਰਿਸ਼ਦ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.), ਜਲੰਧਰ ਦੇ ਰਾਜਭਾਸ਼ਾ ਸੈਕਸ਼ਨ ਦੇ ਇੰਸਪੈਕਟਰ ਡਾ. ਬਿਹਾਰੀ ਝਾ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।

ਪ੍ਰੋ. ਸੁਨੀਲ ਨੇ ਡਾ. ਬਿਹਾਰੀ ਝਾ ਦਾ ਵਿਭਾਗ ਵਿੱਚ ਪੁੱਜਣ 'ਤੇ ਯਾਦਗਾਰੀ ਚਿੰਨ੍ਹ ਅਤੇ ਪੌਦਾ ਭੇਂਟ ਕਰਕੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਪ੍ਰੇਰਨਾ ਅਤੇ ਅਗਵਾਈ ਹੇਠ ਹਿੰਦੀ ਵਿਭਾਗ ਵੱਲੋਂ ਲਗਾਤਾਰ ਸਾਹਿਤਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਪ੍ਰੋ. ਸੁਨੀਲ ਕੁਮਾਰ ਨੇ ਬੁਲਾਰੇ ਦੀ ਜਾਣ-ਪਛਾਣ ਕਰਵਾਉਂਦਿਆਂ ਆਪਣੇ ਸਵਾਗਤੀ ਸੰਬੋਧਨ ਵਿੱਚ ਦੱਸਿਆ ਕਿ ਡਾ. ਬਿਹਾਰੀ ਝਾ ਸੀਮਾ ਸੁਰੱਖਿਆ ਬਲ ਦੇ ਰਾਜਭਾਸ਼ਾ ਸੈਕਸ਼ਨ ਵਿੱਚ ਇੰਸਪੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਦੀਆਂ ਕਈ ਕਵਿਤਾਵਾਂ ਵਿਭਾਗੀ ਮੈਗਜ਼ੀਨਾਂ ਵਿੱਚ ਛਪ ਚੁੱਕੀਆਂ ਹਨ। ਉਨ੍ਹਾਂ ਨੇ ਅਨੇਕ ਦੇਸ਼-ਭਗਤੀ ਗੀਤ ਲਿਖੇ ਹਨ, ਜਿਨ੍ਹਾਂ ਵਿੱਚੋਂ ਚਾਰ ਗੀਤ ਸੀਮਾ ਸੁਰੱਖਿਆ ਬਲ ਦੇ ਅਧਿਕਾਰਤ ਯੂਟਿਊਬ ਚੈਨਲ ਰਾਹੀਂ ਪ੍ਰਸਾਰਿਤ ਕੀਤੇ ਗਏ ਹਨ, ਜਿਸ ਨਾਲ ਸਰਹੱਦ 'ਤੇ ਤਾਇਨਾਤ ਜਵਾਨਾਂ ਨੂੰ ਆਪਣੇ ਫਰਜ਼ ਪ੍ਰਤੀ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਦੇ ਦੇਸ਼-ਭਗਤੀ ਗੀਤ ਜਿਵੇਂ 'ਕਿੰਨੇ ਬਹਾਦਰ ਹੋ ਸੀਮਾ ਦੇ ਪਹਿਰੇਦਾਰ', 'ਗੀਤ ਗਾਉਂਦੇ ਹਾਂ ਅੱਜ ਅਸੀਂ ਉਨ੍ਹਾਂ ਲਈ ਜੋ ਸ਼ਹੀਦ ਹੋ ਗਏ ਵਤਨ ਲਈ', 'ਅਤੇ 'ਵੀਰ ਪਹਿਰੇਦਾਰ ਹੋ' ਬਹੁਤ ਮਸ਼ਹੂਰ ਹਨ।

ਡਾ. ਬਿਹਾਰੀ ਝਾ ਨੇ ਆਪਣੇ ਸੰਬੋਧਨ ਵਿੱਚ ਭਾਰਤ ਸਰਕਾਰ ਵੱਲੋਂ ਹਿੰਦੀ ਦੇ ਉਥਾਨ ਲਈ ਬਣਾਈਆਂ ਨੀਤੀਆਂ ਅਤੇ ਕੋਸ਼ਿਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਸੀਮਾ ਸੁਰੱਖਿਆ ਬਲ ਵਿੱਚ ਹਿੰਦੀ ਰਾਹੀਂ ਕੀਤੇ ਜਾਣ ਵਾਲੇ ਕੰਮਾਂ ਦਾ ਜ਼ਿਕਰ ਕੀਤਾ।

# .ਗੈਰ-ਕਾਨੂੰਨੀ ਢੰਗ ਨਾਲ ਬਣਾਏ ਨਸ਼ਾ ਤਸਕਰ ਦੇ ਘਰ 'ਤੇ ਚੱਲਿਆ ਪੀਲਾ ਪੰਜਾ

## ਐਸ.ਪੀ. 'ਐਚ' ਤੇਜਵੀਰ ਸਿੰਘ ਹੁੰਦਲ ਦੀ ਅਗਵਾਈ ਹੇਠ ਪੁਲਿਸ ਨੇ ਕਾਰਵਾਈ ਕੀਤੀ



ਲੁਧਿਆਣਾ, 20 ਜੂਨ (ਵਿਸ਼ਾਲ ਸ਼ਰਮਾ/ਨਰਿੰਦਰ ਸ਼ਾਹਪੁਰ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਸ਼ੁਰੂ ਹੈ। ਇਸ ਕਾਰਵਾਈ ਤਹਿਤ ਸ਼ੁੱਕਰਵਾਰ ਨੂੰ ਖੰਨਾ ਦੇ ਐਸ.ਪੀ (ਹੈਡਕੁਆਰਟਰ) ਸ੍ਰੀ ਤੇਜਵੀਰ ਸਿੰਘ ਹੁੰਦਲ ਦੀ ਅਗਵਾਈ ਹੇਠ ਨਸ਼ਾ ਤਸਕਰ ਅਮਰੀਕ ਸਿੰਘ ਉਰਫ ਰਿੰਕੂ ਪੁੱਤਰ ਬਲਦੇਵ ਸਿੰਘ ਵਾਸੀ ਵਾਰਡ ਨੰਬਰ 02, ਮਲੌਦ, ਜ਼ਿਲ੍ਹਾ ਲੁਧਿਆਣਾ ਦਾ ਘਰ ਢਾਹਿਆ ਗਿਆ। ਇਹ ਮਕਾਨ ਨਗਰ ਪੰਚਾਇਤ ਮਲੌਦ ਤੋਂ ਬਿਨਾਂ ਮੰਨਜ਼ੂਰੀ ਲਏ ਗੈਰ-ਕਾਨੂੰਨੀ ਢੰਗ ਨਾਲ ਬਣਾਇਆ ਹੋਇਆ ਸੀ। ਇਸ ਮੌਕੇ ਨਗਰ ਪੰਚਾਇਤ ਮਲੌਦ ਦੇ ਕਾਰਜਸਾਧਕ ਅਫਸਰ ਸ੍ਰੀ ਹਰਨਰਿੰਦਰ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਅਮਰੀਕ ਸਿੰਘ ਉਰਫ ਰਿੰਕੂ ਪੁੱਤਰ ਬਲਦੇਵ ਸਿੰਘ ਇਸ ਵੱਲੋਂ ਮਿਉਂਸਪਲ ਐਕਟ ਦੀ ਉਲੰਘਣਾ ਕਰਕੇ ਮਕਾਨ ਦੀ ਨਜਾਇਜ ਉਸਾਰੀ ਕੀਤੀ ਗਈ ਸੀ ਅਤੇ ਇਸ ਵੱਲੋਂ ਮਕਾਨ ਦਾ ਕੋਈ ਨਕਸ਼ਾ ਨਗਰ ਪੰਚਾਇਤ ਮਲੌਦ ਤੋਂ ਪਾਸ ਨਹੀਂ ਕਰਵਾਇਆ ਗਿਆ ਸੀ।

ਮਿਉਂਸਪਲ ਐਕਟ ਦੇ ਤਹਿਤ ਇਸ ਨੂੰ ਮਕਾਨ ਨੂੰ ਢਾਹੁਣ ਲਈ 4 ਨੋਟਿਸ ਵੀ ਭੇਜੇ ਗਏ ਸਨ। ਸ੍ਰੀ ਅੱਜ ਪੁਲਿਸ ਪਾਰਟੀ ਨੂੰ ਨਾਲ ਲੈ ਕੇ ਗੈਰ-ਕਾਨੂੰਨੀ ਉਸਾਰੀ ਨੂੰ ਢਾਹਿਆ ਗਿਆ ਹੈ। ਖੰਨਾ ਦੇ ਐਸ.ਪੀ (ਹੈਡਕੁਆਰਟਰ) ਸ੍ਰੀ ਤੇਜਵੀਰ ਸਿੰਘ ਹੁੰਦਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕ ਸਿੰਘ ਉਰਫ ਰਿੰਕੂ ਪੁੱਤਰ ਬਲਦੇਵ ਸਿੰਘ ਵਾਸੀ ਵਾਰਡ ਨੰ 02, ਮਲੌਦ ਦੇ ਉੱਪਰ ਐਨ.ਡੀ.ਪੀ.ਐਸ.ਐਕਟ ਅਧੀਨ ਵੱਖ-ਵੱਖ 3 ਮੁਕੱਦਮੇ ਦਰਜ ਹਨ। ਉਨ੍ਹਾਂ ਕਿਹਾ ਕਿ ਅਮਰੀਕ ਸਿੰਘ ਉਰਫ ਰਿੰਕੂ ਪੁੱਤਰ ਬਲਦੇਵ ਸਿੰਘ ਦੋ ਦਿਨ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਇਆ ਹੈ।

ਉਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਤੇਜਵੀਰ ਸਿੰਘ ਹੁੰਦਲ ਨੇ ਦੱਸਿਆ ਕਿ ਨਸ਼ੇ ਦੇ ਸੌਦਾਗਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਿਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਅੰਦਰ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ। ਇੱਥੇ ਵਰਣਨਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਦੀ ਇਲਾਕਾ ਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੁਲਿਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਡੀ.ਐਸ.ਪੀ ਪਾਇਲ ਹੇਮੰਤ ਮਲਹੋਤਰਾ, ਡੀ.ਐਸ.ਪੀ ਸੀ.ਈ.ਡਬਲਯੂ ਕਰਮਵੀਰ ਤੂਰ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਡਰੋਨ ਸਿਖਲਾਈ ਸੈਸ਼ਨ ਐਨ.ਸੀ.ਸੀ. ਗਰਲ ਕੈਡੇਟਸ ਨੂੰ ਆਧੁਨਿਕ ਹੁਨਰਾਂ ਨਾਲ ਲੈਸ ਕਰਦੇ



ਲੁਧਿਆਣਾ, 20 ਜੂਨ (ਵਿਸ਼ਾਲ ਸ਼ਰਮਾ) : 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਲੁਧਿਆਣਾ ਦੇ ਚੱਲ ਰਹੇ ਸਾਲਾਨਾ ਸਿਖਲਾਈ ਕੈਂਪ ਦੇ ਹਿੱਸੇ ਵਜੋਂ ਐਨਸੀਸੀ ਗਰਲ ਕੈਡਿਟਸ ਨੂੰ ਉੱਭਰਦੀਆਂ ਤਕਨਾਲੋਜੀਆਂ ਵਿੱਚ ਹੁਨਰਮੰਦ ਬਣਾਉਣ ਲਈ ਇੱਕ ਵਿਸ਼ੇਸ਼ ਡਰੋਨ ਸਿਖਲਾਈ ਸੈਸ਼ਨ ਕਰਵਾਇਆ ਗਿਆ। ਇਹ ਕੈਂਪ 17 ਜੂਨ ਤੋਂ 26 ਜੂਨ 2025 ਤੱਕ ਇਤਿਹਾਸਕ ਖਾਲਸਾ ਕਾਲਜ ਫਾਰ ਵੂਮੈਨ ਲੁਧਿਆਣਾ ਵਿਖੇ ਕੈਂਪ ਕਮਾਂਡੈਂਟ ਕਰਨਲ ਆਰ.ਐਸ. ਚੌਹਾਨ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ।

ਡਰੋਨ ਸਿਖਲਾਈ ਨੈਸ਼ਨਲ ਸਕਿੱਲ ਟਰੇਨਿੰਗ ਇੰਸਟੀਚਿਊਟ (ਐਨ ਐਸ ਟੀ ਆਈ) ਲੁਧਿਆਣਾ ਦੇ ਟਰੇਨਿੰਗ ਅਫਸਰ ਕਰਨੈਲ ਸਿੰਘ ਦੁਆਰਾ ਕਰਵਾਈ ਗਈ ਜਿਨ੍ਹਾਂ ਨੇ ਕੈਡਿਟਾਂ ਨੂੰ ਡਰੋਨ ਤਕਨਾਲੋਜੀ ਸੰਚਾਲਨ ਅਤੇ ਰੱਖਿਆ, ਖੇਤੀਬਾੜੀ, ਨਿਗਰਾਨੀ ਅਤੇ ਆਫ਼ਤ ਪ੍ਰਬੰਧਨ ਵਿੱਚ ਇਸਦੇ ਵਿਆਪਕ ਉਪਯੋਗਾਂ ਦੇ ਬੁਨਿਆਦੀ ਸਿਧਾਂਤਾਂ ਨਾਲ ਜਾਣੂੰ ਕਰਵਾਇਆ। ਸੈਸ਼ਨ ਵਿੱਚ ਸਿਧਾਂਤਕ ਅਤੇ ਵਿਹਾਰਕ ਸਿਖਲਾਈ ਦੋਵੇਂ ਸ਼ਾਮਲ ਸਨ, ਜਿੱਥੇ ਕੈਡਿਟਸ ਨੇ ਡਰੋਨ ਦੇ ਪੁਰਜ਼ਿਆਂ,ਨਿਯੰਤਰਣਾਂ ਸੁਰੱਖਿਆ ਪ੍ਰੋਟੋਕੋਲ ਅਤੇ ਬੁਨਿਆਦੀ ਪਾਇਲਟਿੰਗ ਹੁਨਰਾਂ ਬਾਰੇ ਸਿੱਖਿਆ। ਇਸ ਪਹਿਲ ਦਾ ਉਦੇਸ਼ ਕੈਡਿਟਾਂ ਨੂੰ ਸੰਬੰਧਿਤ ਤਕਨੀਕੀ ਗਿਆਨ ਨਾਲ ਲੈਸ ਕਰਨਾ ਸੀ ਜੋ ਕਿ ਸਕਿੱਲ ਇੰਡੀਆ ਮਿਸ਼ਨ ਦੇ ਤਹਿਤ ਹੁਨਰ ਵਿਕਾਸ ਅਤੇ ਸਵੈ-ਨਿਰਭਰਤਾ 'ਤੇ ਸਰਕਾਰ ਦੇ ਫੋਕਸ ਦੇ ਅਨੁਸਾਰ ਸੀ। ਕੈਡਿਟਾਂ ਨੇ ਡੂੰਘੀ ਦਿਲਚਸਪੀ ਦਿਖਾਈ ਅਤੇ ਲਾਈਵ ਪ੍ਰਦਰਸ਼ਨਾਂ ਅਤੇ ਉਡਾਣ ਅਭਿਆਸਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਕਰਨਲ ਆਰ.ਐਸ. ਚੌਹਾਨ ਨੇ ਇਸ ਯਤਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਅੱਜ ਦੀ ਦੁਨੀਆ ਵਿੱਚ ਇਹ ਮਹੱਤਵਪੂਰਨ ਹੈ ਕਿ ਸਾਡੇ ਕੈਡਿਟਸ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੋਣ ਸਗੋਂ ਤਕਨੀਕੀ ਤੌਰ 'ਤੇ ਵੀ ਜਾਗਰੂਕ ਹੋਣ। ਡਰੋਨ ਸੰਚਾਲਨ ਵਿੱਚ ਸਿਖਲਾਈ ਸਿੱਖਣ ਅਤੇ ਭਵਿੱਖ ਦੇ ਕਰੀਅਰ ਲਈ ਨਵੀਆਂ ਸੰਭਾਵਨਾਵਾਂ ਖੋਲ੍ਹਦੀ ਹੈ। ਸਾਰੇ ਕੈਡਿਟਸ ਅਤੇ ਸਟਾਫ ਦੁਆਰਾ ਸੈਸ਼ਨ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ, ਕਿਉਂਕਿ ਇਸਨੇ ਐਨ.ਸੀ.ਸੀ. ਦੇ ਰਵਾਇਤੀ ਸਿਖਲਾਈ ਢਾਂਚੇ ਵਿੱਚ ਇੱਕ ਆਧੁਨਿਕ ਅਤੇ ਭਵਿੱਖਵਾਦੀ ਪਹਿਲੂ ਜੋੜਿਆ। ਸਾਲਾਨਾ ਸਿਖਲਾਈ ਕੈਂਪ ਨੌਜਵਾਨ ਔਰਤਾਂ ਵਿੱਚ ਅਨੁਸ਼ਾਸਨ, ਲੀਡਰਸ਼ਿਪ ਅਤੇ ਤਕਨੀਕੀ ਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਨਾ ਜਾਰੀ ਰੱਖਦਾ ਹੈ।

# ਜੰਗ ਦੇ ਜੋਖ਼ਮ, ਤੇਲ ਦੀਆਂ ਵੱਧਦੀਆਂ ਕੀਮਤਾਂ ਨੇ ਰੁਪਏ ਨੂੰ 3 ਮਹੀਨਿਆਂ ਦੇ ਹੇਠਲੇ ਪੱਧਰ 86.73 'ਤੇ ਧੱਕਿਆ




ਮੁੰਬਈ, 20 ਜੂਨ (ਚ.ਨ.ਸ.) : ਇਜ਼ਰਾਈਲ-ਈਰਾਨ ਟਕਰਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦੇ ਵਿਚਕਾਰ, ਰੁਪਏ ਨੇ ਲਗਾਤਾਰ ਤੀਜੇ ਦਿਨ ਆਪਣੀ ਗਿਰਾਵਟ ਨੂੰ ਵਧਾਇਆ, ਅਮਰੀਕੀ ਡਾਲਰ ਦੇ ਮੁਕਾਬਲੇ 26 ਪੈਸੇ ਹੋਰ ਡਿੱਗ ਕੇ 86.73 ਦੇ ਪੱਧਰ 'ਤੇ ਬੰਦ ਹੋਇਆ, ਜੋ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਇਸਦਾ ਸਭ ਤੋਂ ਘੱਟ ਪੱਧਰ ਹੈ। ਵਿਸ਼ਲੇਸ਼ਕਾਂ ਨੇ ਕਿਹਾ ਕਿ ਮੱਧ ਪੂਰਬ ਦੇ ਟਕਰਾਅ ਦੇ ਵਿਗੜਨ ਦੀ ਸੰਭਾਵਨਾ ਹੈ, ਆਉਣ ਵਾਲੇ ਦਿਨਾਂ ਵਿੱਚ ਰੁਪਿਆ 87 ਦੇ ਪੱਧਰ ਤੋਂ ਹੇਠਾਂ ਡਿੱਗਣ ਲਈ ਤਿਆਰ ਹੈ ਜਦੋਂ ਤੱਕ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਬਾਜ਼ਾਰ ਵਿੱਚ ਦਖਲ ਨਹੀਂ ਦਿੰਦਾ ਅਤੇ ਹੋਰ ਗਿਰਾਵਟ ਨੂੰ ਨਹੀਂ ਰੋਕਦਾ।

ਇਹ ਗਿਰਾਵਟ ਮੁੱਖ ਤੌਰ 'ਤੇ ਨਿਰੰਤਰ ਭੂ-ਰਾਜਨੀਤਿਕ ਅਨਿਸ਼ਚਿਤਤਾ ਅਤੇ ਅਮਰੀਕੀ ਫੈਡਰਲ ਰਿਜ਼ਰਵ ਦੇ ਇੱਕ ਹਮਲਾਵਰ ਰੁਖ ਕਾਰਨ ਹੋਈ, ਜਿਸ ਨਾਲ ਡਾਲਰ ਹੋਰ ਆਕਰਸ਼ਕ ਹੋ ਗਿਆ। ਬ੍ਰੈਂਟ ਕੱਚੇ ਤੇਲ ਦੇ ਫਿਊਚਰਜ਼ ਵੀਰਵਾਰ ਨੂੰ ਪ੍ਰਤੀ ਬੈਰਲ $77 ਤੋਂ ਉੱਪਰ ਚੜ੍ਹ ਗਏ, ਜੋ ਕਿ ਉੱਚੇ ਭੂ-ਰਾਜਨੀਤਿਕ ਜੋਖਮਾਂ ਕਾਰਨ ਚਾਰ ਮਹੀਨਿਆਂ ਤੋਂ ਵੱਧ ਦੇ ਉੱਚੇ ਪੱਧਰ 'ਤੇ ਚੜ੍ਹ ਗਏ। ਰਿਪੋਰਟਾਂ ਤੋਂ ਸੰਕੇਤ ਮਿਲਦਾ ਹੈ ਕਿ ਇਜ਼ਰਾਈਲ ਨੇ ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜ਼ੋਗ ਦੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਖਤਮ ਕਰਨ ਦੇ ਬਿਆਨ ਤੋਂ ਬਾਅਦ ਵੀਰਵਾਰ ਨੂੰ ਸਵੇਰੇ ਈਰਾਨ ਦੇ ਅਰਕ ਹੈਵੀ ਵਾਟਰ ਰਿਐਕਟਰ 'ਤੇ ਹਮਲਾ ਕੀਤਾ। ਵਿਸ਼ਲੇਸ਼ਕਾਂ ਨੇ ਕਿਹਾ ਕਿ ਮੌਜੂਦਾ ਭੂ-ਰਾਜਨੀਤਿਕ ਅਨਿਸ਼ਚਿਤਤਾਵਾਂ ਕਾਰਨ ਬਾਜ਼ਾਰ ਵਿੱਚ ਜੋਖਮ-ਵਿਰੋਧੀ ਭਾਵਨਾ ਅਤੇ ਦਰਾਮਦਕਾਰਾਂ ਵੱਲੋਂ ਡਾਲਰ ਦੀ ਮੰਗ ਨੇ ਰੁਪਏ ਦੇ ਮੁੱਲ ਨੂੰ ਹੇਠਾਂ ਲਿਆ ਦਿੱਤਾ ਹੈ।

ਇਸ ਤੋਂ ਇਲਾਵਾ, ਮੱਧ ਪੂਰਬ ਵਿੱਚ ਘਰੇਲੂ ਇਕੁਇਟੀ ਬਾਜ਼ਾਰਾਂ ਵਿੱਚ ਸੁਸਤ ਸਥਿਤੀ ਅਤੇ ਵਧ ਰਹੇ ਭੂ-ਰਾਜਨੀਤਿਕ ਤਣਾਅ ਨੇ ਵੀ ਰੁਪਏ 'ਤੇ ਦਬਾਅ ਪਾਇਆ। LKP ਸਿਕਿਓਰਿਟੀਜ਼ ਦੇ ਖੋਜ ਵਿਸ਼ਲੇਸ਼ਕ ਜਤੀਨ ਤ੍ਰਿਵੇਦੀ ਨੇ ਕਿਹਾ ਕਿ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਨਵੇਂ ਅਮਰੀਕੀ ਦਬਾਅ ਸਮੇਤ ਮੱਧ ਪੂਰਬ ਦੇ ਤਣਾਅ ਵਧਣ ਕਾਰਨ ਰੁਪਏ ਵਿੱਚ ਕਮਜ਼ੋਰੀ ਆਈ। ਇਸ ਤੋਂ ਇਲਾਵਾ, ਅਮਰੀਕੀ ਫੈੱਡ ਦੇ ਸੰਕੇਤ ਕਿ ਦਰਾਂ ਵਿੱਚ ਕਟੌਤੀ ਲਗਭਗ ਛੇ ਮਹੀਨਿਆਂ ਦੀ ਦੇਰੀ ਨਾਲ ਹੋ ਸਕਦੀ ਹੈ, ਨੇ ਡਾਲਰ ਨੂੰ ਸਮਰਥਨ ਦਿੱਤਾ, ਜਿਸ ਨਾਲ ਰੁਪਏ 'ਤੇ ਦਬਾਅ ਵਧਿਆ। ਰੁਪਏ ਲਈ ਸੰਭਾਵਿਤ ਵਪਾਰਕ ਸੀਮਾ 86.25 ਅਤੇ 87.25 ਦੇ ਵਿਚਕਾਰ ਦੇਖੀ ਜਾ ਰਹੀ ਹੈ। ਰੇਟਿੰਗ ਏਜੰਸੀ ICRA ਨੇ ਕਿਹਾ ਕਿ ਖੇਤਰ ਵਿੱਚ ਟਕਰਾਅ ਵਿੱਚ ਕੋਈ ਵੀ ਵਾਧਾ ਗਲੋਬਲ ਸਪਲਾਈ ਅਤੇ ਕੀਮਤਾਂ ਨੂੰ ਕਾਫ਼ੀ ਪ੍ਰਭਾਵਿਤ ਕਰ ਸਕਦਾ ਹੈ।

ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਅੱਪਸਟ ?ਰੀਮ ਕੰਪਨੀਆਂ ਦੇ ਮੁਨਾਫੇ ਲਈ ਸਕਾਰਾਤਮਕ ਹੋਵੇਗਾ ਭਾਵੇਂ ਕਿ ਡਾਊਨਸਟਰੀਮ ਖਿਡਾਰੀਆਂ ਦੇ ਮਾਰਕੀਟਿੰਗ ਮਾਰਜਿਨ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਈਰਾਨ ਦਾ ਕੱਚਾ ਤੇਲ ਉਤਪਾਦਨ ਲਗਭਗ 3.3 ਐਮਬੀਡੀ ਹੈ, ਜਿਸ ਵਿੱਚੋਂ ਇਹ 1.8-2.0 ਐਮਬੀਡੀ ਨਿਰਯਾਤ ਕਰਦਾ ਹੈ। ਜਦੋਂ ਕਿ ਈਰਾਨੀ ਤੇਲ ਅਤੇ ਗੈਸ ਸਹੂਲਤਾਂ 'ਤੇ ਹਮਲਾ ਹੋਇਆ ਹੈ, ਨੁਕਸਾਨ ਦੀ ਹੱਦ ਸਪੱਸ਼ਟ ਨਹੀਂ ਹੈ। ਹਾਲਾਂਕਿ, ਈਰਾਨੀ ਉਤਪਾਦਨ ਅਤੇ ਸਪਲਾਈ ਵਿੱਚ ਕੋਈ ਵੀ ਵਿਘਨ ਜਾਂ ਖੇਤਰ ਦੇ ਹੋਰ ਵੱਡੇ ਉਤਪਾਦਕਾਂ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਵਿਸ਼ਾਲ ਖੇਤਰੀ ਟਕਰਾਅ ਊਰਜਾ ਕੀਮਤਾਂ ਨੂੰ ਉੱਚਾ ਕਰ ਸਕਦਾ ਹੈ, ਇਸ ਵਿੱਚ ਕਿਹਾ ਗਿਆ ਹੈ। ਇਰਾਕ, ਸਾਊਦੀ ਅਰਬ, ਕੁਵੈਤ ਅਤੇ ਯੂਏਈ ਤੋਂ ਕੱਚੇ ਤੇਲ ਦੀ ਦਰਾਮਦ ਜੋ ਹੋਰਮੁਜ਼ ਜਲਡਮਰੂ (SoH) ਵਿੱਚੋਂ ਲੰਘਦੀ ਹੈ, ਭਾਰਤ ਦੁਆਰਾ ਕੁੱਲ ਕੱਚੇ ਤੇਲ ਦੀ ਦਰਾਮਦ ਦਾ 45-50 ਪ੍ਰਤੀਸ਼ਤ ਬਣਦੀ ਹੈ। ਭਾਰਤ ਦੁਆਰਾ ਕੁਦਰਤੀ ਗੈਸ ਦੀ ਦਰਾਮਦ ਦਾ ਲਗਭਗ 60 ਪ੍ਰਤੀਸ਼ਤ SoH ਵਿੱਚੋਂ ਲੰਘਦਾ ਹੈ। ਕੱਚੇ ਤੇਲ ਦੀਆਂ ਇਨ੍ਹਾਂ ਉੱਚੀਆਂ ਕੀਮਤਾਂ 'ਤੇ, ਜਦੋਂ ਕਿ ਉੱਪਰਲੇ ਖਿਡਾਰੀਆਂ ਦੀ ਮੁਨਾਫ਼ਾ ਸਿਹਤਮੰਦ ਰਹੇਗਾ ਅਤੇ ਉਨ੍ਹਾਂ ਦੀਆਂ ਪੂੰਜੀਗਤ ਯੋਜਨਾਵਾਂ ਬਰਕਰਾਰ ਰਹਿਣਗੀਆਂ, ਡਾਊਨਸਟਰੀਮ ਖਿਡਾਰੀਆਂ ਦੇ ਮਾਰਕੀਟਿੰਗ ਮਾਰਜਿਨ LPG ਅੰਡਰ-ਰਿਕਵਰੀ ਦੇ ਵਿਸਥਾਰ ਦੇ ਨਾਲ ਪ੍ਰਭਾਵਿਤ ਹੋਣਗੇ, ICRA ਨੇ ਕਿਹਾ।



ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਦੀਆਂ ਚੋਣਾਂ ਦੌਰਾਨ ਇੱਕ ਬੂਥ 'ਤੇ ਡਿਊਟੀ ਦੇ ਰਹੇ ਭਾਰਤੀ ਜਨਤਾ ਪਾਰਟੀ ਦੇ ਸਿਰ ਕੱਢ ਆਗੂ ਜਸਪ੍ਰੀਤ ਸਿੰਘ ਹੋਬੀ ਅਤੇ ਸਾਥੀ। *ਫੋਟੋ ਵੇਰਵਾ ਰਵਿੰਦਰ ਸਿੰਘ ਨਿੱਝਰ*

# ਸੰਸਦ ਮੈਂਬਰ ਸੰਜੀਵ ਅਰੋੜਾ ਦਾ ਵੋਟਿੰਗ ਤੋਂ ਬਾਅਦ ਦਾ ਦਿਨ





ਲੁਧਿਆਣਾ, 20 ਜੂਨ (ਵਿਸ਼ਾਲ ਸ਼ਰਮਾ) : ਪਿਛਲੇ 3.5 ਮਹੀਨਿਆਂ ਤੋਂ ਇੱਕ ਤੀਬਰ ਅਤੇ ਸੰਤੁਸ਼ਟ ਕਰਨ ਵਾਲੇ ਪ੍ਰਚਾਰ ਦੌਰੇ ਤੋਂ ਬਾਅਦ ਅੱਜ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਲਈ ਇੱਕ ਆਰਾਮਦਾਇਕ ਦਿਨ ਸੀ। ਦੇਰ ਤੱਕ ਸੁੱਤੇ। ਦਿਨ ਦੀ ਸ਼ੁਰੂਆਤ ਹਲਕੇ ਫੁਲਕੇ ਢੰਗ ਨਾਲ ਕੀਤੀ। ਚੰਗਾ ਖਾਣਾ ਖਾਧਾ। ਆਪਣੀ ਟੀਮ ਅਤੇ ਨਗਰ ਨਿਗਮ ਨੂੰ ਬੇਨਤੀ ਕੀਤੀ ਕਿ ਉਹ ਹਲਕੇ ਭਰ ਵਿੱਚ ਪੋਸਟਰ,ਵਾਲ ਰੈਪ ਅਤੇ ਸਟਿੱਕਰਾਂ ਸਮੇਤ ਸਾਰੀਆਂ ਚੋਣ-ਸਬੰਧਤ ਸਮੱਗਰੀ ਨੂੰ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ। ਉਨ੍ਹਾਂ ਅੱਗੇ ਕਿਹਾ ਮੈਂ ਹਲਕਾ ਨਾਸ਼ਤਾ ਕੀਤਾ ਅਤੇ ਸਭ ਤੋਂ ਮਹੱਤਵਪੂਰਨ ਆਪਣੇ ਪਰਿਵਾਰ ਨਾਲ ਵਧੀਆ ਸਮਾਂ ਬਿਤਾਇਆ ਇੱਕ ਅਜਿਹੀ ਚੀਜ਼ ਜਿਸਦੀ ਮੈਨੂੰ ਚੋਣ ਮੁਹਿੰਮ ਦੌਰਾਨ ਬਹੁਤ ਯਾਦ ਆਈ। ਮੈਂ ਅੰਤ ਵਿੱਚ ਆਪਣੇ ਪੋਤੇ ਪੋਤੀਆਂ,ਆਰਿਆ, ਅਹਾਦ ਅਤੇ ਈਵਾਨ ਨਾਲ ਸਮਾਂ ਬਿਤਾਉਣ ਦੇ ਯੋਗ ਹੋ ਗਿਆ। ਉਨ੍ਹਾਂ ਨੂੰ ਇਹ ਕਹਿੰਦੇ ਸੁਣ ਕੇ ਦਾਦੂ ਅੰਤ ਵਿੱਚ ਤੁਹਾਨੂੰ ਦੇਖ ਕੇ ਬਹੁਤ ਚੰਗਾ ਲੱਗਿਆ ਅਸੀਂ ਤੁਹਾਨੂੰ ਸਿਰਫ਼ ਪੋਸਟਰਾਂ ਅਤੇ ਹੋਰਡਿੰਗਾਂ 'ਤੇ ਹੀ ਦੇਖ ਰਹੇ ਸੀ ਇਹ ਇੱਕ ਦਿਲ ਨੂੰ ਛੂਹ ਲੈਣ ਵਾਲੀ ਯਾਦ ਦਿਵਾਉਂਦਾ ਸੀ ਕਿ ਮੈਂ ਕਿੰਨਾ ਸਮਾਂ ਦੂਰ ਸੀ ਅਰੋੜਾ ਨੇ ਕਿਹਾ ਅਸੀਂ ਇੱਕ ਪਰਿਵਾਰ ਵਜੋਂ ਇਕੱਠੇ ਦੁਪਹਿਰ ਦਾ ਖਾਣਾ ਖਾਧਾ ਅਤੇ ਮੈਂ ਅੱਜ ਰਾਤ ਉਨ੍ਹਾਂ ਸਾਰਿਆਂ ਨੂੰ ਉਨ੍ਹਾਂ ਦੇ ਮਨਪਸੰਦ ਰੈਸਟੋਰੈਂਟ ਵਿੱਚ ਰਾਤ ਦੇ ਖਾਣੇ ਲਈ ਬਾਹਰ ਲੈ ਜਾਣ ਦੀ ਉਮੀਦ ਕਰ ਰਿਹਾ ਹਾਂ। ਮੈਂ ਅਗਲੇ ਦੋ ਦਿਨ ਆਪਣੇ ਅਜ਼ੀਜ਼ਾਂ ਨਾਲ ਬਿਤਾਉਣ ਦੀ ਯੋਜਨਾ ਬਣਾ ਰਿਹਾ ਹਾਂ ਜੋ ਕਿ ਚੋਣ ਪ੍ਰੋਗਰਾਮ ਦੇ ਰੁਝੇਵਿਆਂ ਕਾਰਨ ਪਿੱਛੇ ਰਹਿ ਗਿਆ ਸੀ। ਇਹ ਵਿਰਾਮ ਸਿਰਫ਼ ਆਰਾਮ ਕਰਨ ਲਈ ਹੀ ਨਹੀਂ ਸਗੋਂ ਨਵੀਂ ਊਰਜਾ ਨਾਲ ਅੱਗੇ ਵਧਣ ਤੋਂ ਪਹਿਲਾਂ ਪ੍ਰਤੀਬਿੰਬਤ ਕਰਨ ਰੀਚਾਰਜ ਕਰਨ ਅਤੇ ਦੁਬਾਰਾ ਜੁੜਨ ਲਈ ਵੀ ਮਹੱਤਵਪੂਰਨ ਹੈ।

# ਬਾਇਓਐਨਜ਼ਾਈਮ ਦੀ ਵਰਤੋਂ ਕਰਕੇ ਸਫ਼ਾਈ ਪਦਾਰਥ ਤਿਆਰ ਕਰਨ ਸਬੰਧੀ ਕੈਂਪ ਲਗਾਇਆ

ਲੁਧਿਆਣਾ, 20 ਜੂਨ (ਰਵਿੰਦਰ ਸਿੰਘ ਨਿੱਝਰ) : ਸਕਿੱਲ ਡਿਵੈਲਪਮੈਂਟ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪੰਜਾਬ ਦੇ ਕਿਸਾਨ ਅਤੇ ਕਿਸਾਨ ਬੀਬੀਆਂ ਲਈ "ਬਾਇਓਐਨਜ਼ਾਈਮ ਦੀ ਵਰਤੋਂ ਕਰਕੇ ਸਫ਼ਾਈ ਪਦਾਰਥ ਤਿਆਰ ਕਰਨ" ਸਬੰਧੀ ਦੋ ਦਿਨਾਂ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਰੁਪਿੰਦਰ ਕੌਰ, ਸਹਿਯੋਗੀ ਨਿਰਦੇਸ਼ਕ(ਸਕਿੱਲ ਡਿਵੈਲਪਮੈਂਟ) ਨੇ ਦੱਸਿਆ ਕਿ ਇਹ ਸਿਖਲਾਈ ਕੋਰਸ ਮਿਤੀ ਜੂਨ 17-18, 2025 ਨੂੰ ਮਾਈਕਰੋਬਾਇਓਲੋਜੀ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਡਾ. ਉਰਮਿਲਾ ਗੁਪਤਾ, ਮੁਖੀ, ਮਾਈਕਰੋਬਾਇਓਲੋਜੀ ਨੇ ਬਾਇਓਐਨਜ਼ਾਇਮਜ਼ ਦੀ ਆਰਗੈਨਿਕ ਕਲੀਨਰ ਦੇ ਤੌਰ 'ਤੇ ਵਰਤੋਂ ਅਤੇ ਉਹਨਾਂ ਨੂੰ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ। ਡਾ. ਪ੍ਰੀਆ ਕਤਿਆਲ ਨੇ ਬਾਇਓਐਨਜ਼ਾਈਮ ਦੀ ਵੱਖ-ਵੱਖ ਤਰ੍ਹਾਂ ਨਾਲ ਵਰਤੋਂ ਅਤੇ ਐਗਰੋ ਵੇਸਟ ਤੋਂ ਬਾਇਓਐਨਜ਼ਾਈਮ ਤਿਆਰ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ। ਡਾ. ਰਮਨਦੀਪ ਸਿੰਘ, ਡਾਇਰੈਕਟਰ,ਸਕੂਲ ਆੱਫ ਬਿਜ਼ਨਸ ਸਟੱਡੀਜ਼ ਨੇ ਤਿਆਰ ਕੀਤੇ ਪਦਾਰਥਾਂ ਦੀ ਗਰੇਡਿੰਗ, ਲੇਬਲਿੰਗ ਅਤੇ ਮੰਡੀਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਪੂਰਨੀਮਾ ਕਪਿਲਾ ਨੇ ਆਰਗੈਨਿਕ ਡਿਸ਼ ਵਾਸ਼,ਐਲੋਵੀਰਾ ਸੋਪ ਅਤੇ ਫੇਸ ਪੈਕ ਬਾਰੇ ਪ੍ਰੈਕਟੀਕਲ ਜਾਣਕਾਰੀ ਸਾਂਝੀ ਕੀਤੀ। ਡਾ. ਸੁਮਨ ਕੁਮਾਰੀ ਨੇ ਬਾਇਓਐਨਜ਼ਾਈਮ ਦੀ ਕੁਆਲਟੀ ਚੈੱਕ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ।

# ਜਗਰਾਉਂ ਪੁਲਿਸ ਵੱਲੋਂ ਲੁੱਟਾਂ-ਖੋਹਾਂ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਾਬੂ।



ਜਗਰਾਓਂ, 20 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਲੋਟਾਂ-ਖੋਹਾ ਦੇ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਦਰ ਜਗਰਾਉਂ ਦੇ ਇਨਚਾਰਜ ਸੁਰਜੀਤ ਸਿੰਘ ਦੀ ਅਗਵਾਈ ਵਿੱਚ ਚੌਂਕੀ ਗਾਲਿਬ ਕਲਾਂ ਦੇ ਇੰਚਾਰਜ ਏਐਸਆਈ ਤਰਸੇਮ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਵੱਲੋਂ ਲੁੱਟਾਂ ਖੋਹਾਂ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਬੀਤੇ ਦਿਨ ਮੁਦਈ ਨੇ ਬਿਆਨ ਦਿੱਤਾ ਕਿ ਮੇਰੀ ਖਾਦ ਦੀ ਦੁਕਾਨ ਪੁਰਾਣੀ ਦਾਣਾ ਮੰਡੀ ਜਗਰਾਉਂ ਵਿਖੇ ਹੈ। ਮੈਂ ਆਪਣੀ ਦੁਕਾਨ ਦੇ ਕੰਮ ਕਰ ਸਬੰਧੀ ਆਪਣੇ ਮੋਟਰਸਾਈਕਲ ਪਰ ਸਵਾਰ ਹੋ ਕੇ ਦੁਕਾਨ ਤੋਂ ਪਿੰਡ ਸ਼ੇਰਪੁਰ ਕਲਾਂ ਹੁੰਦੇ ਹੋਏ ਪਿੰਡ ਗਾਲਿਬ ਕਲਾਂ ਰੋਡ ਪਰ ਬਾਬੇ ਦੇ ਭੱਠੇ ਤੋਂ ਥੋੜਾ ਅੱਗੇ ਸੈਲਰ ਵਾਲੀ ਪਹੀ ਤੇ ਨਜਦੀਕ ਪਹੁੰਚਿਆ ਤਾਂ ਇੱਕ ਮੋਟਰਸਾਈਕਲ ਪਲਟੀਨਾ ਬਿਨਾਂ ਨੰਬਰੀ ਜਿਸ ਤੇ ਤਿੰਨ ਮੋਨੇ ਨੌਜਵਾਨ ਲੜਕੇ ਸਵਾਰ ਸੀ, ਜੋ ਪਿੰਡ ਗਾਲਿਬ ਕਲਾਂ ਵਾਲੀ ਸਾਈਡ ਤੋਂ ਆ ਰਹੇ ਸੀ। ਉਨਾਂ ਨੇ ਮੇਰੇ ਮੋਟਰਸਾਈਕਲ ਦੇ ਅੱਗੇ ਆਪਣਾ ਮੋਟਰਸਾਈਕਲ ਲਗਾ ਕੇ ਮੈਨੂੰ ਰੋਕ ਲਿਆ, ਜਿਨ੍ਹਾਂ ਨੇ ਮੈਨੂੰ ਆਪਣੇ ਹੱਥ ਵਿੱਚ ਲੋਹੇ ਦੇ ਦਾਂ ਨਾਲ ਡਰਾ ਕੇ ਮੇਰੇ ਪੈਂਟ ਦੀ ਖੱਬੀ ਜੇਬ ਵਿੱਚੋਂ ਆਪਣਾ ਹੱਥ ਪਾ ਕੇ ਮੇਰਾ ਮੋਬਾਇਲ ਫੋਨ ਅਤੇ ਦੂਸਰੇ ਨੇ ਪੈਂਟ ਦੀ ਪਿਛਲੀ ਜੇਬ ਵਿੱਚ ਆਪਣਾ ਹੱਥ ਪਾ ਕੇ 5000 ਰੁਪਏ ਅਤੇ ਇੱਕ ਡਰਾਈਵਿੰਗ ਲਾਈਸੰਸ ਅਤੇ ਕੁਝ ਬੈਂਕ ਦੇ ਕਾਗਜ਼ਾਂ ਤੇ ਕੱਢ ਲਏ ਅਤੇ ਮੇਰੇ ਸੱਜੇ ਹੱਥ ਵਿੱਚ ਪਹਿਨਿਆ ਹੋਇਆ ਚਾਂਦੀ ਦਾ ਬਰੈਸਲੇਟ ਜਿਸ ਦਾ ਵਜਨ ਤਕਰੀਬਨ ਪੰਜ ਤੋਲੇ ਹੋਵੇਗਾ ਉਹ ਵੀ ਉਤਾਰ ਲਿਆ। ਜਿਸ ਦੇ ਤਹਿਤ ਏਐਸ ਆਈ ਤਰਸੇਮ ਸਿੰਘ ਵੱਲੋਂ ਮੁਕੱਦਮੇ ਦੀ ਬਰੀਕੀ ਨਾਲ ਜਾਂਚ ਕੀਤੀ ਗਈ ਅਤੇ ਏਐਸਆਈ ਤਰਸੇਮ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਵੱਲੋਂ ਤਫਤੀਸ਼ ਦੌਰਾਨ ਦੋ ਦੋਸ਼ੀ ਚਰਨਜੀਤ ਸਿੰਘ ਅਤੇ ਸਾਹਿਦ ਅਲੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਥਾਣਾ ਸਦਰ ਜਗਰਾਉਂ ਦੇ ਇਨਚਾਰਜ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀਆਂ ਦਾ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਦੋਸ਼ੀਆਂ ਪਾਸੋਂ ਉਹਨਾਂ ਦੇ ਤੀਸਰੇ ਸਾਥੀ ਦਾ ਪਤਾ ਕੀਤਾ ਤਾਂ ਉਹਨਾਂ ਨੇ ਉਸ ਦਾ ਨਾਮ ਮਨਜੀਤ ਰਾਣਾ ਦੱਸਿਆ ਅਤੇ ਐਸਆਈ ਸੁਰਜੀਤ ਸਿੰਘ ਨੇ ਦੱਸਿਆ ਕਿ ਦੋਸੀਆਂ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਜਾਰੀ ਹੈ ਅਤੇ ਇਹਨਾਂ ਦੇ ਤੀਸਰੇ ਸਾਥੀ ਨੂੰ ਵੀ ਬਹੁਤ ਜਲਦੀ ਹਿਰਾਸਤ ਵਿਚ ਲਿਆ ਜਾਵੇਗਾ।

# ਅੰਤਰਰਾਸ਼ਟਰੀ 'ਯੋਗਾ ਦਿਵਸ' ਅੱਜ ਅੰਬੇਡਕਰ ਭਵਨ 'ਚ ਮਨਾਇਆ ਜਾਵੇਗਾ




ਲੁਧਿਆਣਾ, 20 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਲੁਧਿਆਣਾ ਵਿਖੇ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ 21 ਜੂਨ ਨੂੰ ਸਵੇਰੇ 6:30 ਵਜੇ ਅੰਬੇਡਕਰ ਭਵਨ, ਸਲੇਮ ਟਾਬਰੀ ਵਿਖੇ 'ਸੀ.ਐਮ ਦੀ ਯੋਗਸ਼ਾਲਾ' ਪ੍ਰੋਗਰਾਮ ਅਧੀਨ ਇੱਕ ਵਿਸ਼ੇਸ਼ ਸਮਾਗਮ ਨਾਲ ਮਨਾਇਆ ਜਾਵੇਗਾ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਇਸ ਸਮਾਗਮ ਦੀ ਪ੍ਰਧਾਨਗੀ ਕਰਨਗੇ ਜਿਸ ਵਿੱਚ ਮਾਹਰ ਟਰੇਨਰ ਭਾਗੀਦਾਰਾਂ ਨੂੰ ਯੋਗ ਅਭਿਆਸਾਂ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਮਾਰਗਦਰਸ਼ਨ ਕਰਨਗੇ। ਡੀ.ਸੀ ਜੈਨ ਨੇ ਲੁਧਿਆਣਾ ਦੇ ਲੋਕਾਂ ਨੂੰ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਸਿਹਤ ਜਾਗਰੂਕਤਾ ਵਧਾਉਣ ਵਿੱਚ ਇਸਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਿਯਮਤ ਯੋਗ ਅਭਿਆਸ ਇੱਕ ਸਿਹਤਮੰਦ ਸਰੀਰ ਅਤੇ ਮਨ ਨੂੰ ਉਤਸ਼ਾਹਿਤ ਕਰਦਾ ਹੈ, ਤਣਾਅ ਘਟਾਉਂਦਾ ਹੈ ਅਤੇ ਸਮੁੱਚੇ ਆਰਾਮ ਨੂੰ ਵਧਾਉਂਦਾ ਹੈ।

# ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀਆਂ ਦੇਸ਼-ਵਿਦੇਸ਼ 'ਚ ਸਭ ਇਕਾਈਆਂ ਭੰਗ, 15 ਦਿਨ 'ਚ ਕਰਾਂਗੇ ਨਵੀਂ ਕਾਰਜਕਾਰਨੀ ਦਾ ਗਠਨ : ਬਾਵਾ

## 17 ਜੁਲਾਈ ਤੋਂ 11 ਅਗਸਤ ਤੱਕ ਕੈਨੇਡਾ ਅਤੇ ਅਮਰੀਕਾ 'ਚ ਦੌਰੇ ਦੌਰਾਨ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਪੁਸਤਕ ਰਿਲੀਜ਼ ਕਰਾਂਗੇ



ਲੁਧਿਆਣਾ, 20 ਜੂਨ (ਕਰਨੈਲ ਸਿੰਘ ਐੱਮ.ਏ./ਰਵਿੰਦਰ ਸਿੰਘ ਨਿੱਝਰ) : ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਜਾਰੀ ਇੱਕ ਬਿਆਨ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀਆਂ ਦੇਸ਼ ਵਿਦੇਸ਼ ਦੀਆਂ ਸਭ ਇਕਾਈਆਂ ਭੰਗ ਕਰਨ ਦਾ ਐਲਾਨ ਕੀਤਾ ਹੈ। ਇਸ ਸਮੇਂ ਡਾ: ਜਗਤਾਰ ਸਿੰਘ ਧੀਮਾਨ, ਅੰਮ੍ਰਿਤਪਾਲ ਸਿੰਘ ਸ਼ੰਕਰ ਅਤੇ ਜਗਜੀਵਨ ਸਿੰਘ ਗਰੀਬ ਰਕਬਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਬਾਵਾ ਨੇ ਦੱਸਿਆ ਕਿ ਫਾਊਂਡੇਸ਼ਨ ਵਿੱਚ ਕੰਮ ਕਰਨ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਜਦ ਕਿ ਆਲਸੀ ਲੋਕਾਂ ਨੂੰ ਫਾਊਂਡੇਸ਼ਨ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਮਹਾਨ ਸ਼ਹੀਦ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸੋਚ, ਸਚਾਈ, ਸ਼ਹਾਦਤ ਦਾ ਸਤਿਕਾਰ ਕਰਨ ਵਾਲੇ ਹਰ ਉਸ ਵਿਅਕਤੀ ਦਾ ਸਤਿਕਾਰ ਕਰਾਂਗੇ ਜੋ ਫਾਊਂਡੇਸ਼ਨ ਦੇ ਨਾਲ ਮਿਲ ਕੇ ਕਿਸਾਨੀ ਦੇ ਮੁਕਤੀਦਾਤਾ, ਪਹਿਲੇ ਸਿੱਖ ਲੋਕ ਰਾਜ ਦੇ ਸੰਸਥਾਪਕ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਨੂੰ ਦੇਸ਼ ਵਿਦੇਸ਼ ਵਿੱਚ ਪ੍ਰਫੁਲਿਤ ਕਰਨ ਲਈ ਅਹਿਮ ਰੋਲ ਅਦਾ ਕਰੇਗਾ। ਉਹਨਾਂ ਕਿਹਾ ਕਿ 15 ਦਿਨ ਦੇ ਅੰਦਰ ਸਮੁੱਚੀ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਕਾਰਜਕਾਰਨੀ ਦਾ ਐਲਾਨ ਕਰਾਂਗੇ।

ਇਸ ਸਮੇਂ ਡਾ: ਜਗਤਾਰ ਧੀਮਾਨ ਨੇ ਕਿਹਾ ਕਿ ਸਮੁੱਚੀ ਕਾਰਜਕਾਰਨੀ ਬਾਵਾ ਦੇ ਵਿਦੇਸ਼ ਦੌਰੇ ਪਹਿਲਾਂ ਗਠਿਤ ਕੀਤੀ ਜਾਵੇਗੀ ਅਤੇ ਸਭ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਸ਼੍ਰੀ ਬਾਵਾ ਕੈਨੇਡਾ ਅਤੇ ਅਮਰੀਕਾ ਵਿੱਚ 17 ਜੁਲਾਈ ਤੋਂ 11 ਅਗਸਤ ਤੱਕ ਰਹਿਣਗੇ ਜਦ ਕਿ ਉਹ 17 ਜੁਲਾਈ ਤੋਂ 25 ਜੁਲਾਈ ਤੱਕ ਵੈਨਕੂਵਰ ਕੈਨੇਡਾ ਅਤੇ 25 ਤੋਂ 5 ਅਗਸਤ ਤੱਕ ਟੋਰਾਂਟੋ ਕੈਨੇਡਾ ਉੱਥੇ ਹੋਰ ਸਮਾਗਮਾਂ ਦੇ ਨਾਲ ਜੋ ਅਸ਼ੋਕ ਬਾਵਾ, ਹੈਪੀ ਦਿਉਲ, ਬਿੰਦਰ ਗਰੇਵਾਲ ਬਣਾ ਰਹੇ ਹਨ, ਉਹ ਆਪਣੇ ਹਮ ਜਮਾਤੀ ਤਰਲੋਚਨ ਸਿੰਘ ਸੱਗੂ ਦੀ ਬੇਟੀ ਦੇ ਵਿਆਹ ਸਮਾਗਮ ਵਿੱਚ ਵੀ ਟੋਰਾਂਟੋ ਵਿਖੇ ਸ਼ਿਰਕਤ ਕਰਨਗੇ।

ਉਹਨਾਂ ਦੱਸਿਆ ਕਿ ਅਮਰੀਕਾ ਵਿੱਚ ਗੁਰਮੀਤ ਸਿੰਘ ਗਿੱਲ ਕੋਲ 5 ਅਗਸਤ ਤੋਂ 11 ਅਗਸਤ ਤੱਕ ਰਹਿਣਗੇ ਅਤੇ ਦਲਜੀਤ ਸਿੰਘ ਹਿੱਸੋਵਾਲ ਯੂ.ਐਸ.ਏ ਸਿਆਟਲ ਕੋਲ 21, 22 ਜੁਲਾਈ ਨੂੰ ਵੈਨਕੂਵਰ ਤੋਂ ਜਾਣਗੇ। ਉਹਨਾਂ ਦੱਸਿਆ ਕਿ ਉਪਰੋਕਤ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਤੋਂ ਇਲਾਵਾ ਸਮਾਜਿਕ ਸਮਾਗਮਾਂ ਵਿੱਚ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਸਤਕ ਰਿਲੀਜ਼ ਕੀਤੀ ਜਾਵੇਗੀ ਜਿਸ ਦੀ ਸੰਪਾਦਨਾ ਡਾ: ਅਨੁਰਾਗ ਸਿੰਘ ਨੇ ਕੀਤੀ ਅਤੇ ਫੋਟੋ ਚਿੱਤਰ ਵਿਸ਼ਵ ਪ੍ਰਸਿੱਧ ਆਰਟਿਸਟ ਆਰ.ਐਮ. ਸਿੰਘ ਨੇ ਤਿਆਰ ਕੀਤੇ ਹਨ। ਉਹਨਾਂ ਕਿਹਾ ਕਿ ਇਹ ਪੁਸਤਕ ਪੰਜਾਬੀ ਵਿੱਚ ਵੀ ਤਿਆਰ ਕੀਤੀ ਜਾ ਰਹੀ ਹੈ, ਜੋ ਉੱਥੇ ਇਤਿਹਾਸ ਨਾਲ ਪ੍ਰੇਮ ਕਰਨ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਦਿੱਤੀ ਜਾਵੇਗੀ।

ਇਸ ਸਮੇਂ ਅੰਮ੍ਰਿਤਪਾਲ ਸਿੰਘ ਸ਼ੰਕਰ ਨੇ ਦੱਸਿਆ ਕਿ 30 ਜੂਨ ਤੋਂ ਰੇਲਵੇ ਦੀ ਬੁਕਿੰਗ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਿਲਾਪ ਦਿਹਾੜਾ ਮਨਾਉਣ ਲਈ ਸ਼ੁਰੂ ਹੋ ਰਹੀ ਹੈ ਜੋ ਯਾਤਰਾ 30 ਅਗਸਤ ਤੋਂ ਹੋਵੇਗੀ ਅਤੇ ਵਾਪਸੀ 5 ਸਤੰਬਰ ਨੂੰ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਹੋਵੇਗੀ।

# ਫਾਰਮ 17-ਏ ਦੀ ਪੋਲ ਤੋਂ ਬਾਅਦ ਜਾਂਚ ਹੋਈ

ਲੁਧਿਆਣਾ, 20 ਜੂਨ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਫਾਰਮ-17 ਏ ਅਤੇ ਹੋਰ ਦਸਤਾਵੇਜ਼ਾਂ ਦੀ ਪੋਲ ਤੋਂ ਬਾਅਦ ਦੀ ਜਾਂਚ ਜਨਰਲ ਆਬਜ਼ਰਵਰ ਰਾਜੀਵ ਕੁਮਾਰ, ਰਿਟਰਨਿੰਗ ਅਫਸਰ ਰੁਪਿੰਦਰ ਪਾਲ ਸਿੰਘ ਅਤੇ ਖਾਲਸਾ ਕਾਲਜ (ਲੜਕੀਆਂ) ਵਿਖੇ ਉਮੀਦਵਾਰਾਂ ਦੇ ਪ੍ਰਤੀਨਿਧੀਆਂ ਦੁਆਰਾ ਕੀਤੀ ਗਈ। ਇਹ ਜਾਂਚ ਉਸ ਪੋਲਿੰਗ ਸਟੇਸ਼ਨ ਦੀ ਜਾਂਚ ਕਰਨ ਲਈ ਕੀਤੀ ਗਈ ਜਿੱਥੇ ਈ.ਵੀ.ਐਮ ਨਾਲ ਸਬੰਧਤ ਕੋਈ ਮਹੱਤਵਪੂਰਨ ਘਟਨਾ ਜਾਂ ਹੋਰ ਰਿਪੋਰਟ ਕੀਤੀ ਗਈ ਸੀ ਕਿ ਪੋਲਿੰਗ ਕਿਸੇ ਪੋਲਿੰਗ ਏਜੰਟ ਦੀ ਗੈਰਹਾਜ਼ਰੀ ਵਿੱਚ ਹੋਈ ਸੀ, ਪੋਲਿੰਗ ਸਟੇਸ਼ਨ ਜਿੱਥੇ ਈ.ਪੀ.ਆਈ.ਸੀ ਤੋਂ ਇਲਾਵਾ ਹੋਰ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਵੋਟ ਪਾਉਣ ਵਾਲੇ ਵੋਟਰਾਂ ਦੀ ਗਿਣਤੀ ਅਤੇ ਪੋਲਿੰਗ ਸਟੇਸ਼ਨ ਵਿੱਚ ਪਾਈਆਂ ਗਈਆਂ ਕੁੱਲ ਵੋਟਾਂ ਦੇ 25 ਪ੍ਰਤੀਸ਼ਤ ਤੋਂ ਵੱਧ, ਪੋਲਿੰਗ ਸਟੇਸ਼ਨ ਜਿੱਥੇ 10 ਪ੍ਰਤੀਸ਼ਤ ਤੋਂ ਵੱਧ ਵੋਟਰਾਂ ਦੀ ਪਛਾਣ ਏ.ਐਸ.ਡੀ ਵਜੋਂ ਕੀਤੀ ਗਈ ਹੈ, ਪੋਲਿੰਗ ਸਟੇਸ਼ਨ ਜਿੱਥੇ ਪੋਲਿੰਗ ਪ੍ਰਤੀਸ਼ਤਤਾ ਏ.ਸੀ ਦੀ ਔਸਤ ਪੋਲਿੰਗ ਪ੍ਰਤੀਸ਼ਤਤਾ ਤੋਂ ਵੱਧ 15 ਪ੍ਰਤੀਸ਼ਤ ਜਾਂ ਘਟਾਓ 15 ਪ੍ਰਤੀਸ਼ਤ ਹੈ ਅਤੇ ਹੋਰ। ਪੜਤਾਲ ਦੌਰਾਨ ਕੋਈ ਵੀ ਅੰਤਰ ਨਹੀਂ ਪਾਇਆ ਗਿਆ ਅਤੇ 'ਆਪ', ਭਾਜਪਾ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਅ), ਸ਼੍ਰੋਮਣੀ ਅਕਾਲੀ ਦਲ ਸਮੇਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਪੋਲਿੰਗ ਪ੍ਰਕਿਰਿਆ 'ਤੇ ਪੂਰੀ ਸੰਤੁਸ਼ਟੀ ਪ੍ਰਗਟ ਕੀਤੀ।

# ਨਾਰੀ ਸੰਸਥਾ ਟੀਮ ਗੋਗਾ ਨੇ ਸਰਟੀਫ਼ਿਕੇਟ ਵੰਡੇ

ਲੁਧਿਆਣਾ, 20 ਜੂਨ (ਰਵਿੰਦਰ ਸਿੰਘ ਨਿੱਝਰ) : ਨਾਰੀ ਏਕਤਾ ਆਸਰਾ ਸੰਸਥਾ ਦੇ ਚੇਅਰਪਰਸਨ ਬੀਬੀ ਕੁਲਵਿੰਦਰ ਕੌਰ ਗੋਗਾ ਅਤੇ ਸਰਪ੍ਰਸਤ ਸੋਹਣ ਸਿੰਘ ਗੋਗਾ ਵੱਲੋਂ ਲਵਾਏ 'ਸਮਰ ਕੈਂਪ' ਚ 50 ਬੱਚਿਆਂ ਨੂੰ ਇੰਜਨੀਅਰ ਨਗਰ ਨਿਗਮ ਸ. ਮਨਪ੍ਰੀਤ ਸਿੰਘ ਜੀ, ਸ. ਹਰਮੀਤ ਸਿੰਘ ਭਾਟੀਆ ਜੀ ਅਤੇ ਸੰਸਥਾ ਦੇ ਸੀਨੀਅਰ ਮੈਂਬਰਾਂ ਵੱਲੋਂ ਸਰਟੀਫਿਕੇਟ ਵੰਡੇ ਗਏ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਓਹਨਾ ਕਿਹਾ ਕਿ ਇਹ ਸੰਸਥਾ ਧੰਨਤਾ ਦੇ ਯੋਗ ਹੈ, ਜੋ ਇਸ ਤਰ੍ਹਾਂ ਦੇ ਕੰਮ ਕਰਕੇ ਬੱਚਿਆਂ ਦਾ ਭਵਿੱਖ ਸਵਾਰ ਰਹੀਆਂ ਹਨ 15 ਹਜ਼ਾਰ ਬੱਚਿਆਂ ਨੂੰ ਸਿੱਖਿਆ ਦੇ ਕੇ ਆਪਣੇ ਪੈਰਾਂ 'ਤੇ ਖੜ੍ਹੇ ਕਰ ਚੁੱਕੀ ਹੈ ਹਰ ਮਹੀਨੇ ਵਿਧਵਾਵਾਂ ਨੂੰ ਰਾਸ਼ਨ ਵੀ ਦਿੰਦੀ ਹੈ ਵੋਮੈਨ ਇਮਪਾਵਰ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਸੰਸਥਾ ਦੇ ਮੁਖੀ ਮੈਡਮ ਕਮਲੇਸ਼ ਜਾਗੜਾ ਬਲਜੀਤ ਕੌਰ ਬਿਰਦੀ ਹਰਜੀ ਕੌਰ ਹਰਜੀਤ ਕੌਰ ਭੱਟੀ ਜਨਕ ਮਹਾਜਨ ਵਲਵਿੰਦਰ ਕੌਰ ਸਰੂਤੀ ਰਾਣੀ ਮਾਹੀ ਕੌਰ ਟੀਚਰ ਅਮਰਜੀਤ ਕੌਰ ਮਨਪ੍ਰੀਤ ਕੌਰ ਅਮਨਦੀਪ ਕੌਰ ਖੁਰਲ ਸ ਗੁਰਚਰਨ ਸਿੰਘ ਗੁਰੂ ਸ ਕੁੰਦਨ ਸਿੰਘ ਨਾਗੀ ਸ ਰਣਜੀਤ ਸਿੰਘ ਅਕਾਸ ਵਰਮਾ ਗੌਰੀ ਸੱਗੂ ਵਲਵਿੰਦਰ ਸਿੰਘ ਹਰਦੇਵ ਸਿੰਘ ਸੰਗੋਵਾਲ ਸੁਰਜੀਤ ਸਿੰਘ ਕਲਸੀ ਸੁਖਵਿੰਦਰ ਸਿੰਘ ਸਾਗਰ ਤੁੱਲੀ ਭੁਪਿੰਦਰ ਸਿੰਘ ਹੂੰਝਣ ਭਪਿੰਦਰ ਸਿੰਘ ਰਾਜੜ ਆਦਿ ਨੇ ਇਸ ਕੈਂਪ ਵਿੱਚ ਭਰਪੂਰ ਯੋਗਦਾਨ ਪਾਇਆ ਆਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਅਤੇ ਸੰਸਥਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਕਾਕਾ ਕਬੀਰ ਰਾਜ ਸਿੰਘ ਕੋਛੜ ਸਨਮਾਨਤ

ਲੁਧਿਆਣਾ, 20 ਜੂਨ (ਕਰਨੈਲ ਸਿੰਘ ਐੱਮ.ਏ.) : ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਵਿਸ਼ਵ ਪ੍ਰਸਿੱਧ ਲੇਖਕ ਸਵਰਗੀ ਡਾਕਟਰ ਸਰੂਪ ਸਿੰਘ ਅਲੱਗ ਦਾ ਪੋਤ ਦੋਹਤਰਾ ਸ੍ਰ: ਕਬੀਰ ਰਾਜ਼ ਸਿੰਘ ਕੋਛੜ ਹੁਣੇ ਹੁਣੇ ਸੰਪੰਨ ਹੋਏ ਗੁਰਮਤਿ ਸਮਰ ਕੈਂਪ ਵਿੱਚ ਸ਼ੁੱਧ ਤੇ ਸਪੱਸ਼ਟ ਬਾਣੀ ਉਚਾਰਨ ਲਈ ਸਨਮਾਨਿਤ ਕੀਤਾ ਗਿਆ। ਇਹ ਗੁਰਮਤਿ ਸਮਰ ਕੈਂਪ ਮਾਡਲ ਟਾਊਨ ਸਥਿਤ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਸੇਵਾ ਸੋਸਾਇਟੀ ਵੱਲੋਂ ਆਯੋਜਿਤ ਕੀਤਾ ਗਿਆ। 65 ਬੱਚਿਆਂ ਨੇ ਇਸ ਕੈਂਪ ਵਿੱਚ ਹਿੱਸਾ ਲਿਆ। ਇਸ ਕੈਂਪ ਵਿੱਚ ਬੱਚਿਆਂ ਨੂੰ ਗੁਰਬਾਣੀ ਕੰਠ ਕਰਵਾਉਣ ਦੇ ਨਾਲ- ਨਾਲ ਸਿੱਖ ਇਤਿਹਾਸ ਤੇ ਸੱਭਿਆਚਾਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸੇਵਾ ਤੇ ਸਿਮਰਨ ਜੋ ਸਿੱਖੀ ਦੇ ਦੋ ਵਡਮੁੱਲੇ ਸਤੰਬ ਹਨ ਬਾਰੇ ਬੱਚਿਆਂ ਨੂੰ ਭਰਪੂਰ ਜਾਣਕਾਰੀ ਦਿੱਤੀ ਗਈ। ਸੋਸਾਇਟੀ ਦੀ ਪ੍ਰਧਾਨ ਸਰਦਾਰਨੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਇਹੋ ਜਿਹੇ ਕੈਂਪ ਮੁੱਢਲੇ ਭਵਿੱਖ ਵਿੱਚ ਵੀ ਆਯੋਜਿਤ ਕੀਤੇ ਜਾਣਗੇ ਤਾਂ ਜੋ ਕੇ ਬੱਚਿਆਂ ਨੂੰ ਆਪਣੀ ਰੋਹ ਰੀਤੀ ਨਾਲ ਜੋੜਿਆ ਜਾ ਸਕੇ। ਕਾਕਾ ਕਬੀਰ ਰਾਜ਼ ਸਿੰਘ ਕੋਛੜ ਬਹੁਤ ਹੀ ਹੋਣਹਾਰ ਸਿੰਘ ਹੈ ਜਿਸ ਵਿੱਚ ਸਿੱਖੀ ਭਰਪੂਰ ਰੂਪ ਵਿੱਚ ਠਾਠਾਂ ਮਾਰਦੀ ਹੈ। ਬਚਪਨ ਤੋਂ ਹੀ ਇਸ ਦੇ ਮਾਣਯੋਗ ਦਾਦਾ ਦਾਦੀ ਤੇ ਮਾਂ ਪਿਓ ਨੇ ਇਸ ਬੱਚੇ ਨੂੰ ਸਿੱਖੀ ਦੇ ਮਾਣਮੱਤੇ ਵਿਰਸੇ ਤੋਂ ਜਾਣੂ ਕਰਵਾਇਆ ਅਤੇ ਅੱਜ ਇਹ ਬੱਚਾ ਜਿੱਥੇ ਸਿੱਖੀ ਵਿੱਚ ਪਰਪੱਕ ਹੈ, ਉਥੇ ਤਬਲਾ, ਹਾਰਮੋਨੀਅਮ ਤੇ ਨਗਾਰਾ ਵਜਾਉਣ ਦੇ ਨਾਲ-ਨਾਲ ਗਤਕੇਬਾਜ਼ੀ ਦਾ ਵੀ ਬਹੁਤ ਮਾਹਿਰ ਹੈ। ਇਸ ਦੇ ਦੇਖੋ ਦੇਖੀ ਇਸ ਦਾ ਛੋਟਾ ਵੀਰ ਸ੍ਰ: ਜੈ ਰਾਜ਼ ਸਿੰਘ ਕੋਛੜ ਵੀ ਜੋ ਹਾਲੇ ਤਿੰਨ ਸਾਲ ਦਾ ਹੈ ਆਪਣੇ ਵੱਡੇ ਵੀਰ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ ਸਿੱਖੀ ਦੇ ਮਾਣਮੱਤੇ ਰਾਹਾਂ 'ਤੇ ਚੱਲ ਪਿਆ ਹੈ।

# 14 ਲੋਕਾਂ ਵੱਲੋਂ ਨਾਬਾਲ.ਗ ਲੜਕੀ ਦਾ ਦੋ ਸਾਲਾਂ ਤੋਂ ਵੱਧ ਸਮੇਂ ਤੱਕ ਜਿਨਸੀ ਸ਼ੋਸ਼ਣ, ਸੱਤ ਗ੍ਰਿ.ਫਤਾਰ

ਹੈਦਰਾਬਾਦ, 20 ਜੂਨ (ਚ.ਨ.ਸ.) : ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਵਿੱਚ ਇੱਕ ਦਲਿਤ ਨਾਬਾਲਗ ਲੜਕੀ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ ਵਿੱਚ ਛੇ ਲੋਕਾਂ ਅਤੇ ਇੱਕ ਨਾਬਾਲਗ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਲੰਬੇ ਸਮੇਂ ਤੱਕ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਨੇ ਦੱਸਿਆ ਕਿ 15 ਸਾਲਾ ਲੜਕੀ ਦਾ 14 ਲੋਕਾਂ ਵੱਲੋਂ ਦੋ ਸਾਲਾਂ ਤੋਂ ਵੱਧ ਸਮੇਂ ਤੱਕ ਜਿਨਸੀ ਸ਼ੋਸ਼ਣ ਕੀਤਾ ਗਿਆ। ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਦੇ ਪੁੱਟਾਪਰਥੀ ਖੇਤਰ ਵਿੱਚ ਇੱਕ ਦਲਿਤ ਨਾਬਾਲਗ ਲੜਕੀ ਨਾਲ ਕਥਿਤ ਲੜੀਵਾਰ ਸਮੂਹਿਕ ਬਲਾਤਕਾਰ ਦੇ ਸਬੰਧ ਵਿੱਚ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇੱਕ ਨਾਬਾਲਗ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਦੇ ਅਨੁਸਾਰ, ਦੋ ਸਾਲਾਂ ਤੋਂ ਵੱਧ ਸਮੇਂ ਤੱਕ 15 ਸਾਲਾ ਲੜਕੀ ਨਾਲ ਕਥਿਤ ਜਿਨਸੀ ਸ਼ੋਸ਼ਣ ਦੇ ਦੋਸ਼ ਵਿੱਚ ਛੇ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਜ਼ਿਲ੍ਹਾ ਪੁਲਿਸ ਸੁਪਰਡੈਂਟ ਵੀ. ਰਤਨਾ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਅਪਰਾਧ ਦੇ ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਕਿਹਾ ਕਿ ਇਹ ਮਾਮਲਾ ਜ਼ਿਲ੍ਹੇ ਦੇ ਪੁੱਟਾਪਰਥੀ ਖੇਤਰ ਦੇ ਰਾਮਗਿਰੀ ਮੰਡਲ ਅਧੀਨ ਆਉਂਦੇ ਐਡਗੁਰੱਲਾਪੱਲੀ ਪਿੰਡ ਵਿੱਚ ਸਾਹਮਣੇ ਆਇਆ ਹੈ। ਉਸਨੇ ਕਿਹਾ ਕਿ ਪੀੜਤਾ ਵੱਲੋਂ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਹੋਣ ਤੋਂ ਬਾਅਦ 9 ਜੂਨ ਨੂੰ ਸਾਰੇ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਧਿਕਾਰੀ ਦੇ ਅਨੁਸਾਰ, ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਚਮਪੱਲੀ ਵਰਧਨ (21), ਤਲਰੀ ਮੁਰਲੀ (25), ਬਡਾਗੋਰਲਾ ਨੰਦਾਵਰਧਨ ਰਾਜ, ਉਰਫ ਨੰਦਾ (23), ਅਰੇਂਚੇਰੂ ਨਾਗਰਾਜੂ, ਉਰਫ ਹਰਿਆਣਾ ਚੇਰੂਵੂ ਨਾਗਰਾਜੂ (51), ਬੋਯਾ ਸੰਜੀਵ (40), ਬੁਦੀਦਾ ਰਾਜੰਨਾ (49) ਵਜੋਂ ਹੋਈ ਹੈ। ਪੀੜਤ ਵੱਲੋਂ ਦਾਇਰ ਸ਼ਿਕਾਇਤ ਵਿੱਚ, ਸੱਤ ਮੁਲਜ਼ਮਾਂ ਨੇ, ਸੱਤ ਹੋਰਾਂ ਦੇ ਨਾਲ, ਦੋ ਸਾਲਾਂ ਦੇ ਸਮੇਂ ਵਿੱਚ ਵਾਰੀ-ਵਾਰੀ ਉਸ ਨਾਲ ਜਿਨਸੀ ਸ਼ੋਸ਼ਣ ਕੀਤਾ। ਇਸ ਮਾਮਲੇ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਜਾਂਚ ਜਾਰੀ ਹੈ। ਪੁਲਿਸ ਨੇ ਕਿਹਾ ਕਿ ਸ਼ਿਕਾਇਤ ਵਿੱਚ ਨਾਮਜ਼ਦ ਸੱਤ ਹੋਰ ਫਰਾਰ ਦੱਸੇ ਜਾ ਰਹੇ ਹਨ। ਇਹ ਮਾਮਲਾ ਭਾਰਤੀ ਨਿਆਏ ਸੰਹਿਤਾ - 2023 (BNS), ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ - 2012 ਅਤੇ ਸੂਚਨਾ ਤਕਨਾਲੋਜੀ ਐਕਟ, 2000 ਦੀਆਂ ਵੱਖ-ਵੱਖ ਸਬੰਧਤ ਧਾਰਾਵਾਂ ਤਹਿਤ ਦਰਜ ਕੀਤਾ ਗਿਆ ਹੈ। ਇਸ ਦੌਰਾਨ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਨਾਰਾ ਚੰਦਰਬਾਬੂ ਨਾਇਡੂ ਨੇ ਰਾਜ ਵਿੱਚ ਇੱਕ ਔਰਤ ਦੇ ਸਮੂਹਿਕ ਬਲਾਤਕਾਰ ਅਤੇ ਇੱਕ ਹੋਰ ਕਤਲ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਮਾਮਲਿਆਂ ਵਿੱਚ ਤੇਜ਼ੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਸ਼ੀਆਂ ਨੂੰ ਬਿਨਾਂ ਦੇਰੀ ਦੇ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਜਾਂਚ ਪੂਰੀ ਕਰਨੀ ਚਾਹੀਦੀ ਹੈ, ਚਾਰਜਸ਼ੀਟ ਦਾਇਰ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੁਕੱਦਮੇ ਜਲਦੀ ਤੋਂ ਜਲਦੀ ਪੂਰੇ ਹੋਣ। ਸਾਰੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਬਹੁਤ ਧਿਆਨ ਨਾਲ ਠੋਸ ਸਬੂਤ ਇਕੱਠੇ ਕੀਤੇ ਜਾਣੇ ਚਾਹੀਦੇ ਹਨ।

ਹਾਲਾਂਕਿ, ਵਾਈਐਸਆਰ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਜਗਨ ਮੋਹਨ ਰੈਡੀ ਨੇ ਦੋਸ਼ ਲਗਾਇਆ ਕਿ ਮਾਮਲੇ ਦੇ ਦੋਸ਼ੀ ਸੱਤਾਧਾਰੀ ਤੇਲਗੂ ਦੇਸ਼ਮ ਪਾਰਟੀ ਨਾਲ ਜੁੜੇ ਹੋਏ ਹਨ। ਐਕਸ 'ਤੇ ਇੱਕ ਲੰਬੀ



ਪੋਸਟ ਵਿੱਚ, ਜਗਨ ਨੇ ਨਾਇਡੂ ਸਰਕਾਰ 'ਤੇ ਅਪਰਾਧ ਪ੍ਰਤੀ ਉਦਾਸੀਨ ਹੋਣ ਦਾ ਦੋਸ਼ ਲਗਾਇਆ। ਸਰਕਾਰ ਦੀ ਅਸੰਵੇਦਨਸ਼ੀਲਤਾ ਦੇ ਸੰਕੇਤ ਵਜੋਂ, ਰਾਜ ਵਿੱਚ ਇੱਕ ਸਾਲ ਵਿੱਚ 188 ਬਲਾਤਕਾਰ ਅਤੇ 15 ਬਲਾਤਕਾਰ-ਕਤਲ ਦੇਖੇ ਗਏ ਹਨ। ਹਾਲ ਹੀ ਵਿੱਚ, ਅਨੰਤਪੁਰ ਜ਼ਿਲ੍ਹੇ ਦੀ ਇੱਕ ਇੰਟਰਮੀਡੀਏਟ ਕਬਾਇਲੀ ਵਿਦਿਆਰਥਣ ਦਾ ਕਤਲ ਕੀਤਾ ਗਿਆ ਸੀ ਅਤੇ ਉਸਦੀ ਲਾਸ਼ ਜੰਗਲਾਂ ਵਿੱਚ ਸੁੱਟ ਦਿੱਤੀ ਗਈ ਸੀ ਜਿਸ 'ਤੇ ਇੱਕ ਬੇਰਹਿਮ ਹਮਲੇ ਦੇ ਨਿਸ਼ਾਨ ਸਨ, ਪੋਸਟ ਵਿੱਚ ਲਿਖਿਆ ਗਿਆ ਸੀ। ਪੋਸਟ ਵਿੱਚ, ਜਗਨ ਨੇ ਟੀਡੀਪੀ ਦੀ ਅਗਵਾਈ ਵਾਲੀ ਸਰਕਾਰ ਦੇ ਔਰਤਾਂ ਪ੍ਰਤੀ ਰਵੱਈਏ ਅਤੇ ਕਾਰਵਾਈ 'ਤੇ ਵੀ ਸਵਾਲ ਉਠਾਏ, ਇਸਨੂੰ ਘਿਨਾਉਣਾ ਅਤੇ ਬੇਤੁਕਾ ਕਿਹਾ।

ਉਸਨੇ ਸਿੱਟੇ ਵਜੋਂ ਕਿਹਾ ਕੀ ਇਹੀ ਸੁਰੱਖਿਆ ਹੈ ਜਿਸਦਾ ਉਨ੍ਹਾਂ ਨੇ ਵਾਅਦਾ ਕੀਤਾ ਸੀ ਕੀ ਇਹੀ ਉਹ ਸਨਮਾਨ ਹੈ, ਜਿਸਦੀ ਉਨ੍ਹਾਂ ਨੇ ਰੱਖਿਆ ਕੀਤੀ?

# ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਾ ਪੀੜਤਾਂ ਦੇ ਇਲਾਜ ਲਈ ਪ੍ਰੋਜੈਕਟ 'ਆਸ' ਦੀ ਸ਼ੁਰੂਆਤ

### ☛ਪ੍ਰੋਜੈਕਟ ਦਾ ਉਦੇਸ਼ ਨਸ਼ੇ ਦੀ ਬਿਮਾਰੀ ਤੋਂ ਪੀੜਤਾਂ ਤੱਕ ਪਹੁੰਚ ਕਰਨਾ : ਅਮਰਪ੍ਰੀਤ ਕੌਰ ਸੰਧੂ
### ☛ਨਸ਼ਾ ਵੇਚਣ ਵਾਲੇ ਬਖ਼ਸ਼ੇ ਨਹੀਂ ਜਾਣਗੇ, ਨਸ਼ਾ ਛੱਡਣ ਵਾਲਿਆਂ ਨੂੰ ਮੁਫ਼ਤ ਮਿਲੇਗਾ ਇਲਾਜ : ਗੁਰਮੀਤ ਸਿੰਘ
### ☛ਸੰਤ ਬਾਬਾ ਸੋਹਣ ਸਿੰਘ ਵੱਲੋਂ ਨਸ਼ਿਆਂ ਨਾਲੋਂ ਨਾਤਾ ਤੋੜ, ਜ਼ਿੰਦਗੀ ਨਾਲ ਨਾਤਾ ਜੋੜਨ ਦਾ ਸੰਦੇਸ਼




ਮੰਡੀ ਅਰਨੀਵਾਲਾ (ਫਾਜ਼ਿਲਕਾ), 20 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨਸ਼ੇ ਦੀ ਬੁਰਾਈ 'ਤੇ ਜਿੱਤ ਪ੍ਰਾਪਤ ਕਰਨ ਲਈ ਪੁਲਿਸ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਨਸ਼ਾ ਪੀੜਤਾਂ ਨੂੰ ਇਲਾਜ ਲਈ ਪ੍ਰੇਰਿਤ ਕਰਕੇ ਉਨ੍ਹਾਂ ਨੂੰ ਸਿਹਤ ਸੰਸਥਾ ਤੱਕ ਲੈਕੇ ਆਉਣ ਲਈ ਪ੍ਰੋਜੈਕਟ ਆਸ ਦੀ ਸ਼ੁਰੂਆਤ ਅੱਜ ਅਰਨੀਵਾਲਾ ਤੋਂ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸਐਸਪੀ ਗੁਰਮੀਤ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ। ਇਸ ਸਮਾਗਮ ਨੂੰ ਕਰਵਾਉਣ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਅਤੇ ਸੰਤ ਬਾਬਾ ਸੋਹਣ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ ਅਤੇ ਸ਼ੁਰੂਆਤ ਮੌਕੇ ਉਹ ਵੀ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਾਜ਼ਰ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਨਸ਼ੇ ਦੀ ਬਿਮਾਰੀ ਤੋਂ ਪੀੜਤਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਇਲਾਜ ਲਈ ਪ੍ਰੇਰਿਤ ਕਰਨਾ ਹੈ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣਾ ਹੈ। ਉਨ੍ਹਾਂ ਨੇ ਕਿਹਾ ਕਿ ਪੁਲਿਸ ਵਿਭਾਗ ਵੱਲੋਂ ਇਕ ਪਾਸੇ ਨਸ਼ੇ ਦੀ ਸਪਲਾਈ ਲਾਈਨ ਤੋੜੀ ਜਾ ਰਹੀ ਹੈ ਪਰ ਦੂਜੇ ਪਾਸੇ ਜੋ ਲੋਕ ਨਸ਼ੇ ਤੋਂ ਪੀੜਤ ਹਨ, ਉਨ੍ਹਾਂ ਦੇ ਮਨਾਂ ਵਿਚ ਕਈ ਕਿਸਮ ਦੇ ਡਰ ਇਲਾਜ ਜਾਂ ਨਸ਼ਾ ਮੁਕਤੀ ਕੇਂਦਰ 'ਤੇ ਆਉਣ ਨੂੰ ਲੈ ਕੇ ਸਨ, ਇਹ ਪ੍ਰੋਗਰਾਮ ਇਹ ਡਰ ਅਤੇ ਭਰਮ ਦੂਰ ਕਰੇਗਾ ਅਤੇ ਉਨ੍ਹਾਂ ਨੂੰ ਇਸ ਗੱਲ ਲਈ ਪ੍ਰੇਰਿਤ ਕਰੇਗਾ ਕਿ ਉਹ ਇਲਾਜ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਇਹ ਆਸ ਪ੍ਰੋਗਰਾਮ ਉਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਆਸ ਦੀ ਕਿਰਨ ਬਣੇਗਾ ਜੋ ਇਸ ਦਲਦਲ ਵਿਚ ਕਿਸੇ ਕਾਰਨ ਫਸ ਗਏ ਸਨ ਪਰ ਹੁਣ ਉਹ ਇਸ ਵਿਚੋਂ ਬਾਹਰ ਨਿਕਲਣਾ ਚਾਹੁੰਦੇ ਹਨ। ਉਨ੍ਹਾਂ ਨੇ ਇਸ ਵਿਚ ਵਿਆਪਕ ਸਮਾਜਿਕ ਭਾਗੀਦਾਰੀ ਦੀ ਅਪੀਲ ਕਰਦਿਆਂ ਕਿਹਾ ਕਿ ਇਲਾਜ ਕਰਵਾਉਣ ਵਾਲਿਆਂ ਦੀ ਪਹਿਚਾਣ ਗੁਪਤ ਰੱਖਦੇ ਹੋਏ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਐਸਐਸਪੀ ਗੁਰਮੀਤ ਸਿੰਘ ਨੇ ਇਸ ਮੌਕੇ ਜ਼ੋਰ ਦੇ ਕੇ ਕਿਹਾ ਕਿ ਨਸ਼ੇ ਵੇਚਣ ਵਾਲਿਆਂ ਖਿਲਾਫ ਪੁਲਿਸ ਸਖ਼ਤੀ ਨਾਲ ਪੇਸ਼ ਆਵੇਗੀ ਅਤੇ ਕਿਸੇ ਨਾਲ ਵੀ ਢਿੱਲ ਨਹੀਂ ਵਰਤੀ ਜਾਵੇਗੀ ਪਰ ਜੋ ਕੋਈ ਵੀ ਨਸ਼ਾ ਛੱਡਣਾ ਚਾਹੁੰਦਾ ਹੈ ਉਹ ਬੇਝਿਜਕ ਇਸ ਲਈ ਅੱਗੇ ਆਵੇ, ਅਜਿਹੇ ਕਿਸੇ ਵਿਅਕਤੀ ਤੋਂ ਪੁਲਿਸ ਕੋਈ ਪੁੱਛਗਿਛ ਵੀ ਨਹੀਂ ਕਰੇਗੀ। ਉਨ੍ਹਾਂ ਨੇ ਕਿਹਾ ਕਿ ਜੀਵਨ ਕੀਮਤੀ ਹੈ ਅਤੇ ਇਸ ਨੂੰ ਖੁਸ਼ਗਵਾਰ ਬਣਾਉਣ ਦੀ ਆਸ ਨਾਲ ਇਹ ਪ੍ਰੋਜੈਕਟ ਉਲੀਕਿਆ ਗਿਆ ਹੈ। ਇਸ ਦੀ ਅੱਜ ਸ਼ੁਰੂਆਤ ਤੋਂ ਬਾਅਦ ਸਾਰੀਆਂ ਸਬ ਡਵੀਜ਼ਨਾਂ ਵਿਚ ਸਡਿਊਲ ਅਨੁਸਾਰ ਇਸ ਤਰ੍ਹਾਂ ਦੇ ਆਊਟਰੀਚ ਜਾਗਰੂਕਤਾ ਕੈਂਪ ਲਗਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਜੇਕਰ ਪਰਿਵਾਰ ਵਿਚ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਨੂੰ ਅਣਗੌਲਿਆ ਨਾ ਕਰੋ ਸਗੋਂ ਪ੍ਰੇਰਿਤ ਕਰਕੇ ਇਲਾਜ ਲਈ ਲੈ ਕੇ ਆਵੋ। ਉਨ੍ਹਾਂ ਨੇ ਕਿਹਾ ਕਿ ਲੋਕ ਕਿਸੇ ਭਰਮ ਜਾਂ ਡਰ ਕਾਰਨ ਇਲਾਜ ਲਈ ਅੱਗੇ ਨਹੀਂ ਸੀ ਆ ਰਹੇ, ਪਰ ਹੁਣ ਜਦ ਅਸੀਂ ਪਿੰਡ ਪਿੰਡ ਜਾਵਾਂਗੇ ਤਾਂ ਇਹ ਡਰ ਭਰਮ ਦੂਰ ਕਰਕੇ ਉਨ੍ਹਾਂ ਨੂੰ ਪ੍ਰੇਰਿਤ ਕਰਕੇ ਇਲਾਜ ਲਈ ਲੈਕੇ ਆਵਾਂਗੇ। ਸੰਤ ਬਾਬਾ ਸੋਹਣ ਸਿੰਘ ਨੇ ਇਸ ਮੌਕੇ ਪੁਲਿਸ ਤੇ ਪ੍ਰਸ਼ਾਸਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਸ਼ਾ ਇਲਾਜ ਯੋਗ ਸਮੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਨਸ਼ੇ ਨਾਲੋਂ ਨਾਤਾ ਤੋੜ ਕੇ ਜ਼ਿੰਦਗੀ ਨਾਲ ਨਾਤਾ ਜੋੜੀਏ। ਉਨ੍ਹਾਂ ਨੇ ਕਿਹਾ ਕਿ ਡਾਕਟਰ ਦੀ ਸਲਾਹ ਅਤੇ ਇਲਾਜ ਨਾਲ ਨਸ਼ਾ ਛੱਡਿਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੇ ਪ੍ਰੇਰਕ ਸ਼ਬਦਾਂ ਨਾਲ ਆਏ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੱਤਾ। ਡਾ: ਐਰਿਕ ਨੇ ਨਸ਼ੇ ਪੀੜਤਾਂ ਦੇ ਇਲਾਜ ਪ੍ਰਣਾਲੀਆਂ ਬਾਰੇ ਦੱਸਿਆ। ਐਸ.ਪੀ. ਡੀ. ਮੁਖਤਿਆਰ ਰਾਏ ਅਤੇ ਡੀਐਸਪੀ ਜਤਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਨਸ਼ੇ ਖਿਲਾਫ ਸਹੁੰ ਵੀ ਚੁਕਾਈ ਗਈ, ਐਚਐਚਓ ਅੰਗਰੇਜ ਸਿੰਘ ਵੀ ਇੱਥੇ ਹਾਜ਼ਰ ਸਨ।

### 42 ਲੋਕਾਂ ਨੇ ਮੌਕੇ 'ਤੇ ਕਰਵਾਈ ਰਜਿਸਟ੍ਰੇਸ਼ਨ

–ਐਸਐਸਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਅੱਜ ਦੇ ਇਸ ਪਲੇਠੇ ਸਮਾਗਮ ਵਿਚ ਆਸਪਾਸ ਦੇ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਇਸ ਸਮਾਗਮ ਤੋਂ ਪ੍ਰਭਾਵਿਤ ਹੋਕੇ 42 ਲੋਕਾਂ ਨੇ ਨਸ਼ੇ ਛੱਡਣ ਸਬੰਧੀ ਆਪਣੀ ਇੱਛਾ ਪ੍ਰਗਟ ਕਰਦਿਆਂ ਮੌਕੇ 'ਤੇ ਤਾਇਨਾਤ ਸਿਹਤ ਵਿਭਾਗ ਦੀ ਟੀਮ ਕੋਲ ਰਜਿਸਟ੍ਰੇਸ਼ਨ ਕਰਵਾਈ। ਇਨ੍ਹਾਂ ਵਿਚੋਂ 38 ਦਾ ਓਟ ਕਲੀਨਿਕ ਅਤੇ 4 ਦਾ ਨਸ਼ਾ ਮੁਕਤੀ ਕੇਂਦਰ ਤੋਂ ਸੋਮਵਾਰ ਤੋਂ ਬਕਾਇਦਾ ਇਲਾਜ ਸ਼ੁਰੂ ਹੋ ਜਾਵੇਗਾ।

# ਦੇਸ਼ ਭਗਤ ਯੂਨੀਵਰਸਿਟੀ 'ਚ ਨਤੀਜਾ-ਅਧਾਰਿਤ ਸਿੱਖਿਆ ਤੇ ਐਨਈਪੀ-2020 'ਤੇ ਆਨਲਾਈਨ ਪ੍ਰੋਗਰਾਮ




ਮੰਡੀ ਗੋਬਿੰਦਗੜ੍ਹ, 20 ਜੂਨ (ਸੂਦ) : ਏਆਈਯੂ-ਦੇਸ਼ ਭਗਤ ਯੂਨੀਵਰਸਿਟੀ-ਏਡੀਸੀ ਦੁਆਰਾ 'ਨਤੀਜਾ-ਅਧਾਰਿਤ ਸਿੱਖਿਆ ਅਤੇ ਐਨਈਪੀ-2020 ਦੀ ਮਹੱਤਤਾ ਅਤੇ ਪ੍ਰਭਾਵਸ਼ਾਲੀ ਲਾਗੂਕਰਨ' ਵਿਸ਼ੇ 'ਤੇ ਪੰਜ ਰੋਜ਼ਾ ਆਨਲਾਈਨ ਫੈਕਲਟੀ ਡਿਵਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਦੇਸ਼ ਭਗਤ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਦੇ 43 ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਉਦਘਾਟਨੀ ਸੰਬੋਧਨ ਕੋਆਰਡੀਨੇਟਰ ਪ੍ਰੋਫੈਸਰ (ਡਾ.) ਐਚਕੇ ਸਿੱਧੂ ਨੇ ਕਰਦੇ ਹੋਏ ਸਿੱਖਿਆ ਅਭਿਆਸਾਂ ਨੂੰ ਆਧੁਨਿਕ ਬਣਾਉਣ ਵਿੱਚ ਨਤੀਜਾ-ਅਧਾਰਿਤ ਸਿੱਖਿਆ (ਓਬੀਈ) ਅਤੇ ਐਨਈਪੀ-2020 ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਫੈਕਲਟੀ ਵਿਕਾਸ ਅਤੇ ਸੰਸਥਾਗਤ ਤਰੱਕੀ ਨੂੰ ਵਧਾਉਂਦੀਆਂ ਹਨ। ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਨੇ ਐਨਈਪੀ-2020 ਦੇ ਅਨੁਸਾਰ ਉੱਨਤ ਸਾਧਨਾਂ ਅਤੇ ਸਿੱਖਿਆ ਸ਼ਾਸਤਰੀ ਸੁਧਾਰਾਂ ਨੂੰ ਏਕੀਕ੍ਰਿਤ ਕਰਨ ਦੇ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਪਹਿਲੇ ਦਿਨ ਸੈਂਟਰਲ ਯੂਨੀਵਰਸਿਟੀ ਦੇ ਡਾ. ਸੋਸਾਦੇਬਾ ਪਾਨੀ ਨੇ ਪ੍ਰੋਗਰਾਮ ਅਤੇ ਕੋਰਸ ਦੇ ਨਤੀਜਿਆਂ ਦੀ ਮੈਪਿੰਗ ਅਤੇ ਮੁਲਾਂਕਣ 'ਤੇ ਚਰਚਾ ਕੀਤੀ। ਦੂਜੇ ਦਿਨ ਐਨਐਮਆਈਐਮਐਸ ਚੰਡੀਗੜ੍ਹ ਤੋਂ ਡਾ. ਆਦਿਤਿਆ ਬਖਸ਼ੀ ਨੇ ਓਬੀਈ ਨਾਲ ਜੁੜੇ ਪ੍ਰਭਾਵਸ਼ਾਲੀ ਸਿੱਖਿਆ ਰਣਨੀਤੀਆਂ ਬਾਰੇ ਗੱਲ ਕੀਤੀ, ਤੀਜੇ ਦਿਨ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਗਿਆਨੇਸ਼ਵਰ ਅਰਜੁਨ ਮਦਾਨ ਨੇ ਅਕਾਦਮਿਕ ਪ੍ਰਸ਼ਾਸਨ ਵਿੱਚ ਡਿਜੀਟਲ ਸਾਧਨਾਂ ਦੇ ਲਾਭਾਂ ਦੀ ਪੜਚੋਲ ਕੀਤੀ। ਚੌਥੇ ਦਿਨ, ਡਾ. ਐੱਚ.ਕੇ. ਸਿੱਧੂ ਨੇ ਐਨਈਪੀ-2020 ਦੁਆਰਾ ਕਲਪਨਾ ਕੀਤੇ ਗਏ ਆਈ. ਸੀ. ਟੀ.-ਸੰਚਾਲਿਤ ਦ੍ਰਿਸ਼ਟੀਕੋਣ ਵਿੱਚ ਸਿੱਖਿਅਕਾਂ ਦੀ ਵਿਕਸਤ ਹੋ ਰਹੀ ਭੂਮਿਕਾ ਦੀ ਗੱਲ ਕੀਤੀ। ਸਮਾਪਤੀ ਸੈਸ਼ਨ ਵਿੱਚ ਪ੍ਰੋ. (ਡਾ.) ਮਧੂ ਪਰਹਾਰ ਸਾਬਕਾ ਡਾਇਰੈਕਟਰ ਇਗਨੂ ਨੇ ਅਲਫ਼ਾ ਤੋਂ ਬੀਟਾ ਸਿੱਖਣ ਵਾਲਿਆਂ ਵਿੱਚ ਤਬਦੀਲੀ ਬਾਰੇ ਗੱਲ ਕੀਤੀ। ਏਆਈਯੂ ਦੇ ਨੋਡਲ ਅਫਸਰ ਡਾ. ਰੰਜਨਾ ਪਰਿਹਾਰ ਨੇ ਐਨਈਪੀ-2020 ਸੁਧਾਰਾਂ ਅਤੇ ਇੱਕ ਵਧੇਰੇ ਸੰਪੂਰਨ, ਲਚਕਦਾਰ ਅਤੇ ਵਿਦਿਆਰਥੀ-ਕੇਂਦ੍ਰਿਤ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਵਿੱਚ ਨਤੀਜਾ-ਅਧਾਰਤ ਸਿੱਖਿਆ ਦੀ ਕੇਂਦਰੀ ਭੂਮਿਕਾ ਬਾਰੇ ਦੱਸਿਆ। ਪ੍ਰੋਗਰਾਮ ਦੀ ਸਮਾਪਤੀ ਡਾ. ਐੱਚ.ਕੇ. ਸਿੱਧੂ ਦੇ ਧੰਨਵਾਦੀ ਮਤੇ ਨਾਲ ਹੋਈ।

## ਸਾਲਾਨਾ ਜੋੜ ਮੇਲਾ ਅੱਜ

ਭੋਗਪੁਰ, 20 ਜੂਨ (ਅਮਰਜੀਤ ਸਿੰਘ ਸੈਣੀ ): ਭੋਗਪੁਰ ਦੀ ਪੁਰਾਣੀ ਆਬਾਦੀ ਵਾਰਡ ਨੰਬਰ 1 ਵਿੱਚ ਬਾਬਾ ਮਸਤ ਜੀ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ 21 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ ਮਨਾਇਆ ਜਾ ਰਿਹਾ ਹੈ । ਪ੍ਰਬੰਧਕਾਂ ਨੇ ਦੱਸਿਆ ਕਿ ਕਵਾਲੀਆਂ ਅਤੇ ਸੂਫੀ ਕਲਾਮ ਦੀ ਸ਼ੁਰੂਆਤ 11 ਵਜੇ ਤੋਂ ਹੋਵੇਗੀ। ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਬਾਬਾ ਰਮੇਸ਼ ਸਿੰਘ, ਸਰਬਜੀਤ ਕਵਾਲ, ਸਨਾ ਖਾਨ, ਮੋਇਨ ਨਿਜ਼ਾਮੀ ਬ੍ਦਰਜ਼, (ਯੂਪੀ) ਅਤੇ ਸੇਵਾਦਾਰ ਸਵ. ਕਰਮ ਚੰਦ ਨੰਬਰਦਾਰ, ਮੇਲਾ ਸਰਪ੍ਰਸਤ ਖਵਾਜਾ ਮਨਜ਼ੂਰ ਹੁਸੈਨ ਜੀ ਅਤੇ ਇਹ ਪ੍ਰੋਗਰਾਮ ਸੇਵਾਦਾਰ ਸਵ. ਕਰਮ ਚੰਦ ਪਰਿਵਾਰ ਅਤੇ ਸਮੂਹ ਇਲਾਕਾ ਨਿਵਾਸੀ ਪੁਰਾਣੀ ਆਬਾਦੀ ਭੋਗਪੁਰ ਵੱਲੋਂ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਨਿਭਾਈ ਜਾ ਰਹੀ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਚਾਹ ਪਕੌੜੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਬਾਬਾ ਜੀ ਦੇ ਲੰਗਰ ਅਟੁੱਟ ਵਰਤਾਏ ਜਾਣਗੇ।

## ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ




ਅਮਲੋਹ, 20 ਜੂਨ (ਜਸਵੰਤ ਸਿੰਘ) : ਵੱਧ ਰਹੀ ਗਰਮੀ ਤੋਂ ਰਾਹਤ ਦਿਵਾਉਣ ਲਈ ਸ਼ਹਿਰ ਨਿਵਾਸੀਆਂ ਵੱਲੋਂ ਸਿਵਲ ਹਸਪਤਾਲ ਅਤੇ ਗੁਰਦੁਆਰਾ ਸਾਹਿਬ ਦੇ ਮਾਰਗ ਉਪਰ ਠੰਡੇ ਅਤੇ ਮਿੱਠੇ ਜੱਲ ਦੀ ਛਬੀਲ ਲਗਾਈ ਗਈ, ਜਿਥੇ ਵੱਡੀ ਗਿਣਤੀ ਵਿਚ ਰਾਹਗੀਰਾਂ ਨੇ ਜਲ ਛੱਕਿਆ ਅਤੇ ਇਸ ਕਾਰਜ਼ ਦੀ ਸ਼ਲਾਘਾ ਕੀਤੀ। ਇਸ ਮੌਕੇ ਰਾਹੁਲ ਸ਼ਰਮਾ, ਰਾਜਾ ਵਸਿਸ਼ਟ, ਕਰਨ ਸ਼ਰਮਾ, ਭਾਬਿਆਂ ਕੁਮਾਰ, ਪ੍ਰਿੰਸ ਕੁਮਾਰ, ਸਮਿਤ ਕੁਮਾਰ, ਜਸ਼ਨ ਸੂਦ, ਨਵਦੀਪ ਸਿੰਘ, ਸਾਹਿਲ ਕੁਮਾਰ ਅਤੇ ਸਕਸ਼ਮ ਸ਼ਰਮਾ ਆਦਿ ਨੇ ਸੇਵਾ ਨਿਭਾਈ।

### ਜ਼ੇਲੈਂਸਕੀ ਵੱਲੋਂ ਰੂਸ 'ਤੇ ਹੋਰ ਦਬਾਅ ਪਾਉਣ ਦੀ ਅਪੀਲ

# ਕੀਵ 'ਤੇ ਖ਼ਤਰਨਾਕ ਮਿਜ਼ਾਈਲ ਹਮਲੇ ਮਗਰੋਂ ਯੂਕ੍ਰੇਨ ਦੇ ਰਾਸ਼ਟਰਪਤੀ ਨੇ ਕੌਮਾਂਤਰੀ ਆਗੂਆਂ ਨੂੰ ਕੀਤੀ ਬੇਨਤੀ

ਕੀਵ, 20 ਜੂਨ (ਚ. ਨ. ਸ.): ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਅੱਜ ਕਿਹਾ ਕਿ ਕੀਵ ਦੀ ਨੌਂ ਮੰਜ਼ਿਲਾ ਅਪਾਰਟਮੈਂਟ ਇਮਾਰਤ 'ਤੇ ਰੂਸੀ ਮਿਜ਼ਾਈਲ ਹਮਲਾ ਇਸ ਗੱਲ ਦਾ ਸੰਕੇਤ ਹੈ ਕਿ ਮਾਸਕੋ 'ਤੇ ਜੰਗਬੰਦੀ ਲਈ ਵਧੇਰੇ ਦਬਾਅ ਪਾਇਆ ਜਾਣਾ ਚਾਹੀਦਾ ਹੈ ਕਿਉਂਕਿ ਮਾਸਕੋ ਤਿੰਨ ਸਾਲਾਂ ਤੋਂ ਚੱਲ ਰਹੀ ਜੰਗ ਵਿੱਚ ਹਮਲੇ ਤੇਜ਼ ਕਰ ਰਿਹਾ ਹੈ। ਕੀਵ 'ਤੇ ਮੰਗਲਵਾਰ ਤੜਕੇ ਹੋਇਆ ਡਰੋਨ ਅਤੇ ਮਿਜ਼ਾਈਲ ਹਮਲਾ ਇਸ ਸਾਲ ਰਾਜਧਾਨੀ 'ਤੇ ਸਭ ਤੋਂ ਖ਼ਤਰਨਾਕ ਹਮਲਾ ਹੈ। ਇਸ ਹਮਲੇ ਵਿੱਚ ਸ਼ਹਿਰ ਭਰ 'ਚ 28 ਵਿਅਕਤੀਆਂ ਦੀ ਮੌਤ ਹੋ ਗਈ ਅਤੇ 142 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਕੀਵ ਫੌਜੀ ਪ੍ਰਸ਼ਾਸਨ ਦੇ ਮੁਖੀ ਤੈਮੂਰ ਤਕਾਚੈਂਕੋ ਨੇ ਅੱਜ ਦਿੱਤੀ। ਜ਼ੇਲੈਂਸਕੀ ਨੇ ਰਾਸ਼ਟਰਪਤੀ ਦਫ਼ਤਰ ਦੇ ਮੁਖੀ ਆਂਦਰੀ ਯਰਮਕ ਅਤੇ ਗ੍ਰਹਿ ਮੰਤਰੀ ਇਹੋਰ ਕਲੀਮੈਂਕੋ ਨਾਲ ਅੱਜ ਸਵੇਰੇ ਕੀਵ ਦੇ ਸੋਲੋਮਿਆਂਸਕੀ ਜ਼ਿਲ੍ਹੇ ਵਿੱਚ ਅਪਾਰਟਮੈਂਟ ਇਮਾਰਤ ਦਾ ਦੌਰਾ ਕੀਤਾ, ਉੱਥੇ ਫੁੱਲ ਚੜ੍ਹਾਏ ਅਤੇ ਉਨ੍ਹਾਂ 23 ਵਿਅਕਤੀਆਂ ਨੂੰ ਸ਼ਰਧਾਂਜਲੀ ਦਿੱਤੀ, ਜੋ ਮਿਜ਼ਾਈਲ ਦੇ ਸਿੱਧੇ ਹਮਲੇ ਵਿੱਚ ਮਾਰੇ ਗਏ ਸਨ। ਜ਼ੇਲੈਂਸਕੀ ਨੇ ਟੈਲੀਗ੍ਰਾਮ 'ਤੇ ਲਿਖਿਆ, "ਇਹ ਹਮਲਾ ਦੁਨੀਆ ਨੂੰ ਯਾਦ ਦਿਵਾਉਂਦਾ ਹੈ ਕਿ ਰੂਸ ਜੰਗਬੰਦੀ ਨੂੰ ਨਾਮਨਜ਼ੂਰ ਕਰਦਾ ਹੈ ਅਤੇ ਹੱਤਿਆਵਾਂ ਕਰਨ ਨੂੰ ਤਰਜੀਹ ਦਿੰਦਾ ਹੈ।" ਉਨ੍ਹਾਂ ਯੂਕਰੇਨ ਦੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜੋ ਕਿ ਰੂਸ 'ਤੇ ਜੰਗ ਦੀ ਅਸਲ ਕੀਮਤ ਮਹਿਸੂਸ ਕਰਨ ਲਈ ਦਬਾਅ ਪਾਉਣ ਵਾਸਤੇ ਤਿਆਰ ਹਨ। ਮੰਗਲਵਾਰ ਨੂੰ ਕੀਵ 'ਤੇ ਹਮਲਾ ਰੂਸ ਵੱਲੋਂ ਮੁੜ ਤੋਂ ਯੂਕਰੇਨੀ ਹਵਾਈ ਸੁਰੱਖਿਆ ਨੂੰ ਤਹਿਸ-ਨਹਿਸ ਕਰਨ ਲਈ ਕੀਤੇ ਗਏ ਵਿਆਪਕ ਹਮਲੇ ਦਾ ਹਿੱਸਾ ਸੀ। ਰੂਸ ਨੇ 440 ਤੋਂ ਵੱਧ ਡਰੋਨ ਅਤੇ 32 ਮਿਜ਼ਾਈਲਾਂ ਦਾਗੀਆਂ, ਜਿਸ ਨੂੰ ਜ਼ੇਲੈਂਸਕੀ ਨੇ ਜੰਗ ਦੀ ਸਭ ਤੋਂ ਵੱਡੀ ਬੰਬਾਰੀ ਵਿੱਚੋਂ ਇਕ ਦੱਸਿਆ। ਰੂਸ ਲਗਭਗ 1000 ਕਿਲੋਮੀਟਰ ਦੀ ਮੂਹਰਲੀ ਕਤਾਰ ਦੇ ਕੁਝ ਹਿੱਸਿਆਂ 'ਤੇ ਗਰਮੀਆਂ ਵਿੱਚ ਖ਼ਤਰਨਾਕ ਹਮਲੇ ਕਰ ਰਿਹਾ ਹੈ, ਜਦਕਿ ਅਮਰੀਕਾ ਦੀ ਅਗਵਾਈ ਵਾਲੀਆਂ ਸ਼ਾਂਤੀ ਸਬੰਧੀ ਕੋਸ਼ਿਸ਼ਾਂ ਨੂੰ ਰਫ਼ਤਾਰ ਨਾਲ ਨਹੀਂ ਮਿਲ ਰਹੀ ਹੈ।

### ਯੂਕਰੇਨੀ ਆਗੂ ਨੇ ਆਪਣਾ ਕਾਨੂੰਨੀ ਦਰਜਾ ਗੁਆਇਆ: ਪੂਤਿਨ

ਦੂਜੇ ਪਾਸੇ ਸੇਂਟ ਪੀਟਰਜ਼ਬਰਗ ਵਿੱਚ ਕੌਮਾਂਤਰੀ ਖ਼ਬਰ ਏਜੰਸੀਆਂ ਦੇ ਸੀਨੀਅਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਉਹ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਗੱਲਬਾਤ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਨੇ ਆਪਣਾ ਦਾਅਵਾ ਦੁਹਰਾਇਆ ਕਿ ਪਿਛਲਾ ਸਾਲ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਯੂਕਰੇਨੀ ਆਗੂ ਨੇ ਆਪਣਾ ਕਾਨੂੰਨੀ ਦਰਜਾ ਗੁਆ ਦਿੱਤਾ ਹੈ। ਪੂਤਿਨ ਨੇ ਕਿਹਾ, "ਅਸੀਂ ਸਮਝੌਤੇ ਦੇ ਸਿਧਾਂਤਾਂ 'ਤੇ ਠੋਸ ਗੱਲਬਾਤ ਲਈ ਤਿਆਰ ਹਾਂ।"

# ਵਿਧਾਇਕ ਦੇ ਰਿਸ਼ਤੇਦਾਰ ਵੱਲੋਂ ਬਿਰਧ ਨੂੰ ਕੁੱਟਣ ਦੀ ਵੀਡੀਓ ਵਾਇਰਲ

### ☛ਲਾਲਪੁਰਾ ਵੱਲੋਂ ਪੁਲਿਸ ਕਾਰਵਾਈ 'ਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦਾ ਭਰੋਸਾ

ਸ੍ਰੀ ਗੋਇੰਦਵਾਲ ਸਾਹਿਬ,20 ਜੂਨ (ਚ.ਨ.ਸ.): ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਰਿਸ਼ਤੇਦਾਰ ਵੱਲੋਂ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਔਰਤਾਂ ਨਾਲ ਕੀਤੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਵਿਧਾਇਕ ਲਾਲਪੁਰਾ ਨੇ ਲਾਈਵ ਹੋ ਕੇ ਇਸ ਵੀਡੀਓ ਸਬੰਧੀ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਵੀਡੀਓ ਵਿੱਚ ਵਿਧਾਇਕ ਲਾਲਪੁਰਾ ਦਾ ਰਿਸ਼ਤੇਦਾਰ ਆਪਣੇ ਹੀ ਪਿੰਡ ਵੇਈਂਪੂਈਂ ਦੀ ਬਜ਼ੁਰਗ ਔਰਤ ਦੇ ਡਾਂਗਾ ਮਾਰਦਾ ਦਿਖਾਈ ਦੇ ਰਿਹਾ। ਹਾਲਾਂਕਿ, ਦੇਰ ਸ਼ਾਮ ਵਿਧਾਇਕ ਲਾਲਪੁਰਾ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਪੀੜਤ ਪਰਿਵਾਰ ਕੋਲੋਂ ਆਪਣੇ ਰਿਸ਼ਤੇਦਾਰ ਦੀ ਕੀਤੀ ਗ਼ਲਤੀ ਲਈ ਮੁਆਫ਼ੀ ਮੰਗੀ ਅਤੇ ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕਰਾਉਣ ਤੇ ਬਣਦੀ ਕਾਨੂੰਨੀ ਕਾਰਵਾਈ ਦਾ ਭਰੋਸਾ ਦਿੱਤਾ ਹੈ। ਜਾਣਕਾਰੀ ਅਨੁਸਾਰ ਲਾਲਪੁਰਾ ਦਾ ਰਿਸ਼ਤੇਦਾਰ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਪਿੰਡ ਵੇਈਂਪੂਈਂ ਦਾ ਸਰਪੰਚ ਹੈ। ਉਨ੍ਹਾਂ ਦਾ ਜ਼ਮੀਨੀ ਵਿਵਾਦ ਸਬੰਧੀ ਦੋ ਔਰਤਾਂ ਨਾਲ ਖੇਤਾਂ ਵਿਚ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ ਹੈ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ ਕਿ ਉਹ ਲੁਧਿਆਣਾ ਜ਼ਿਮਨੀ ਚੋਣ ਵਿੱਚ ਰੁਝੇ ਹੋਏ ਸਨ। ਉਨ੍ਹਾਂ ਕਿਹਾ ਕਿ ਪਿੰਡ ਵੇਈਂਪੂਈਂ ਦੀ ਵੀਡੀਓ ਧਿਆਨ ਵਿੱਚ ਆਉਣ ਮਗਰੋਂ ਸ੍ਰੀ ਗੋਇੰਦਵਾਲ ਸਾਹਿਬ ਦੇ ਡੀਐੱਸਪੀ ਨੂੰ ਫੌਰੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿਸ਼ਤੇਦਾਰੀ ਦੀ ਆੜ ਹੇਠ ਜੇ ਕੋਈ ਵੀ ਵਿਅਕਤੀ ਗ਼ਲਤ ਕੰਮ ਕਰਦਾ ਹੈ ਤਾਂ ਲਿਹਾਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਵਿਰੋਧੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਮਾਮਲੇ 'ਤੇ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਕਿਹਾ ਕਿ ਉਹ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣਗੇ।

## ਡੀ.ਸੀ. ਵੱਲੋਂ ਅਰਨੀਵਾਲਾ ਸਬ-ਤਹਿਸੀਲ ਦਾ ਅਚਾਨਕ ਦੌਰਾ




ਮੰਡੀ ਅਰਨੀਵਾਲਾ (ਫਾਜ਼ਿਲਕਾ) 20 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਅੱਜ ਅਚਾਨਕ ਮੰਡੀ ਅਰਨੀਵਾਲਾ ਵਿਖੇ ਸਬ ਤਹਿਸੀਲ ਦਫਤਰ ਦਾ ਦੌਰਾ ਕੀਤਾ । ਇਸ ਮੌਕੇ ਉਨ੍ਹਾਂ ਨੇ ਇੱਥੇ ਵੱਖ-ਵੱਖ ਸਰਕਾਰੀ ਕੰਮਾਂ ਲਈ ਆਏ ਲੋਕਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਨੂੰ ਨਾਗਰਿਕ ਸੇਵਾਵਾਂ ਲੈਣ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ । ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਇਸ ਮੌਕੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਕਿ ਸਰਕਾਰੀ ਦਫਤਰਾਂ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੋਈ ਦਿੱਕਤ ਨਾ ਆਵੇ । ਉਹਨਾਂ ਨੇ ਨਾਇਬ ਤਹਿਸੀਲਦਾਰ ਅਰਨੀਵਾਲਾ ਨੂੰ ਹਦਾਇਤ ਕੀਤੀ ਕਿ ਰਜਿਸਟਰੀਆਂ ਸਮੇਤ ਮਾਲ ਵਿਭਾਗ ਨਾਲ ਸਬੰਧਤ ਹੋਰ ਸੇਵਾਵਾਂ ਲੈਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ । ਇਸੇ ਤਰ੍ਹਾਂ ਉਹਨਾਂ ਨੇ ਕਿਹਾ ਕਿ ਫਰਦ ਕੇਂਦਰ ਅਤੇ ਸੇਵਾ ਕੇਂਦਰ ਤੋਂ ਵੀ ਨਾਗਰਿਕ ਸੇਵਾਵਾਂ ਲੈਣ ਵਿੱਚ ਕਿਸੇ ਵਿਅਕਤੀ ਨੂੰ ਮੁਸ਼ਕਲ ਪੇਸ਼ ਨਾ ਆਵੇ, ਇਸ ਲਈ ਸਾਰੇ ਵਿਭਾਗ ਲੋਕ ਪੱਖੀ ਪਹੁੰਚ ਅਪਨਾਉਂਦੇ ਹੋਏ ਆਪਣੀ ਡਿਊਟੀ ਨਿਭਾਉਣ। ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਦਫਤਰ ਵਿੱਚ ਆਮ ਲੋਕਾਂ ਨੂੰ ਕੋਈ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ ਤਾਂ ਇਸ ਲਈ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ । ਇਸ ਮੌਕੇ ਉਹਨਾਂ ਦੇ ਨਾਲ ਐਸ ਡੀ ਐਮ ਫਾਜ਼ਿਲਕਾ ਵੀਰਪਾਲ ਕੌਰ ਵੀ ਹਾਜ਼ਰ ਸਨ।

# ਰਿਮਟ ਯੂਨੀਵਰਸਿਟੀ ਵੱਲੋਂ ਹੋਟਲ ਮੈਨੇਜਮੈਂਟ ਦੇ ਆਉਣ ਵਾਲੇ ਵਿਦਿਆਰਥੀਆਂ ਲਈ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ



ਮੰਡੀ ਗੋਬਿੰਦਗੜ੍ਹ, 20 ਜੂਨ (ਸੂਦ)– ਰਿਮਟ ਯੂਨੀਵਰਸਿਟੀ ਦੇ ਸਕੂਲ ਆਫ਼ ਹੋਟਲ ਮੈਨੇਜਮੈਂਟ ਨੇ ਆਪਣੇ ਆਉਣ ਵਾਲੇ ਵਿਦਿਆਰਥੀਆਂ ਦੇ ਬੈਚ ਦੇ ਉਤਸ਼ਾਹਜਨਕ ਸਵਾਗਤ ਨਾਲ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਦੇ ਮੋਹਰੀ ਐਸੋਸੀਏਟ ਡਾਇਰੈਕਟਰ ਸ਼ੈੱਫ ਅਸ਼ੀਸ਼ ਬਾਲੀ ਹਨ ਜੋ ਪਰਾਹੁਣਚਾਰੀ ਦੀ ਗਤੀਸ਼ੀਲ ਦੁਨੀਆ ਨਾਲ ਜਾਣੂ ਕਰਵਾਉਣ ਲਈ ਤਿਆਰ ਕੀਤੇ ਗਏ ਇੰਟਰਐਕਟਿਵ ਸੈਸ਼ਨ, ਮਾਹਰ ਪ੍ਰਦਰਸ਼ਨ ਅਤੇ ਵਿਹਾਰਕ ਵਰਕਸ਼ਾਪਾਂ ਦੀ ਇੱਕ ਲੜੀ ਰਾਹੀਂ ਫਰੈਸ਼ਰਾਂ ਨਾਲ ਨਿੱਜੀ ਤੌਰ 'ਤੇ ਜੁੜ ਰਹੇ ਹਨ। ਰਸੋਈ ਅਤੇ ਪਰਾਹੁਣਚਾਰੀ ਉਦਯੋਗ ਵਿੱਚ ਇੱਕ ਸਤਿਕਾਰਤ ਨਾਮ, ਸ਼ੈੱਫ ਬਾਲੀ, ਵਿਦਿਆਰਥੀਆਂ ਨੂੰ ਹੋਟਲ ਸੰਚਾਲਨ ਦੀਆਂ ਅਸਲ-ਸੰਸਾਰ ਦੀਆਂ ਮੰਗਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਆਪਣੀਆਂ ਪੇਸ਼ੇਵਰ ਸੂਝਾਂ ਅਤੇ ਸਾਲਾਂ ਦੇ ਤਜ਼ਰਬੇ ਨੂੰ ਸਰਗਰਮੀ ਨਾਲ ਸਾਂਝਾ ਕਰ ਰਿਹਾ ਹੈ। ਉਨ੍ਹਾਂ ਦਾ ਬੇਕਰੀ ਅਤੇ ਕਨਫੈਕਸ਼ਨਰੀ ਸੈਸ਼ਨਾਂ ਵਿੱਚ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਰਿਹਾ, ਜਿੱਥੇ ਵਿਦਿਆਰਥੀ ਬੁਨਿਆਦੀ ਤਕਨੀਕਾਂ, ਰਸੋਈ ਪ੍ਰੋਟੋਕੋਲ ਅਤੇ ਰਚਨਾਤਮਕ ਭੋਜਨ ਪੇਸ਼ਕਾਰੀ ਦੇ ਹੁਨਰ ਸਿੱਖ ਰਹੇ ਹਨ। ਅਨੁਭਵੀ ਸਿਖਲਾਈ 'ਤੇ ਜ਼ੋਰ ਵਿਦਿਆਰਥੀਆਂ ਵਿੱਚ ਸ਼ੁਰੂਆਤੀ ਆਤਮਵਿਸ਼ਵਾਸ ਅਤੇ ਉਤਸ਼ਾਹ ਨੂੰ ਵਧਾ ਰਿਹਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪਹਿਲੀ ਵਾਰ ਪੇਸ਼ੇਵਰ ਸਾਧਨਾਂ ਅਤੇ ਤਰੀਕਿਆਂ ਨਾਲ ਗੱਲਬਾਤ ਕਰ ਰਹੇ ਹਨ। ਸੈਸ਼ਨ ਦੌਰਾਨ ਬੋਲਦਿਆਂ ਸ਼ੈੱਫ ਆਸ਼ੀਸ਼ ਬਾਲੀ ਨੇ ਟਿੱਪਣੀ ਕੀਤੀ ਕਿ ਮਹਿਮਾਨ ਨਿਵਾਜ਼ੀ ਸਿਰਫ਼ ਸੇਵਾ ਬਾਰੇ ਨਹੀਂ ਹੈ ਸਗੋਂ ਮਹਿਮਾਨਾਂ ਲਈ ਯਾਦਗਾਰੀ ਅਨੁਭਵ ਪੈਦਾ ਕਰਨ ਬਾਰੇ ਹੈ। ਉਨ੍ਹਾਂ ਤਕਨੀਕੀ ਮੁਹਾਰਤ ਨੂੰ ਰਚਨਾਤਮਕਤਾ, ਪੇਸ਼ੇਵਰਤਾ ਅਤੇ ਮਹਿਮਾਨਾਂ ਦੀਆਂ ਉਮੀਦਾਂ ਦੀ ਡੂੰਘੀ ਸਮਝ ਦੇ ਨਾਲ ਮਿਲਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸੈਸ਼ਨ ਨਾ ਸਿਰਫ਼ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਬਣਾਉਣ ਲਈ ਕੀਤਾ ਬਲਕਿ ਉਨ੍ਹਾਂ ਨੂੰ ਆਪਣੀ ਸਿਖਲਾਈ ਦੇ ਹਰ ਪਹਿਲੂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਵੀ ਕਰ ਰਹੇ ਹਨ। ਰਿਮਟ ਯੂਨੀਵਰਸਿਟੀ ਦਾ ਸਕੂਲ ਆਫ਼ ਹੋਟਲ ਮੈਨੇਜਮੈਂਟ ਆਪਣੇ ਮਜ਼ਬੂਤ ਉਦਯੋਗਿਕ ਸੰਪਰਕ ਅਤੇ ਵਿਹਾਰਕ ਸਿੱਖਣ ਦੇ ਵਾਤਾਵਰਣ ਲਈ ਜਾਣਿਆ ਜਾਂਦਾ ਹੈ। ਪਾਠਕ੍ਰਮ ਨੂੰ ਗਲੋਬਲ ਪਰਾਹੁਣਚਾਰੀ ਮਿਆਰਾਂ ਦੇ ਨਾਲ ਇਕਸਾਰ ਕਰਨ ਲਈ ਤਿਆਰ ਕੀਤਾ ਗਿਆ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਹੋਟਲ, ਰਿਜ਼ੋਰਟ, ਕਰੂਜ਼ ਲਾਈਨਾਂ, ਇਵੈਂਟ ਮੈਨੇਜਮੈਂਟ ਅਤੇ ਸੈਰ-ਸਪਾਟਾ ਸੇਵਾਵਾਂ ਵਰਗੇ ਵੱਖ-ਵੱਖ ਖੇਤਰਾਂ ਵਿੱਚ ਸਫਲ ਹੋਣ ਲਈ ਲੋੜੀਂਦੇ ਹੁਨਰਾਂ ਨਾਲ ਗ੍ਰੈਜੂਏਟ ਹੋਣ। ਵਿਭਾਗ ਆਧੁਨਿਕ ਸਿਖਲਾਈ ਰਸੋਈਆਂ, ਬੇਕਰੀ ਲੈਬਾਂ, ਨਕਲੀ ਹੋਟਲ ਕਮਰੇ ਅਤੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੇ ਸੇਵਾ ਖੇਤਰਾਂ ਨਾਲ ਲੈਸ ਹੈ, ਜੋ ਅਸਲ ਹੋਟਲ ਸੈਟਿੰਗਾਂ ਦੀ ਨਕਲ ਕਰਦੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਇੱਕ ਪੇਸ਼ੇਵਰ ਵਾਤਾਵਰਣ 'ਚ ਵਿਹਾਰਕ ਐਕਸਪੋਜ਼ਰ ਪ੍ਰਾਪਤ ਕਰਨ ਦੀ ਆਗਿਆ ਮਿਲਦੀ ਹੈ । ਸਕੂਲ ਵੱਖ-ਵੱਖ ਅਕਾਦਮਿਕ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਪੂਰਾ ਕਰਨ ਵਾਲੇ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ, ਇਨ੍ਹਾਂ 'ਚ ਬੀ.ਐਸ.ਸੀ. ਇਨ ਹੋਸਪਿਟੈਲਿਟੀ ਐਂਡ ਹੋਟਲ ਐਡਮਿਨਿਸਟਰੇਸ਼ਨ, ਬੈਚਲਰ ਇਨ ਹੋਟਲ ਮੈਨੇਜਮੈਂਟ, 10+2 ਤੋਂ ਬਾਅਦ ਵਿਦਿਆਰਥੀਆਂ ਲਈ ਹੋਟਲ ਮੈਨੇਜਮੈਂਟ 'ਚ ਤਿੰਨ ਸਾਲਾ ਡਿਪਲੋਮਾ ਤੇ ਬੇਕਰੀ ਐਂਡ ਕਨਫੈਕਸ਼ਨਰੀ ਐਂਡ ਫੂਡ ਪ੍ਰੋਡਕਸ਼ਨ 'ਚ ਵਿਸ਼ੇਸ਼ ਡਿਪਲੋਮਾ, ਹਰੇਕ ਇੱਕ ਸਾਲ ਤੇ ਛੇ ਮਹੀਨਿਆਂ 'ਚ ਫੈਲਿਆ ਹੋਇਆ ਹੈ, 10ਵੀਂ ਜਮਾਤ ਪੂਰੀ ਕਰਨ ਵਾਲੇ ਵਿਦਿਆਰਥੀਆਂ ਲਈ, ਹੋਟਲ ਮੈਨੇਜਮੈਂਟ ਵਿੱਚ ਇੱਕ ਵਿਆਪਕ ਪੰਜ ਸਾਲਾ ਡਿਪਲੋਮਾ ਹੈ। ਪ੍ਰਾਹੁਣਚਾਰੀ ਉਦਯੋਗ ਦੇ ਤੇਜ਼ੀ ਨਾਲ ਵਿਕਾਸ ਤੇ ਪਰਿਵਰਤਨ ਦੇ ਨਾਲ, ਰਿਮਟ ਯੂਨੀਵਰਸਿਟੀ ਅਜਿਹੇ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਵਚਨਬੱਧ ਹੈ ਜੋ ਨੌਕਰੀ ਲਈ ਤਿਆਰ, ਆਤਮਵਿਸ਼ਵਾਸੀ ਅਤੇ ਵਿਭਿੰਨ ਵਿਸ਼ਵਵਿਆਪੀ ਵਾਤਾਵਰਣਾਂ ਵਿੱਚ ਵਧਣ-ਫੁੱਲਣ ਦੇ ਸਮਰੱਥ ਹਨ। ਸ਼ੈੱਫ ਆਸ਼ੀਸ਼ ਬਾਲੀ ਵਰਗੇ ਪੇਸ਼ੇਵਰਾਂ ਦੀ ਅਗਵਾਈ ਤੇ ਸਲਾਹ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਪੇਸ਼ੇਵਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜੋ ਪ੍ਰਾਹੁਣਚਾਰੀ ਖੇਤਰ ਦੀਆਂ ਵਿਕਸਤ ਹੋ ਰਹੀਆਂ ਮੰਗਾਂ 'ਚ ਅਰਥਪੂਰਨ ਯੋਗਦਾਨ ਪਾ ਸਕਦੇ ਹਨ।

## ਕੈਨੇਡਾ 'ਚ ਅਬਾਦੀ ਵਾਧੇ ਨੂੰ ਲੱਗੀਆਂ ਬਰੇਕਾਂ, ਕੱਚਿਆਂ ਦੀ ਘਟੀ ਗਿਣਤੀ

ਵੈਨਕੂਵਰ, 20 ਜੂਨ (ਚ.ਨ.ਸ.): ਅੰਕੜਾ ਵਿਭਾਗ ਵਲੋਂ ਆਬਾਦੀ ਸਬੰਧੀ ਇਸ ਸਾਲ ਦੀ ਪਹਿਲੀ ਤਿਮਾਹੀ ਦੇ ਜਾਰੀ ਕੀਤੇ ਅੰਕੜਿਆਂ ਤੋਂ ਬਾਅਦ ਆਬਾਦੀ ਵਾਧੇ ਨੂੰ ਬਰੇਕ ਲੱਗਦੀ ਨਜ਼ਰ ਆਈ ਹੈ। ਰਿਪੋਰਟ ਅਨੁਸਾਰ 31 ਮਾਰਚ ਤੱਕ ਕੈਨੇਡਾ ਆਬਾਦੀ 41,548,787 ਹੋ ਗਈ ਹੈ । ਪਿਛਲੇ ਸਮੇਂ ਤੋਂ ਹਰੇਕ ਤਿਮਾਹੀ ਦੇਸ਼ ਦੀ ਅਬਾਦੀ ਵਿੱਚ ਹੁੰਦੇ ਆ ਰਹੇ ਲੱਖਾਂ ਦੇ ਵਾਧੇ ਦੇ ਮੁਕਾਬਲੇ ਇਸ ਵਾਰ ਸਿਰਫ 20107 ਦਾ ਵਾਧਾ ਦਰਜ ਕੀਤਾ ਗਿਆ। ਇਸ ਤਿਮਾਹੀ ਦੌਰਾਨ ਬ੍ਰਿਟਿਸ਼ ਕੋਲੰਬੀਆ ਤੇ ਓਂਟਾਰੀਓ ਸਮੇਤ ਬਹੁਤੇ ਸੂਬਿਆਂ ਦੀ ਆਬਾਦੀ 'ਚ ਗਿਰਾਵਟ ਆਈ ਹੈ, ਜਦੋਂ ਕਿ ਅਲਬਰਟਾ ਵਿੱਚ ਵਾਧਾ ਦਰਜ ਹੋਇਆ। ਇਸ ਦਾ ਕਾਰਨ ਆਰਥਿਕਤਾ, ਮੰਦੀ ਦੀ ਮਾਰ ਤੋਂ ਬਚੇ ਰਹਿਣ ਅਤੇ ਘਰਾਂ ਦੀਆਂ ਘੱਟ ਕੀਮਤਾਂ ਕਾਰਨ ਹੋਰ ਸੂਬਿਆਂ ਤੋਂ ਹੋਈ ਹਿਜ਼ਰਤ ਸਮਝੀ ਜਾਂਦੀ ਹੈ। ਇਸ ਤੋਂ ਪਹਿਲਾਂ ਸਾਲ 2020 ਕੋਰੋਨਾ ਮਹਾਂਮਾਰੀ ਦੌਰਾਨ ਵੀ ਆਬਾਦੀ ਦਾ ਘੱਟ ਵਾਧਾ ਦਰਜ ਕੀਤਾ ਗਿਆ ਸੀ। ਜਾਰੀ ਅੰਕੜਿਆਂ ਅਨੁਸਾਰ ਇਸ ਤਿਮਾਹੀ 'ਚ ਕੱਚੇ ਰਿਹਾਇਸ਼ੀਆਂ ਦੀ 2959825 ਗਿਣਤੀ ਵਿੱਚ ਵੀ 61 ਹਜ਼ਾਰ ਦੀ ਗਿਰਾਵਟ ਦਰਜ ਹੋਈ ਹੈ। ਬੇਸ਼ੱਕ ਸਟੱਡੀ ਵੀਜੇ ਵਾਲਿਆਂ ਦੀ ਗਿਣਤੀ 53669 ਘਟੀ, ਪਰ ਇਸ ਦੌਰਾਨ ਵਿਦੇਸ਼ਾਂ 'ਚੋਂ ਪੀਆਰ ਲੈ ਕੇ ਆਉਣ ਵਾਲਿਆਂ ਦੀ ਗਿਣਤੀ 'ਚ ਕੁਝ ਵਾਧਾ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਤੇ ਓਂਟਾਰੀਓ ਦੀ ਅਬਾਦੀ 'ਚ 1951 ਤੋਂ ਬਾਦ ਆਬਾਦੀ 'ਚ ਪਹਿਲੀ ਵਾਰ ਐਨੀ ਗਿਰਾਵਟ ਆਈ ਹੈ।

# ਡਾ. ਰਵਜੋਤ ਸਿੰਘ ਨੇ ਨਹਿਰੀ ਪਾਣੀ ਪੀਣਯੋਗ ਬਣਾ ਕੇ ਘਰਾਂ ਤੱਕ ਪਹੁੰਚਾਉਣ ਦੇ ਪ੍ਰਾਜੈਕਟ ਦਾ ਰੱਖਿਆ ਨੀਂਹ ਪੱਥਰ




ਮੁੱਦਕੀ/ਫ਼ਿਰੋਜ਼ਪੁਰ, 20 ਜੂਨ (ਤਿਵਾੜੀ): ਫਿਰੋਜ਼ਪੁਰ ਦਿਹਾਤੀ ਹਲਕੇ ਦੇ ਕਸਬਾ ਮੁੱਦਕੀ ਨਗਰ ਪੰਚਾਇਤ ਦੀ ਹੱਦੂਦ ਅੰਦਰ ਰਹਿਣ ਵਾਲੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਅੱਜ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਡਾ. ਰਵਜੋਤ ਸਿੰਘ ਨੇ 14.27 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਿਧਾਇਕ ਹਲਕਾ ਫ਼ਿਰੋਜ਼ਪੁਰ ਦਿਹਾਤੀ ਐਡ. ਰਜਨੀਸ਼ ਕੁਮਾਰ ਦਹੀਯਾ, ਵਿਧਾਇਕ ਜ਼ੀਰਾ ਨਾਰੇਸ਼ ਕਟਾਰੀਆ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੁਕੰਮਲ ਹੋਣ ਵਾਲੇ ਇਸ ਮੈਗਾ ਪ੍ਰਾਜੈਕਟ ਨਾਲ ਮੁੱਦਕੀ ਵਾਸੀਆਂ ਨੂੰ ਕੁਦਰਤੀ ਤੱਤਾਂ ਤੋਂ ਭਰਪੂਰ ਨਹਿਰੀ ਪਾਣੀ ਨਾਲ ਤੰਦਰੁਸਤ ਜੀਵਨ ਲਈ ਬਹੁਤ ਵੱਡੀ ਸੋਗਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ 15 ਮਹੀਨਿਆਂ ਵਿੱਚ ਤਿਆਰ ਹੋ ਜਾਵੇਗਾ ਤੇ ਇਸ ਦੇ ਨਾਲ ਮੁੱਦਕੀ ਦੇ 2400 ਘਰਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਹੋਵੇਗਾ।

ਕੈਬਨਿਟ ਮੰਤਰੀ ਡਾ. ਰਵਜੋਤ ਨੇ ਦੱਸਿਆ ਕਿ ਅੰਮ੍ਰਿਤ ਯੋਜਨਾ ਅਧੀਨ ਬਣਨ ਵਾਲੇ ਇਸ ਪ੍ਰੋਜੈਕਟ ਅਧੀਨ ਹਰ ਘਰ ਤੱਕ ਪਾਣੀ ਪਹੁੰਚਾਉਣ ਲਈ ਕਰੀਬ 33.69 ਕਿਲੋਮੀਟਰ ਲੰਬਾਈ ਵਿੱਚ ਪੀਣ ਵਾਲੇ ਪਾਣੀ ਦੀਆਂ ਨਵੀਆਂ ਪਾਈਪਾਂ ਪਾਈਆਂ ਜਾਣਗੀਆਂ, ਘਰਾਂ ਵਿੱਚ ਪਾਣੀ ਦੇ ਕੁਨੈਕਸ਼ਨ ਕੀਤੇ ਜਾਣਗੇ ਅਤੇ ਪਾਣੀ ਦੀ ਉੱਚੀ ਟੈਂਕੀ ਬਣਾਈ ਜਾਵੇਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੇ ਪੰਜਾਬ 'ਚ ਹਰ ਪੱਖੋਂ ਵਿਕਾਸ ਕੀਤਾ ਜਾ ਰਿਹਾ ਹੈ। ਮੁੱਦਕੀ ਵਾਸੀਆਂ ਦੀ ਮੰਗ ਤੇ ਕੈਬਨਿਟ ਮੰਤਰੀ ਨੇ ਭਰੋਸਾ ਦਵਾਇਆ ਕਿ ਮੁੱਦਕੀ ਵਿਖੇ ਹੋਰ ਵਿਕਾਸ ਕਾਰਜ ਵੀ ਕਰਵਾਏ ਜਾਣਗੇ ਤੇ ਮੁੱਦਕੀ ਦੇ ਵਿਕਾਸ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਵਿਧਾਇਕ ਹਲਕਾ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਕੁਮਾਰ ਦਹੀਯਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ ਮੁਦਕੀ ਵਿੱਚ ਇਤਿਹਾਸਿਕ ਵਿਕਾਸ ਕਾਰਜ ਹੋ ਰਹੇ ਹਨ। ਹਲਕੇ ਦੀ ਤਰੱਕੀ ਤੇ ਲੋਕਾਂ ਦੀ ਸੇਵਾ ਲਈ ਉਹ ਹਮੇਸ਼ਾ ਹੀ ਯਤਨਸ਼ੀਲ ਹਨ। ਇਸ ਮੈਗਾ ਪ੍ਰਾਜੈਕਟ ਨਾਲ ਮੁੱਦਕੀ ਵਾਸੀਆਂ ਨੂੰ ਕੁਦਰਤੀ ਤੱਤਾਂ ਤੋਂ ਭਰਪੂਰ ਸਾਫ਼ ਨਹਿਰੀ ਪਾਣੀ ਨਾਲ ਤੰਦਰੁਸਤ ਜੀਵਨ ਦੀ ਬਹੁਤ ਵੱਡੀ ਸੋਗਾਤ ਮਿਲੇਗੀ। ਇਸ ਪ੍ਰੋਜੈਕਟ ਤੋਂ ਪਹਿਲਾਂ ਵੀ ਮੁੱਦਕੀ 'ਚ ਕਰੀਬ 22 ਕਰੋੜ ਰੁਪਏ ਦੇ ਸੀਵਰੇਜ ਪਾਉਣ ਦਾ ਪ੍ਰੋਜੈਕਟ ਚੱਲ ਰਿਹਾ ਹੈ ਜੋ ਕਰੀਬ 75% ਮੁਕੰਮਲ ਹੋ ਚੁੱਕਾ ਹੈ। ਸੀਵਰੇਜ ਪ੍ਰਾਜੈਕਟ ਮੁਕੰਮਲ ਹੋਣ ਤੋਂ ਬਾਅਦ ਮੁੱਦਕੀ ਵਾਸੀਆਂ ਨੂੰ ਗਲੀਆਂ ਨਾਲੀਆਂ ਤੇ ਗੰਦੇ ਪਾਣੀ ਤੋਂ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸਾਰਿਆਂ ਦੇ ਸਹਿਯੋਗ ਨਾਲ ਹੀ ਮਿਲ ਰਹੇ ਹਨ। ਉਨ੍ਹਾਂ ਅਪੀਲ ਕੀਤੀ ਕੀ ਸਾਰੇ ਮੁੱਦਕੀ ਵਾਸੀ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ ਤੇ ਮੁੱਦਕੀ ਨੂੰ ਵਿਕਾਸ ਦੇ ਰਾਹਾਂ ਤੇ ਲਿਆਉਣ। ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਤੇ ਵਿਧਾਇਕ ਦਹੀਯਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਆਪਣੇ ਸੰਬੋਧਨ 'ਚ ਸਾਰਿਆ ਨੂੰ ਜੀ ਆਇਆ ਆਖਿਆ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਲਈ ਧੰਨਵਾਦ ਕੀਤਾ। ਇਸ ਮੌਕੇ ਐੱਸ.ਐੱਸ.ਪੀ. ਭੁਪਿੰਦਰ ਸਿੰਘ ਸਿੱਧੂ, ਐੱਸ.ਡੀ.ਐੱਮ. ਗੁਰਮੀਤ ਸਿੰਘ, ਐਕਸੀਅਨ ਵਾਟਰ ਸਿਪਲਾਈ ਤੇ ਸੀਵਰੇਜ ਬੋਰਡ ਸੁਪਿੰਦਰ ਸਿੰਘ, ਪ੍ਰਧਾਨ ਨਗਰ ਪੰਚਾਇਤ ਮੁੱਦਕੀ ਗੁਰਜੀਤ ਕੌਰ, ਚੇਅਰਮੈਨ ਮਾਰਕਿਟ ਕਮੇਟੀ ਫਿਰੋਜ਼ਪੁਰ ਛਾਉਣੀ ਬੇਅੰਤ ਸਿੰਘ ਹਕੂਮਤ ਵਾਲਾ, ਸਲਾਹਕਾਰ ਕਮੇਟੀ ਦੇ ਮੈਂਬਰ ਡਾਕਟਰ ਕੁਲਦੀਪ ਸਿੰਘ ਨਾਗੀ, ਐਮਸੀ ਰੋਸ਼ਨ ਲਾਲ ਮਨਚੰਦਾ ਪ੍ਰਿੰਸ ਗੁਪਤਾ ਕੁਲਦੀਪ ਸਿੰਘ ਖੋਸਾ, ਗੁਰਪ੍ਰੀਤ ਸਿੰਘ ਬਰਾੜ ਬਲਾਕ ਪ੍ਰਧਾਨ ਜਗਤਾਰ ਸਿੰਘ, ਮੁਲਾਜ਼ਮ ਵਿੰਗ ਦੇ ਜਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਸਰਪੰਚ ਗੁਰਨਾਮ ਸਿੰਘ ਚੰਦੜ ਵੱਖ-ਵੱਖ ਵਾਰਡਾਂ ਦੇ ਐਮ.ਸੀ. ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਅਤੇ ਮੁੱਦਕੀ ਵਾਸੀ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਹੜ੍ਹਾਂ ਦੀ ਰੋਕਥਾਮ/ ਤਿਆਰੀ ਲਈ ਜ਼ਿਲ੍ਹੇ ਦੇ ਸਾਰੇ ਵਿਭਾਗਾਂ ਨਾਲ ਬੈਠਕ



ਫਾਜ਼ਿਲਕਾ, 20 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ ਨੇ ਅੱਜ ਆਗਾਮੀ ਮਾਨਸੂਨ ਸੀਜਨ 2025 ਦੌਰਾਨ ਹੜ੍ਹਾਂ ਦੇ ਕਿਸੇ ਵੀ ਸੰਭਾਵਿਤ ਖਤਰੇ ਦੇ ਟਾਕਰੇ ਲਈ ਅਗੇਤੇ ਪ੍ਰਬੰਧਾਂ ਹਿੱਤ ਬੈਠਕ ਕੀਤੀ ਅਤੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ । ਉਹਨਾਂ ਨੇ ਡਰੇਨੇਜ਼ ਵਿਭਾਗ ਨੂੰ ਹਦਾਇਤ ਕੀਤੀ ਕਿ ਜਿੱਥੇ ਕਿਤੇ ਸੇਮ ਨਾਲਿਆਂ ਦੀ ਸਫਾਈ/ਰਿਪੇਅਰ ਦਾ ਕੰਮ ਬਕਾਇਆ ਹੈ, ਉਸ ਨੂੰ ਤੁਰੰਤ ਪੂਰਾ ਕੀਤਾ ਜਾਵੇ । ਉਹਨਾਂ ਨੇ ਨਹਿਰੀ ਵਿਭਾਗ ਨੂੰ ਹਦਾਇਤ ਕੀਤੀ ਕਿ ਨਹਿਰਾਂ ਦੀ ਪੂਰੀ ਚੌਕਸੀ ਰੱਖੀ ਜਾਵੇ ਤਾਂ ਜੋ ਨਹਿਰਾਂ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ। ਉਹਨਾਂ ਨੇ ਬਿਜਲੀ ਵਿਭਾਗ ਨੂੰ ਹਦਾਇਤ ਕੀਤੀ ਕਿ ਜੇ ਹੜ੍ਹ ਦੌਰਾਨ ਜਿਥੇ ਬਿਜਲੀ ਦੀ ਸਪਲਾਈ ਦੇਣ ਦੇ ਨੁਕਸਾਨ ਹੋਣ ਦਾ ਡਰ ਹੋਵੇ ਉੱਥੇ ਬਿਜਲੀ ਦੀ ਸਪਲਾਈ ਤੁਰੰਤ ਬੰਦ ਕਰ ਦਿੱਤੀ ਜਾਵੇ। ਇਸੇ ਤਰ੍ਹਾਂ ਉਹਨਾਂ ਨੇ ਨਗਰ ਕੌਂਸਲਾਂ ਨੂੰ ਹਦਾਇਤ ਕੀਤੀ ਕਿ ਸ਼ਹਿਰਾਂ ਵਿੱਚ ਸੀਵਰੇਜ ਅਤੇ ਨਾਲੇ ਬਰਸਾਤ ਤੋਂ ਪਹਿਲਾਂ ਪਹਿਲਾਂ ਸਾਫ ਕੀਤੇ ਜਾਣੇ ਯਕੀਨੀ ਬਣਾਏ ਜਾਣ। ਉਨ੍ਹਾਂ ਸਿਹਤ ਵਿਭਾਗ ਨੂੰ ਦਵਾਈਆਂ/ ਡਾਕਟਰਾਂ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਜਲ ਸਪਲਾਈ ਵਿਭਾਗ ਤੋਂ ਹੜ੍ਹਾਂ ਦੀ ਤਿਆਰੀਆਂ ਦੌਰਾਨ ਪੀਣ ਵਾਲੇ ਪਾਣੀ ਬਾਰੇ ਜਾਣਕਾਰੀ ਹਾਸਿਲ ਕੀਤੀ ਅਤੇ ਸਾਫ ਪਾਣੀ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਲੋਕ ਨਿਰਮਾਣ ਵਿਭਾਗ ਤੇ ਮੰਡੀ ਅਫਸਰ ਨੂੰ ਹੜ੍ਹ ਦੌਰਾਨ ਪ੍ਰਭਾਵਿਤ ਹੋਣ ਵਾਲੀਆਂ ਸੜਕਾਂ ਅਤੇ ਪੁੱਲਾਂ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਪਸ਼ੂ ਪਾਲਣ ਵਿਭਾਗ ਤੋਂ ਪਸ਼ੂਆਂ ਦੀ ਸੁਰੱਖਿਆ/ਦਵਾਈਆਂ, ਚਾਰੇ ਆਦਿ ਦਾ ਪ੍ਰਬੰਧ ਬਾਰੇ ਕੀਤੀਆਂ ਗਈਆਂ ਤਿਆਰੀਆ ਬਾਰੇ ਜਾਣਕਾਰੀ ਹਾਸਲ ਕੀਤੀ। ਵਧੀਕ ਡੀ.ਸੀ. ਨੇ ਪੇਂਡੂ ਵਿਕਾਸ ਵਿਭਾਗ ਨੂੰ ਹਦਾਇਤ ਕੀਤੀ ਕਿ ਨਰੇਗਾ ਤਹਿਤ ਜੋ ਹੜ੍ਹ ਰੋਕੂ ਪ੍ਰਬੰਧ ਹੋ ਸਕਦੇ ਹਨ ਉਹ ਕਰ ਲਏ ਜਾਣ। ਇਸੇ ਤਰ੍ਹਾਂ ਉਹਨਾਂ ਨੇ ਪੇਂਡੂ ਵਿਕਾਸ ਵਿਭਾਗ ਨੂੰ ਹਦਾਇਤ ਕੀਤੀ ਕਿ ਪਿੰਡਾਂ ਦੇ ਛੱਪੜਾਂ ਨੂੰ ਬਰਸਾਤ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਖਾਲੀ ਕਰ ਲਿਆ ਜਾਵੇ । ਉਹਨਾਂ ਨੇ ਸਿੱਖਿਆ ਵਿਭਾਗ ਤੋਂ ਪਿਛਲੇ ਸਾਲ ਹੜ੍ਹ ਦੌਰਾਨ ਪ੍ਰਭਾਵਿਤ ਸਕੂਲਾਂ ਦੀਆਂ ਜਾਣਕਾਰੀ ਲਈ ਗਈ ਤੇ ਵਿਭਾਗ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਬੈਠਕ ਵਿੱਚ ਐਸਡੀਐਮ ਅਬੋਹਰ ਕ੍ਰਿਸ਼ਨਪਾਲ ਰਾਜਪੂਤ, ਐਸਡੀਐਮ ਫਾਜ਼ਿਲਕਾ ਵੀਰਪਾਲ ਕੌਰ, ਐਸਡੀਐਮ ਜਲਾਲਾਬਾਦ ਕੰਵਰਜੀਤ ਸਿੰਘ ਮਾਨ, ਪੁਲਿਸ, ਬੀ.ਐਸ.ਐਫ ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਸੇਵਾ ਕੇਂਦਰਾਂ 'ਚ ਮਾਲ ਤੇ ਟਰਾਂਸਪੋਰਟ ਵਿਭਾਗ ਦੀਆਂ ਨਵੀਆਂ ਸੇਵਾਵਾਂ ਸ਼ੁਰੂ : ਵਿਧਾਇਕ ਰੰਧਾਵਾ



ਡੇਰਾ ਬਾਬਾ ਨਾਨਕ/ ਗੁਰਦਾਸਪੁਰ, 20 ਜੂਨ (ਹੈਪੀ ਕੋਟਲੀ): ਪੰਜਾਬ ਸਰਕਾਰ ਦੀ ਈ-ਗਵਰਨੈਂਸ ਵਿਭਾਗ ਵੱਲੋਂ ਸੇਵਾ ਕੇਂਦਰਾਂ 'ਚ ਮਾਲ ਵਿਭਾਗ ਦੀਆਂ ਛੇ ਨਵੀਆਂ ਸੇਵਾਵਾਂ ਤੇ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਈ-ਗਵਰਨੈਂਸ ਵਿੱਚ ਲਗਾਤਾਰ ਤੇਜ਼ੀ ਨਾਲ ਕੰਮ ਕਰਦੇ ਹੋਏ ਸੇਵਾ ਕੇਂਦਰਾਂ ਵੱਲੋਂ ਦਿੱਤੀ ਜਾਣ ਵਾਲੀਆਂ ਸੇਵਾਵਾਂ 'ਚ ਵਾਧਾ ਕੀਤਾ ਜਾ ਰਿਹਾ ਹੈ।

ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਨੇ ਮਾਲ ਵਿਭਾਗ ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਵਿਭਾਗ ਦੀਆਂ ਛੇ ਨਵੀਆਂ ਸੇਵਾਵਾਂ ਸੇਵਾ ਕੇਂਦਰ ਰਾਹੀਂ ਲਈ ਜਾ ਸਕਦੀਆਂ ਹਨ। ਹੁਣ ਡਿਜੀਟਲ ਫ਼ਰਦ ਸੇਵਾ ਕੇਂਦਰਾਂ 'ਚੋਂ ਲਈ ਜਾ ਸਕਦੀ ਹੈ ਅਤੇ ਇਹ ਫ਼ਰਦ ਬਿਨੈਕਰਤਾ ਦੇ ਫ਼ੋਨ 'ਤੇ ਵਟਸਐਪ ਨੰਬਰ 'ਤੇ ਵੀ ਭੇਜੀ ਜਾਵੇਗੀ। ਇਸੇ ਤਰ੍ਹਾਂ ਦੂਜੀ ਸੇਵਾ ਵਿੱਚ ਵਿਰਾਸਤੀ ਇੰਤਕਾਲ ਲਈ ਸੇਵਾ ਕੇਂਦਰ ਵਿੱਚ ਅਰਜ਼ੀ ਦਿੱਤੀ ਜਾ ਸਕਦੀ ਹੈ, ਤੀਜੀ ਸੇਵਾ 'ਚ ਰਜਿਸਟਰਡ ਵਸੀਕੇ ਦੇ ਆਧਾਰ ਇੰਤਕਾਲ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ, ਚੌਥੀ ਸੇਵਾ ਵਿੱਚ ਫ਼ਰਦ ਬਦਰ ਦੀ ਐਂਟਰੀ ਕਰਵਾਈ ਜਾ ਸਕਦੀ ਹੈ, ਜਿਸ ਵਿੱਚ ਫ਼ਰਦ ਦੇ ਰਿਕਾਰਡ ਵਿੱਚ ਦਰੁਸਤੀ ਕਰਵਾਈ ਜਾ ਸਕਦੀ ਹੈ।

ਇਸੇ ਤਰ੍ਹਾਂ ਪੰਜਵੀਂ ਸੇਵਾ ਵਿੱਚ ਰਪਟ ਦੀ ਐਂਟਰੀ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ, ਜਿਸ ਦੀ ਲੋਨ 'ਤੇ ਕੋਰਟ ਕੇਸਾਂ ਸਬੰਧੀ ਜ਼ਰੂਰਤ ਪੈਂਦੀ ਹੈ।

ਉਨ੍ਹਾਂ ਦੱਸਿਆ ਕਿ ਛੇਵੀਂ ਸੇਵਾ 'ਚ ਸਬਸਕ੍ਰਿਪਸ਼ਨ ਦੀ ਨਵੀਂ ਸਰਵਿਸ ਦਿੱਤੀ ਗਈ ਹੈ, ਜਿਸ ਵਿੱਚ ਬਿਨੈਕਰਤਾ ਆਪਣਾ ਜ਼ਮੀਨ ਦਾ ਖਾਤਾ ਦਿਰਜ ਕਰਵਾ ਕੇ ਉਸਨੂੰ ਸਕ੍ਰਾਈਬ ਕਰ ਸਕਦਾ ਹੈ, ਕਿਉਂਕਿ ਇਸ ਨਾਲ ਬਿਨੈਕਰਤਾ ਦੇ ਤੁਹਾਡੇ ਫ਼ੋਨ 'ਤੇ ਵਟਸਐਪ ਮੈਸੇਜ ਤੇ ਈਮੇਲ ਆਵੇਗੀ, ਜੇ ਕੋਈ ਵੀ ਉਨ੍ਹਾਂ ਦੀ ਜ਼ਮੀਨ ਦੇ ਇਸ ਖਾਤੇ ਨਾਲ ਛੇੜਛਾੜ ਕਰਦਾ ਹੈ-ਭਾਵ ਕੋਈ ਟ੍ਰਾਂਜੈਕਸ਼ਨ ਕਰਦਾ ਹੈ ਤਾਂ ਉਸ ਬਾਰੇ ਪਤਾ ਲੱਗ ਜਾਵੇਗਾ। ਇਸ ਤਰ੍ਹਾਂ ਲੋਕ ਕਿਤੇ ਵੀ ਬੈਠੇ ਅੱਪਡੇਟ ਪ੍ਰਾਪਤ ਕਰ ਸਕਦੇ ਹਨ।

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਲੋਕਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਨਿਰੰਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਇਨ੍ਹਾਂ ਸੇਵਾਵਾਂ ਨੂੰ ਘਰ ਬੈਠੇ ਹੀ ਲੈਣ ਲਈ 1076 ਨੰਬਰ ਡਾਇਲ ਕਰ ਸਕਦੇ ਹਾਂ, ਜਿਸ ਤੋਂ ਬਾਅਦ ਲੋਕ ਆਪਣੇ ਟਾਈਮ ਦੇ ਹਿਸਾਬ ਨਾਲ ਦੱਸ ਕੇ ਘਰੋਂ ਬੈਠੇ ਹੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹੋ। ਜਿਸ ਦੀ ਵਾਧੂ ਫ਼ੀਸ ਸਿਰਫ਼ 50 ਰੁਪਏ ਰੱਖੀ ਗਈ ਹੈ।

## ਗੁਰਦੁਆਰਾ ਕੰਗਾਂ ਵਾਲਾ ਖੂਹ ਵਿਖੇ ਗੁਰਮਤਿ ਸਮਾਗਮ ਕਰਵਾਇਆ



ਚੋਗਾਵਾਂ, 20 ਜੂਨ (ਸੁਭਗ ਸਿੰਘ ਸੋਨਾ): ਧੰਨ-ਧੰਨ ਬਾਬਾ ਵੱਡਭਾਗ ਸਾਹਿਬ ਜੀ ਦੀ ਯਾਦ 'ਚ ਗੁਰਦੁਆਰਾ ਕੰਗਾਂ ਵਾਲਾ ਖੂਹ ਪਿੰਡ ਮੋੜੇ ਕਲਾਂ ਵਿਖੇ ਮਹਾਨ ਗੁਰਮਤਿ ਸਮਾਗਮ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬਾਬਾ ਰਾਜਨ ਸਿੰਘ ਦੀ ਦੇਖ ਰੇਖ ਹੇਠ ਬੜੀ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ ਗਿਆ। ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸਜੇ ਸੁੰਦਰ ਦੀਵਾਨ ਹਾਲ ਦੇ ਵਿੱਚ ਭਾਈ ਬਲਬੀਰ ਸਿੰਘ ਪਾਰਸ ਦਾ ਢਾਡੀ ਜਥਾ, ਭਾਈ ਗੁਰਪ੍ਰੀਤ ਸਿੰਘ ਸੈਂਡੀਆਂ ਦਾ ਕਵੀਸ਼ਰੀ ਜਥਾ ਅਤੇ ਭਾਈ ਸੁਖਰਾਜ ਸਿੰਘ ਅਜ਼ਾਦ ਚੋਗਾਵਾਂ ਦੇ ਕਵੀਸ਼ਰੀ ਜਥੇ ਨੇ ਜੁੜ ਬੈਠੀ ਸਾਧ ਸੰਗਤ ਨੂੰ ਕਥਾ ਕੀਰਤਨ ਤੇ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮਹਾਨ ਗੁਰਮਤਿ ਸਮਾਗਮ ਦੇ ਵਿਚ ਸੰਤ ਬਾਬਾ ਗੁਰਬਚਨ ਸਿੰਘ ਸੁਰ ਸਿੰਘ ਵਾਲੇ, ਸੰਤ ਬਾਬਾ ਤਰਲੋਕ ਸਿੰਘ ਮੁਖੀ ਖਿਆਲੇ ਵਾਲੇ, ਬਾਬਾ ਰਘੁਬੀਰ ਖਿਆਲੇ ਵਾਲੇ, ਜਥੇ: ਬਾਬਾ ਨਾਹਰ ਸਿੰਘ ਸਾਧ, ਬਾਬਾ ਸ਼ਮਸ਼ੇਰ ਸਿੰਘ ਭਿੰਡੀਔਲਖ ਵਾਲੇ, ਬਾਬਾ ਸੁਖਦੇਵ ਸਿੰਘ, ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਕੁਲਬੀਰ ਸਿੰਘ ਕਾਰ ਸੇਵਾ ਗੁਰੂ ਕਾ ਬਾਗ, ਗੁਰਦੁਆਰਾ ਸੀਸ ਗੰਜ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਜੋਗਿੰਦਰ ਸਿੰਘ ਜੀ ਲੋਪੋਕੇ ਆਦਿ ਸੰਤ ਮਹਾਂਪੁਰਸ਼ਾਂ ਨੇ ਹਾਜ਼ਰੀਆਂ ਭਰੀਆਂ, ਇਸ ਮੌਕੇ 'ਤੇ ਬਾਬਾ ਰਾਜਨ ਸਿੰਘ ਜੀ ਦੇ ਵੱਲੋਂ ਆਏ ਹੋਏ ਰਾਗੀ ਢਾਡੀ, ਕਵੀਸ਼ਰੀ ਜਥੇ ਤੇ ਸੰਤ ਮਹਾਂਪੁਰਸ਼ਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸ਼ਾਮ ਦੇ ਵੇਲੇ ਨੂੰ ਕਬੱਡੀ ਮੈਚ ਦੇ ਦਲ ਪੰਥ ਵੱਲੋਂ ਮਹੱਲਾ ਖੇਡਿਆ ਗਿਆ, ਇਸ ਉਪਰੰਤ ਨਿਹੰਗ ਸਿੰਘਾਂ ਦੇ ਵੱਲੋਂ ਘੋੜ ਸਵਾਰੀ ਕਰਕੇ ਆਪਣੇ ਕਰਤਬ ਦਿਖਾਏ ਗਏ, ਇਸ ਉਪਰੰਤ ਸ਼ਾਮ ਦੇ ਵੇਲੇ ਨੂੰ ਦੋਵਾਂ ਟੀਮਾਂ ਵਿਚਾਲੇ ਕਬੱਡੀ ਦੇ ਮੁਕਾਬਲੇ ਵੀ ਦੇਖਣ ਨੂੰ ਮਿਲੇ, ਇਸ ਮੌਕੇ 'ਤੇ ਬਾਬਾ ਰਾਜਨ ਸਿੰਘ ਜੀ, ਬਾਬਾ ਕੁਲਬੀਰ ਸਿੰਘ ਜੀ ਕਾਰ ਸੇਵਾ ਗੁਰੂ ਕਾ ਬਾਗ ਬਾਬਾ ਜੋਗਿੰਦਰ ਸਿੰਘ ਜੀ ਲੋਪੋਕੇ ਜੀ ਦੇ ਵੱਲੋਂ ਜੇਤੂ ਟੀਮ ਨੂੰ ਮੈਡਲ ਟਰਾਫੀਆਂ ਤੇ ਨਗਦ ਹਜ਼ਾਰਾਂ ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ 'ਚ ਇਹ ਮਹਾਨ ਗੁਰਮਤਿ ਸਮਾਗਮ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਸੰਪੂਰਨ ਹੋ ਗਿਆ।

## ਪੀਰ ਬਾਬਾ ਸ਼ਾਹ ਬਖ਼ਤਿਆਰ ਦੀ ਦਰਗਾਹ ਤੇ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ



ਚੋਗਾਵਾਂ, 20 ਜੂਨ (ਸੁਭਗ ਸਿੰਘ ਸੋਨਾ): ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਵੈਰੋਕੇ ਵਿਖੇ ਪੀਰ ਬਾਬਾ ਸ਼ਾਹ ਬਖ਼ਤਿਆਰ ਜੀ ਦੀ ਦਰਗਾਹ 'ਤੇ ਸਾਲਾਨਾ ਸੱਭਿਆਚਾਰਕ ਮੇਲਾ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਤੇ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਬੜੀ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਮੇਲਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਮਨਿੰਦਰ ਸਿੰਘ ਬਿੱਟੂ ਔਲਖ, ਸਰਪੰਚ ਸੁਖਦੀਪ ਸਿੰਘ ਔਲਖ ਤੇ ਮੇਲਾ ਪ੍ਰਬੰਧਕਾਂ ਵੱਲੋਂ ਦਰਗਾਹ ਉੱਪਰ ਚਾਦਰ ਚੜ੍ਹਾ ਕੇ ਕੀਤੀ ਗਈ। ਪੀਰ ਬਾਬਾ ਸ਼ਾਹ ਬਖ਼ਤਿਆਰ ਵਿਖੇ ਆਸ ਪਾਸ ਦੇ ਪਿੰਡਾਂ ਤੋਂ ਸੰਗਤਾਂ ਹਜ਼ਾਰਾਂ ਦੀ ਗਿਣਤੀ 'ਚ ਨਤਮਸਤਕ ਹੋਈਆਂ ਤੇ ਸ਼ਰਧਾ ਦੇ ਨਾਲ ਮੱਥਾ ਟੇਕਿਆ, ਜ਼ਿਕਰਯੋਗ ਹੈ ਕਿ ਬਾਬਾ ਸ਼ਾਹ ਬਖ਼ਤਿਆਰ ਜੀ ਦੇ ਦਰ 'ਤੇ ਜਿਹੜੀਆਂ ਵੀ ਸੰਗਤਾਂ ਆਪਣੀਆਂ ਮਨੋਕਾਮਨਾਵਾਂ ਲੈ ਕੇ ਆਉਂਦੀਆਂ ਹਨ, ਉਹ ਝੋਲੀਆਂ ਭਰਕੇ ਘਰਾਂ ਨੂੰ ਵਾਪਸ ਜਾਂਦੀਆਂ ਹਨ। ਇਸ ਤੋਂ ਉਪਰੰਤ ਖੁੱਲ੍ਹੇ ਅਖਾੜੇ 'ਚ ਪੰਜਾਬ ਦੇ ਪ੍ਰਸਿੱਧ ਗਾਇਕ ਪ੍ਰਿੰਸ ਰੰਧਾਵਾ ਤੇ ਰੰਮੀ ਰੰਧਾਵਾ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੇ ਰਾਹੀਂ ਆਏ ਹੋਏ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ 'ਤੇ ਪ੍ਰਬੰਧਕਾਂ ਵੱਲੋਂ ਆਏ ਹੋਏ ਕਲਾਕਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੇਵਾਦਾਰਾਂ ਵੱਲੋਂ ਸੰਗਤਾਂ ਦੇ ਲਈ ਚਾਹ ਪਕੌੜੇ, ਠੰਢੇ ਮਿੱਠੇ ਜਲ ਦੀਆਂ ਛਬੀਲਾਂ ਤੇ ਹੋਰ ਅਨੇਕਾਂ ਪ੍ਰਕਾਰ ਦੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ 'ਤੇ ਸਰਪੰਚ ਬਿਕਰਮਜੀਤ ਸਿੰਘ ਔਲਖ, ਸੁਖਦੀਪ ਸਿੰਘ ਬੱਬੂ, ਡਾ. ਰਵੇਲ ਸਿੰਘ ਸਾਬਕਾ ਚੀਫ਼, ਦਲਜੀਤ ਸਿੰਘ ਸੈਕਟਰੀ, ਮੰਗਲ ਸਿੰਘ, ਬਲਰਾਜ ਸਿੰਘ, ਅੰਗਰੇਜ਼ ਸਿੰਘ, ਬਿਕਰਮਜੀਤ ਸਿੰਘ, ਜਗਦੀਪ ਸਿੰਘ, ਅੰਗਰੇਜ਼ ਸਿੰਘ, ਹਰਮਨਦੀਪ ਸਿੰਘ, ਡਾ. ਸਕੱਤਰ ਸਿੰਘ, ਪ੍ਰਭਦੀਪ ਸਿੰਘ, ਜੁਗਰਾਜ ਸਿੰਘ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ। ਅਖੀਰ ਦੇ 'ਚ ਇਹ ਮੇਲਾ ਆਪਣੀਆਂ ਮਿੱਠੀਆਂ ਯਾਦਾਂ ਛੱਡਦਾ ਹੋਇਆ ਸੰਪੂਰਨ ਹੋ ਗਿਆ।

## ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ 'ਚ ਲਿਆ ਭਾਗ

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਜੋ ਵੀ ਉਥੇ ਹੈ'' 'ਤੇ ਸਰਵਿਸ ਪ੍ਰੋਵਾਈਡਰ ਮੈਸ. ਪੀਐਸਬੀ ਅਲਾਇੰਸ (**Baanknet**), (8291220220) ਈਮੇਲ : **support.BAANKNET@psbaalaince.com** ਰਾਹੀਂ ਵੈਬਸਾਈਟ **https://baanknet.com/**ਦੁਆਰਾ ਕੀਤੀ ਜਾਵੇਗੀ।

**ਈ-ਨਿਲਾਮੀ ਦੀ ਮਿਤੀ : 15.07.2025 ਨੂੰ (ਬਾ.ਦੁ. 12.30 ਵਜੇ ਤੋਂ ਬਾ.ਦੁ. 01.30 ਵਜੇ)**
**ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 14.07.20 25 ਨੂੰ ਸ਼ਾਮ 5.00 ਵਜੇ ਤੱਕ**
(ਵਿਕਰੀ ਖਤਮ ਹੋਣ ਤੱਕ ਹਰੇਕ 5 ਮਿੰਟਾਂ ਦੀ ਮਿਆਦ ਦੇ ਅਸੀਮਿਤ ਵਾਧੇ ਸਮੇਤ)

| ਲ. ਨੰ. | ਸ਼ਾਖਾ ਦਾ ਨਾਮ/ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ ਅਤੇ ਪਤਾ | ਸੰਪੱਤੀ/ਆਂ ਦਾ ਸੰਖੇਪ ਵੇਰਵਾ | ਨਿਰਧਾਰਤ ਮਿਤੀ ਨੂੰ ਕੁੱਲ ਦੇਣਦਾਰੀਆਂ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. 'ਚ) | ਖਾਤਾ ਨੰਬਰ ਦੇ ਵੇਰਵੇ / ਆਈਐਫਐਸਸੀ ਕੋਡ / ਕਬਜ਼ੇ ਦੀ ਕਿਸਮ |
|---|---|---|---|---|---|---|
| 1. | 1. ਮੈਸਰਜ਼ ਹੈਲੀ ਇੰਡਸਟਰੀਅਲ ਕਾਰਪੋਰੇਸ਼ਨ (ਕਰਜ਼ਦਾਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001 ਪਤਾ 2:- ਭੰਕਾਰੀ ਇੰਡਸਟਰੀਅਲ ਏਰੀਆ ਭੱਦਖਲ ਪੋਲੀ ਰੋਡ ਆਇਲ ਲੂਬਸ ਸਿਸਟਮ ਦੇ ਪਿੱਛੇ ਪਿੰਡ ਭੰਕਾਰੀ ਫਰੀਦਾਬਾਦ ਹਰਿਆਣਾ 121001 2. ਸ਼੍ਰੀ ਮਹਿੰਦਰ ਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ (ਪ੍ਰੋਪਰਾਈਟਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਾਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001 ਪਤਾ 2:- ਹਾਊਸ ਨੰ. 621, ਸੈਕਟਰ 45 ਨੇੜੇ ਗਾਇਤਰੀ ਅਪਾਰਟਮੈਂਟ, ਫਰੀਦਾਬਾਦ ਹਰਿਆਣਾ, 121010, ਪਤਾ 3: ਮਕਾਨ ਨੰ. 691, ਆਬਾਦੀ ਅੰਮ੍ਰਿਤ ਵਿਹਾਰ ਪਿੰਡ ਚੱਕ ਜੀਂਦਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਪੰਜਾਬ 144001 ਪਤਾ 4:- ਮਕਾਨ ਨੰ. 338, ਸੈਕਟਰ 45 ਨੇੜੇ ਪਿੰਡ ਮੇਵਲਾ ਮਹਾਰਾਜਪੁਰ ਫਰੀਦਾਬਾਦ, ਹਰਿਆਣਾ, 121010 3. ਸ਼੍ਰੀਮਤੀ ਸੁਖਬੀਰ ਕੌਰ ਪਤਨੀ ਸ਼੍ਰੀ ਮਹਿੰਦਰ ਪਾਲ ਸਿੰਘ (ਜ਼ਾਮਨ/ਗਿਰਵੀਕਾਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001 ਪਤਾ 2:- ਮਕਾਨ ਨੰਬਰ:- ਮਕਾਨ ਨੰਬਰ 621, ਸੈਕਟਰ 45 ਗਾਇਤਰੀ ਅਪਾਰਟਮੈਂਟ ਨੇੜੇ, ਫਰੀਦਾਬਾਦ ਹਰਿਆਣਾ 121010 ਪਤਾ 3:- ਮਕਾਨ ਨੰਬਰ 691, ਅਬਾਦੀ ਅੰਮ੍ਰਿਤ ਵਿਹਾਰ ਪਿੰਡ ਚੱਕ ਜਿੰਦਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਪੰਜਾਬ 144001 ਪਤਾ 4:- ਮਕਾਨ ਨੰਬਰ 338, ਸੈਕਟਰ 45 ਪਿੰਡ ਮੇਵਲਾ ਮਹਾਰਾਜਪੁਰ ਨੇੜੇ ਫਰੀਦਾਬਾਦ, ਹਰਿਆਣਾ, 121010। | ਰਿਹਾਇਸ਼ੀ ਮਕਾਨ 691, ਜਿਸਦਾ ਮਾਪ 5 ਮਰਲਾ 40 ਵਰਗ ਫੁੱਟ (1400 ਵਰਗ ਫੁੱਟ) ਹੈ, ਜੋ ਕਿ ਹੱਦਬਸਤ ਨੰਬਰ 159 ਖਾਤਾ ਨੰਬਰ 8/8 ਮਿਨ/9, 9/8 ਮਿਨ/10, 11, 10/9/12 ਖਸਰਾ ਨੰਬਰ 2//1,2,6,7,8,9,13/2, 14/1,15,3//11,2//12/1,2//11, ਜੋ ਕਿ ਅਬਾਦੀ ਅੰਮ੍ਰਿਤ ਵਿਹਾਰ, ਪਿੰਡ ਚੱਕ ਜਿੰਦਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਵਿਖੇ ਸ਼੍ਰੀਮਤੀ ਸੁਖਬੀਰ ਕੌਰ ਪਤਨੀ ਸ਼੍ਰੀ ਮਹਿੰਦਰ ਪਾਲ ਸਿੰਘ ਦੇ ਨਾਮ 'ਤੇ ਸਥਿਤ ਹੈ। ਜਾਇਦਾਦ ਦੀ ਹੱਦ ਹੇਠ ਲਿਖੇ ਅਨੁਸਾਰ ਹੈ: (ਡੀਡ ਦੇ ਅਨੁਸਾਰ) ਉੱਤਰ: ਸੜਕ, ਦੱਖਣ: ਹੋਰ, ਪੂਰਬ: ਪਲਾਟ ਨੰਬਰ 690, ਪੱਛਮ: ਮਕਾਨ ਨੰਬਰ 692 | 17.07.2024 ਨੂੰ ਕੁੱਲ ਦੇਣਦਾਰੀਆਂ: ਰੁ. 80,74,567.47/- ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਖਰਚੇ (ਮਨਫੀ ਵਸੂਲੀ ਜੇਕਰ ਕੋਈ ਹੋਵੇ) | Rs. 29,00,000 | Rs. 2,90,000 | **209272434** / **CNRB0006290** / **ਭੌਤਿਕ ਕਬਜ਼ਾ** |

**ਹੋਰ ਨਿਯਮ ਅਤੇ ਸ਼ਰਤਾਂ :-**
ੳ. ਨਿਲਾਮੀ/ਬੋਲੀ ਵੈਬਸਾਈਟ **https://BAANKNET.com** ਰਾਹੀਂ ''**ਆਨਲਾਈਨ ਇਲੈਕਟ੍ਰੋਨਿਕ ਬੋਲੀ**'' ਰਾਹੀਂ ਹੀ ਕੀਤੀ ਜਾਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਈ-ਨਿਲਾਮੀ ਵਿਕਰੀ ਪ੍ਰਕਿਰਿਆਵਾਂ ਵਿਚ ਭਾਗ ਲੈਣ ਤੋਂ ਪਹਿਲਾਂ ਵਿਸਥਾਰਿਤ ਨਿਯਮਾਂ ਦੇ ਲਈ ਵੈਬਸਾਈਟ ਦੇਖ ਲੈਣ।
ਅ. ਸੰਪੱਤੀ ਦੀ ਜਾਂਚ 11.07.2025 ਨੂੰ **ਅਧਿਕਾਰਤ ਅਧਿਕਾਰੀ** ਤੋਂ ਅਗਾਊਂ ਪ੍ਰਵਾਨਗੀ ਲੈ ਕੇ ਕੀਤੀ ਜਾ ਸਕਦੀ ਹੈ।
ੲ. ਸੰਪੱਤੀ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਤੀਜੀ ਧਿਰ ਦੇ ਕਿਸੇ ਵੀ ਦਾਅਵੇ/ਅਧਿਕਾਰ/ਬਕਾਇਆਂ ਦੇ ਲਈ ਕਿਸੇ ਵੀ ਰੂਪ ਵਿਚ ਜੁਆਬਦੇਹ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਤਸੱਲੀ ਲਈ ਸੰਪੱਤੀ ਨਾਲ ਸਬੰਧਤ ਸਾਰੇ ਪੱਖਾਂ ਦੀ ਪੂਰਨ ਪੜਤਾਲ ਕਰ ਲੈਣੀ ਚਾਹੀਦੀ ਹੈ। ਬੋਲੀਕਾਰ ਨੂੰ ਉਨ੍ਹਾਂ ਦੇ ਆਪਣੇ ਹਿੱਤ ਵਿਚ ਸਲਾਹ ਦਿੱਤੀ ਜਾਂਦੀ ਹੈ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਆਪਣੀ ਤਸੱਲੀ ਲਈ ਸਬੰਧਤ ਅਧਿਕਾਰੀਆਂ ਤੋਂ ਸਵਾਲ ਅਧੀਨ ਅਚੱਲ ਸੁਰੱਖਿਅਤ ਅਸਾਸੇ ਦੇ ਆਕਾਰ/ਰਕਬੇ ਸਮੇਤ ਸੁਰੱਖਿਅਤ ਅਸਾਸਿਆਂ ਨਾਲ ਸਬੰਧਤ ਮਾਲਕੀ ਅਤੇ ਹੋਰ ਵੇਰਵਿਆਂ ਦੀ ਸੱਚਾਈ ਬਾਰੇ ਖੁਦ ਦੀ ਤਸੱਲੀ ਕਰ ਲੈਣ ਅਤੇ ਹੋਰ ਬਕਾਇਆਂ/ਦੇਣਦਾਰੀਆਂ/ਬੋਝ ਬਾਰੇ ਵੀ ਯਕੀਨੀ ਬਣਾ ਲੈਣ। ਖਰੀਦਦਾਰ ਕਿਸੇ ਬਾਅਦ ਦੀ ਮਿਤੀ ਨੂੰ ਇਸ ਸਬੰਧ ਵਿਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਿਆਂ ਖਿਲਾਫ਼ ਕੋਈ ਵੀ ਦਾਅਵਾ ਕਰਨ ਦੇ ਹੱਕਦਾਰ ਨਹੀਂ ਹੋਣਗੇ।
ਸ. ਕਿਸੇ ਵੀ ਰਕਮ ਦੇ ਭੁਗਤਾਨ ਵਿਚ ਕਿਸੇ ਵੀ ਕੁਤਾਹੀ ਦੀ ਸੂਰਤ ਵਿਚ ਜਾਂ ਜੇਕਰ ਉਕਤ ਦਰਸਾਈ ਸਮਾਂ ਹੱਦ ਦੇ ਅੰਦਰ ਖਰੀਦਦਾਰ/ਬੋਲੀਕਾਰ ਦੇ ਪੱਖ ਤੋਂ ਕੁਤਾਹੀ ਦੇ ਕਾਰਨ ਵਿਕਰੀ ਮੁਕੰਮਲ ਨਹੀਂ ਹੁੰਦੀ ਹੈ ਤਾਂ ਬੈਂਕ ਆਪਣੀ ਪੂਰਨ ਮਰਜ਼ੀ 'ਤੇ ਉਦੋਂ ਤੱਕ ਖਰੀਦਦਾਰ/ਬੋਲੀਕਾਰ ਵੱਲੋਂ ਅਦਾ ਕੀਤੀ ਸਾਰੀ ਰਕਮ ਨੂੰ ਜ਼ਬਤ ਕਰਨ ਅਤੇ ਸੁਰੱਖਿਅਤ ਅਸਾਸੇ (ਆਂ) ਨੂੰ ਦੁਬਾਰਾ ਵਿਕਰੀ 'ਤੇ ਪਾਉਣ ਦਾ ਹੱਕਦਾਰ ਹੋਵੇਗਾ। ਅੱਗੇ ਬੈਂਕ ਵੱਲੋਂ ਅਜਿਹੀ ਪੁਨਰ ਵਿਕਰੀ ਦੇ ਸੰਬੰਧ ਵਿਚ ਲਾਗੂ ਸਾਰੀਆਂ ਲਾਗਤਾਂ, ਖਰਚੇ ਦੋਸ਼ੀ ਖਰੀਦਦਾਰ ਵੱਲੋਂ ਉਠਾਏ ਅਤੇ ਅਦਾ ਕੀਤੇ ਜਾਣਗੇ।
ਹ. ਸੰਪੱਤੀ ਰਾਖਵੀਂ ਕੀਮਤ ਤੋਂ ਘੱਟ 'ਤੇ ਨਹੀਂ ਵੇਚੀ ਜਾਵੇਗੀ ਅਤੇ ਭਾਗੀਦਾਰ ਬੋਲੀਕਾਰ ਨਿਲਾਮੀ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਵਿਚ ਹੋਰ ਸੁਧਾਰ ਕਰ ਸਕਦੇ ਹਨ।
ਕ. ਰਾਖਵੀਂ ਕੀਮਤ ਦੇ 10% ਦੀ ਬਿਆਨਾ ਰਕਮ ਰਾਸ਼ੀ 14.07.2025, **ਸ਼ਾਮ 5.00 ਵਜੇ ਤੱਕ** ਜਾਂ ਪਹਿਲਾਂ ਦਰਸਾਏ ਚਲਾਨ ਵਿਚ ਦਰਸਾਏ ਖਾਤਾ ਵੇਰਵਿਆਂ ਵਿਚ **ਆਰਟੀਜੀਐਸ/ਐਨਈਐਫਟੀ** ਰਾਹੀਂ ਬਿਆਨਾ ਰਕਮ ਜਮ੍ਹਾਂ ਕਰਨ ਲਈ ਚਲਾਨ ਦੇ ਸੰਚਾਲਨ ਦੁਆਰਾ ਜਾਂ ਸਿੱਧੇ ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ (Baanknet) ਪੋਰਟਲ ਦੇ ਈ-ਵੈਲੇਟ ਵਿਚ ਜਮ੍ਹਾਂ ਕੀਤੀ ਜਾਵੇਗੀ।
ਖ਼. ਇੱਛੁਕ ਬੋਲੀਕਾਰਾਂ ਕੋਲ ਜਾਇਜ਼ ਡਿਜੀਟਲ ਹਸਤਾਖ਼ਰ ਪ੍ਰਮਾਣ ਪੱਤਰ ਅਤੇ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਡਿਜੀਟਲ ਹਸਤਾਖ਼ਰ ਦੇ ਸਬੰਧ ਵਿਚ ਵੇਰਵਿਆਂ ਦੇ ਲਈ ਕਿਰਪਾ ਕਰਕੇ ਵੈਬਸਾਈਟ https://baanknet.com/ ਰਾਹੀਂ ਸਰਵਿਸ ਪ੍ਰੋਵਾਈਡਰ ਮੈਸ. ਪੀਐਸਬੀ ਅਲਾਇੰਸ (Baanknet), ਹੈਲਪ ਡੈਸਕ ਨੰਬਰ (8291220220), **ਈ-ਮੇਲ : support.baanknet@psballiance.com** 'ਤੇ ਸੰਪਰਕ ਕਰਨ।
ਗ. ਬਿਆਨਾ ਰਕਮ ਰਾਸ਼ੀ ਦੇ ਭੁਗਤਾਨ ਉਪਰੰਤ ਇੱਛੁਕ ਬੋਲੀਕਾਰਾਂ ਨੂੰ ਦਸਤੀ ਜਾਂ ਈਮੇਲ ਦੁਆਰਾ ਕੇਨਰਾ ਬੈਂਕ, ਏਆਰਐਮ ਸ਼ਾਖਾ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਡਿਵੈਂਚਰ, ਨਮਸਤੇ ਚੌਕ, ਕਰਨਾਲ ਵਿਖੇ **14.07.2025 ਨੂੰ ਸ਼ਾਮ 5.00 ਵਜੇ ਤੱਕ** ਜਾਂ ਪਹਿਲਾਂ ਨਿਮਨ ਲਿਖਤ ਦਸਤਾਵੇਜ਼/ਵੇਰਵਿਆਂ ਦਾ ਉਤਾਰਾ ਜਮ੍ਹਾਂ ਕਰਨਾ ਹੋਵੇਗਾ।
1) ਆਰਟੀਜੀਐਸ/ਐਨਈਐਫਟੀ ਰਾਹੀਂ ਅਦਾ ਕੀਤੀ ਗਈ ਬਿਆਨਾ ਰਕਮ ਰਾਸ਼ੀ ਦੇ ਲਈ ਡਿਮਾਂਡ ਡਰਾਫਟ/ਭੁਗਤਾਨ ਆਦੇਸ਼, ਯੂ.ਟੀ.ਆਰ. ਨੰਬਰ ਸਮੇਤ ਪਹੁੰਚ ਰਸੀਦ।
2) ਪੈਨ ਕਾਰਡ, ਪਛਾਣ ਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਉਤਾਰੇ। ਫਿਰ ਵੀ, ਸਫਲ ਬੋਲੀਕਾਰ ਨੂੰ ਬੋਲੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਦੇ ਸਮੇਂ ਬੈਂਕ ਨੂੰ ਮੂਲ ਰੂਪ ਵਿਚ ਇਹ ਦਸਤਾਵੇਜ਼ ਪੇਸ਼ ਕਰਨੇ ਹੋਣਗੇ।
3) ਬੋਲੀਕਾਰ ਦਾ ਨਾਮ, ਸੰਪਰਕ ਨੰਬਰ, ਪਤਾ, ਈ-ਮੇਲ ਆਈ.ਡੀ.।
4) ਬਿਆਨਾ ਰਕਮ ਦੇ ਆਨਲਾਈਨ ਰੀਫੰਡ ਲਈ ਬੋਲੀਕਾਰ ਦੇ ਖਾਤਾ ਵੇਰਵੇ।
ਘ. ਇੱਛੁਕ ਬੋਲੀਕਾਰਾਂ ਨੂੰ ਪੋਰਟਲ **https://baanknet.com/** 'ਤੇ ਆਪਣੇ ਨਾਂਵਾਂ ਦਾ ਪੰਜੀਕਰਨ ਕਰਨਾ ਹੋਵੇਗਾ ਅਤੇ ਮੁਫ਼ਤ ਵਿਚ ਯੂਜ਼ਰ ਆਈ.ਡੀ. ਅਤੇ ਪਾਸਵਰਡ ਹਾਸਲ ਕਰਨੇ ਹੋਣਗੇ। ਇੱਛੁਕ ਬੋਲੀਕਾਰ ਸਰਵਿਸ ਪ੍ਰੋਵਾਈਡਰ **ਮੈਸ. ਪੀਅਸਬੀ ਅਲਾਇੰਸ (Baanknet) ਹੈਲਪ ਡੈਸਕ ਨੰਬਰ** (8291220220), **(ਈ-ਮੇਲ : support.baanknet@psballiance.com) ਅਤੇ ਸ੍ਰੀ ਅਨਿਮੇਸ਼ ਜੈਨ**, ਮੋਬਾ. 7046612345 **ਵੈਬਸਾਈਟ https://baanknet.com/ ਰਾਹੀਂ ਈਮੇਲ** (**ਈਮੇਲ : animesh@procure247.com**) ਈ-ਨਿਲਾਮੀ 'ਤੇ ਆਨਲਾਈਨ ਸਿਖਲਾਈ ਹਾਸਲ ਕਰ ਸਕਦੇ ਹਨ।
ਙ. ਅਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਗਈ ਜਮ੍ਹਾਂ ਬਿਆਨਾ ਰਕਮ ਉਨ੍ਹਾਂ ਨੂੰ ਰੀਫੰਡ ਕਰ ਦਿੱਤੀ ਜਾਵੇਗੀ। ਜਮ੍ਹਾਂ ਬਿਆਨਾ ਰਕਮ 'ਤੇ ਕੋਈ ਵਿਆਜ ਨਹੀਂ ਮਿਲੇਗਾ।
ਬਿਆਨਾ ਰਕਮ ਵਿਕਰੀ ਦੇ ਮੁਕੰਮਲ ਹੋਣ ਦੇ 2 ਦਿਨਾਂ ਦੇ ਅੰਦਰ ਉਨ੍ਹਾਂ ਨੂੰ ਮੋੜ ਦਿੱਤੀ ਜਾਵੇਗੀ। ਬਿਆਨਾਂ ਰਕਮ 'ਤੇ ਕੋਈ ਵਿਆਜ ਲਾਗੂ ਨਹੀਂ ਹੋਵੇਗਾ।
ਚ. ਨਿਲਾਮੀ ਉਕਤ ਦਰਸਾਏ ਅਨੁਸਾਰ ਰਾਖਵੀਂ ਕੀਮਤ 'ਤੇ ਸ਼ੁਰੂ ਹੋਵੇਗਾ। ਬੋਲੀਕਾਰ **ਰੁ**. 50,000/- ਦੇ ਗੁਣਾਂਕ ਵਿਚ ਆਪਣੀਆਂ ਪੇਸ਼ਕਸ਼ਾਂ ਵਿਚ ਸੁਧਾਰ ਕਰਨਗੇ। ਬੋਲੀਕਾਰ ਜੋ **'ਆਨਲਾਈਨ'** ਨਿਲਾਮੀ ਦੇ ਬੰਦ ਹੋਣ 'ਤੇ ਸਭ ਤੋਂ ਉਚੀ ਬੋਲੀ (ਰਾਖਵੀਂ ਕੀਮਤ ਤੋਂ ਘੱਟ ਨਹੀਂ) ਪੇਸ਼ ਕਰੇਗਾ, ਉਸ ਨੂੰ ਸਫਲ ਬੋਲੀਕਾਰ ਵਜੋਂ ਐਲਾਨਿਆ ਜਾਵੇਗਾ। ਵਿਕਰੀ ਦੀ ਪੁਸ਼ਟੀ ਸਫਲ ਬੋਲੀਕਾਰ ਦੇ ਪੱਖ ਵਿਚ ਕੀਤੀ ਜਾਵੇਗੀ, ਜੋ ਕਿ ਸੁਰੱਖਿਅਤ ਕਰਜ਼ਦਾਤਾ ਵੱਲੋਂ ਪੁਸ਼ਟੀ ਨਾਲ ਸਬੰਧਤ ਹੈ।
ਛ. ਸਫਲ ਬੋਲੀਕਾਰ ਖੁਦ ਨੂੰ ਸਫਲ ਬੋਲੀਕਾਰ ਵਜੋਂ ਐਲਾਨੇ ਜਾਣ 'ਤੇ ਤੁਰੰਤ ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸਮੇਤ) ਦਾ 25% ਜਮ੍ਹਾਂ ਕਰੇਗਾ ਅਤੇ ਬਕਾਇਆ ਸੁਰੱਖਿਅਤ ਕਰਜ਼ਦਾਤਾ ਵੱਲੋਂ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰੇਗਾ। ਇਹ ਰਕਮ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ, ਏਆਰਐਮ ਸ਼ਾਖਾ ਦੇ ਪੱਖ ਵਿਚ ਡਿਮਾਂਡ ਡਰਾਫਟ ਦੇ ਮਾਧਿਅਮ ਦੁਆਰਾ ਜਮ੍ਹਾਂ ਕੀਤੀ ਜਾਵੇਗੀ ਜਾਂ ਕੇਨਰਾ ਬੈਂਕ, ਏਆਰਐਮ ਸ਼ਾਖਾ, **ਖਾਤਾ ਨੰਬਰ 209272434, ਆਈਐਫਐਸਸੀ ਕੋਡ : ਸੀਐਨਆਰਬੀ**0006290 ਦੇ ਖਾਤੇ ਵਿਚ ਕ੍ਰੈਡਿਟ ਲਈ ਆਰਟੀਜੀਐਸ/ਐਨਈਐਫਟੀ/ਫੰਡ ਟਰਾਂਸਫਰ ਰਾਹੀਂ ਜਮ੍ਹਾਂ ਕੀਤੀ ਜਾਵੇਗੀ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਅਦਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕੀਤੀ ਰਕਮ ਬਿਨਾਂ ਕਿਸੇ ਸੂਚਨਾ ਤੋਂ ਅਧਿਕਾਰਤ ਅਧਿਕਾਰੀ ਵੱਲੋਂ ਜ਼ਬਤ ਕਰ ਲਈ ਜਾਵੇਗੀ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ 'ਤੇ ਪਾਉਣ ਲਈ ਰੱਖ ਲਿਆ ਜਾਵੇਗਾ।
ਜ. ਰੁ. 50.00 ਲੱਖ (ਰੁਪਏ ਪੰਜਾਹ ਲੱਖ) ਅਤੇ ਵੱਧ ਦੀ ਵਿਕਰੀ ਵਸੂਲੀ ਦੇ ਲਈ ਸਫ਼ਲ ਬੋਲੀਕਾਰ ਨੂੰ ਵਿਕਰੀ ਵਸੂਲੀ 'ਤੇ 1% ਦੀ ਦਰ 'ਤੇ ਟੀਡੀਐਸ ਦੀ ਕਟੌਤੀ ਕਰਨੀ ਹੋਵੇਗੀ ਅਤੇ ਟੀਡੀਐਸ ਪ੍ਰਮਾਣ ਪੱਤਰ ਦੀ ਮੂਲ ਰਸੀਦ ਬੈਂਕ ਨੂੰ ਪੇਸ਼ ਕਰਨੀ ਹੋਵੇਗੀ।
ਝ. ਕਨਵੇਐਂਸ, ਸਟੈਂਪ ਡਿਊਟੀ/ਜੀਐਸਟੀ/ਪੰਜੀਕਰਨ ਫੀਸਾਂ ਆਦਿ ਸਬੰਧੀ ਸਾਰੇ ਖਰਚੇ ਕੇਵਲ ਸਫਲ ਬੋਲੀਕਾਰ ਵੱਲੋਂ ਚੁੱਕੇ ਜਾਣਗੇ।
ਞ. ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮਾਂ ਵਿਚ ਤਬਦੀਲੀ ਕਰਨ ਜਾਂ ਇਸ ਨੂੰ ਮੁਲਤਵੀ/ਰੱਦ ਕਰਨ ਦਾ ਹੱਕ ਰਾਖਵਾਂ ਹੈ।
ਟ. ਅਜਿਹੇ ਬੋਲੀਕਾਰ ਹੋਣ ਦੀ ਸੂਰਤ ਵਿਚ ਜਿਨ੍ਹਾਂ ਕੋਲ ਇੰਟਰਨੈਟ ਦੀ ਪਹੁੰਚ ਨਹੀਂ ਹੈ ਪਰ ਜੋ ਈ-ਨਿਲਾਮੀ ਵਿਚ ਭਾਗ ਲੈਣ ਦੇ ਇੱਛੁਕ ਹਨ, ਉਹ ਸਬੰਧਤ ਸਰਕਲ ਦਫ਼ਤਰ ਜਾਂ ਕੇਨਰਾ ਬੈਂਕ, ਏਆਰਐਮਬੀ, ਨਾਵਲਟੀ ਰੋਡ, ਕਰਨਾਲ ਸ਼ਾਖਾ ਕੋਲ ਪਹੁੰਚ ਕਰ ਸਕਦੇ ਹਨ, ਜੋ ਕਿ ਸੁਵਿਧਾ ਕੇਂਦਰ ਵਜੋਂ ਲੋੜੀਂਦੇ ਪ੍ਰਬੰਧ ਕਰਨਗੇ।
ਠ. ਹੋਰ ਵੇਰਵਿਆਂ ਲਈ ਕਿਸੇ ਵੀ ਕੰਮ ਵਾਲੇ ਦਿਨ ਨੂੰ ਦਫ਼ਤਰੀ ਘੰਟਿਆਂ ਦੌਰਾਨ ਸ੍ਰੀ ਰਣਜੀਤ ਕੁਮਾਰ ਮੁੱਖ ਪ੍ਰਬੰਧਕ, ਕੇਨਰਾ ਬੈਂਕ, ਅਸੈਟ ਰਿਕਰਵੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ), ਕਰਨਾਲ ਫੋਨ ਨੰ. 0184-4041820, 85728-16290, ਈ-ਮੇਲ ਆਈਡੀ : cb6290@canarabank.com ਜਾਂ **ਸਰਵਿਸ ਪ੍ਰੋਵਾਈਡਰ BAANKNET** (**ਮੈਸ਼ ਪੀਐਸਬੀ ਅਲਾਇੰਸ ਪ੍ਰਾ. ਲਿਮ.**) (ਸੰਪਰਕ ਨੰਬਰ 7046612345/6354910172/8291220220/98922/19848/8160205051, ਈਮੇਲ : support.BAANKNET@psballiance.com) ਰਾਹੀਂ ਸੰਪਰਕ ਕਰੋ।

**ਵਿਸ਼ੇਸ਼ ਹਦਾਇਤ/ਚੇਤਾਵਨੀ**
ਬੋਲੀਕਾਰਾਂ ਵੱਲੋਂ ਉਨ੍ਹਾਂ ਦੇ ਆਪਣੇ ਹਿੱਤ ਵਿਚ ਆਖਰੀ ਮਿੰਟਾਂ/ਸਕਿੰਟਾਂ ਵਿਚ ਬੋਲੀ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਨਾ ਤਾਂ ਕੇਨਰਾ ਬੈਂਕ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕਰੀਕਾਰ ਦੇ ਵੱਲੋਂ ਕਿਸੇ ਤਰੁੱਟੀ/ਅਸਫਲਤਾ (ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ। ਅਜਿਹੀ ਅਚਨਚੇਤ ਸਥਿਤੀ ਨੂੰ ਟਾਲਣ ਦੇ ਸੰਬੰਧ ਵਿਚ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਬਿਜਲੀ ਸਪਲਾਈ ਅਤੇ ਜੋ ਵੀ ਅਜਿਹਾ ਲੋੜੀਂਦਾ ਹੋਵੇ ਵਰਗੇ ਲੋੜੀਂਦੇ ਪ੍ਰਬੰਧ/ਵਿਕਲਪ ਬਣਾ ਕੇ ਰੱਖਣ ਤਾਂ ਜੋ ਉਹ ਅਜਿਹੀ ਅਚਨਚੇਤੀ ਸਥਿਤੀ ਨਾਲ ਨਜਿੱਠਣ ਦੇ ਸਮਰਥ ਹੋਣ ਅਤੇ ਸਫਲਤਾਪੂਰਵਕ ਨਿਲਾਮੀ ਵਿਚ ਭਾਗ ਲੈ ਸਕਣ।

**ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**
**ਮਿਤੀ : 21.06.2025** **ਸਥਾਨ : ਕਰਨਾਲ** **ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ**

## ਕੌਮਾਂਤਰੀ ਯੋਗਾ ਦਿਵਸ 'ਤੇ ਵਿਸ਼ੇਸ਼

# ਯੋਗਾ





# ਚੋਟੀ ਦੇ 5 ਮਾਨਸਿਕ ਲਾਭ

### ਯੋਗਾ ਕੀ ਹੈ?

ਯੋਗਾ ਇੱਕ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਅਭਿਆਸ ਹੈ ਜੋ 5,000 ਸਾਲ ਪਹਿਲਾਂ ਪ੍ਰਾਚੀਨ ਭਾਰਤ ਵਿੱਚ ਸ਼ੁਰੂ ਹੋਇਆ ਸੀ। "ਯੋਗ" ਸ਼ਬਦ ਸੰਸਕ੍ਰਿਤ ਦੇ ਸ਼ਬਦ "ਯੁਜ" ਤੋਂ ਆਇਆ ਹੈ, ਜਿਸਦਾ ਅਰਥ ਹੈ ਜੂਲਾ ਜਾਂ ਇਕਜੁੱਟ ਹੋਣਾ। ਇਸ ਤਰ੍ਹਾਂ, ਯੋਗਾ ਨੂੰ ਅਕਸਰ ਅਭਿਆਸਾਂ ਦੀ ਇੱਕ ਪ੍ਰਣਾਲੀ ਵਜੋਂ ਦਰਸਾਇਆ ਜਾਂਦਾ ਹੈ ਜਿਸਦਾ ਉਦੇਸ਼ ਸਰੀਰ ਨੂੰ ਏਕੀਕ੍ਰਿਤ ਅਤੇ ਮੇਲ ਖਾਂਦਾ ਹੈ, ਮਨ, ਅਤੇ ਆਤਮਾ.

ਇਸਦੇ ਮੂਲ ਰੂਪ ਵਿੱਚ, ਯੋਗਾ ਵਿੱਚ ਵੱਖ ਵੱਖ ਸਰੀਰਕ ਆਸਣ (ਆਸਨ), ਸਾਹ ਲੈਣ ਦੀਆਂ ਤਕਨੀਕਾਂ (ਪ੍ਰਾਣਾਯਾਮ), ਅਤੇ ਧਿਆਨ ਅਭਿਆਸ ਸ਼ਾਮਲ ਹੁੰਦੇ ਹਨ ਜੋ ਸਰੀਰਕ ਤਾਕਤ, ਲਚਕਤਾ, ਸੰਤੁਲਨ, ਅਤੇ ਸਮੁੱਚੇ ਤੌਰ 'ਤੇ ਵਧਾਉਣ ਵਿੱਚ ਮਦਦ ਕਰਦੇ ਹਨ।

ਹਾਲਾਂਕਿ, ਯੋਗਾ ਸਿਰਫ਼ ਇੱਕ ਸਰੀਰਕ ਅਭਿਆਸ ਨਾਲੋਂ ਬਹੁਤ ਜ਼ਿਆਦਾ ਹੈ; ਇਹ ਇੱਕ ਅਧਿਆਤਮਿਕ ਅਤੇ ਦਾਰਸ਼ਨਿਕ ਪ੍ਰਣਾਲੀ ਵੀ ਹੈ ਜੋ ਨੈਤਿਕ ਦਿਸ਼ਾ-ਨਿਰਦੇਸ਼ਾਂ ਨੂੰ ਸ਼ਾਮਲ ਕਰਦੀ ਹੈ, ਜਿਵੇਂ ਕਿ ਅਹਿੰਸਾ (ਅਹਿੰਸਾ) ਅਤੇ ਸੱਚਾਈ (ਸਤਿਆ) ਦਾ ਅਭਿਆਸ। ਨਾਲ ਹੀ, ਧਿਆਨ ਦੀਆਂ ਤਕਨੀਕਾਂ ਮਨ ਨੂੰ ਸ਼ਾਂਤ ਕਰਨ ਅਤੇ ਸਵੈ-ਜਾਗਰੂਕਤਾ ਦੀ ਵਧੇਰੇ ਡੂੰਘੀ ਭਾਵਨਾ ਨਾਲ ਜੁੜਨ ਵਿੱਚ ਮਦਦ ਕਰਦੀਆਂ ਹਨ।

ਇਸ ਤੋਂ ਇਲਾਵਾ, ਦੁਨੀਆ ਭਰ ਵਿੱਚ ਲੱਖਾਂ ਲੋਕ ਯੋਗਾ ਦਾ ਅਭਿਆਸ ਕਰਦੇ ਹਨ। ਬਹੁਤ ਸਾਰੀਆਂ ਵੱਖਰੀਆਂ ਸ਼ੈਲੀਆਂ ਹਨ ਅਤੇ ਪਰੰਪਰਾ ਯੋਗਾ ਦੇ, ਹਠ ਯੋਗਾ, ਅਸ਼ਟਾਂਗ ਯੋਗਾ, ਅਯੰਗਰ ਯੋਗਾ, ਕੁੰਡਲਨੀ ਯੋਗਾ, ਅਤੇ ਹੋਰ ਬਹੁਤ ਸਾਰੇ ਸਮੇਤ।

ਯੋਗਾ ਮਾਨਸਿਕ ਲਾਭਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਨ ਲਈ ਜਾਣਿਆ ਜਾਂਦਾ ਹੈ, ਇੱਥੇ ਚੋਟੀ ਦੇ 5 ਹਨ:

### 1. ਤਣਾਅ ਘਟਾਉਣਾ

ਯੋਗਾ ਦੇ ਸਭ ਤੋਂ ਜਾਣੇ-ਪਛਾਣੇ ਮਾਨਸਿਕ ਲਾਭਾਂ ਵਿੱਚੋਂ ਇੱਕ ਹੈ ਤਣਾਅ ਘਟਾਉਣ ਦੀ ਸਮਰੱਥਾ। ਯੋਗਾ ਪੈਰਾਸਿਮਪੈਥੀਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਨ ਵਿੱਚ ਮਦਦ ਕਰਦਾ ਹੈ, ਜੋ ਤਣਾਅ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਵਿੱਚ ਮਦਦ ਕਰ ਸਕਦਾ ਹੈ ਅਤੇ ਚਿੰਤਾ.

### 2.ਵਧੀ ਹੋਈ ਸਿਆਣਪਤਾ:

ਮਾਈਂਡਫੁਲਨੇਸ ਇਸ ਸਮੇਂ ਪੂਰੀ ਤਰ੍ਹਾਂ ਮੌਜੂਦ ਹੋਣ ਦਾ ਅਭਿਆਸ ਹੈ, ਅਤੇ ਯੋਗਾ ਇਸ ਹੁਨਰ ਨੂੰ ਪੈਦਾ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਤਰ੍ਹਾਂ, ਯੋਗਾ ਦੇ ਅਭਿਆਸ ਦੁਆਰਾ, ਵਿਅਕਤੀ ਆਪਣੇ ਸਰੀਰ, ਸਾਹ ਅਤੇ ਸੰਵੇਦਨਾਵਾਂ ਵੱਲ ਧਿਆਨ ਦੇਣਾ ਸਿੱਖਦੇ ਹਨ, ਜੋ ਉਹਨਾਂ ਦੇ ਰੋਜ਼ਾਨਾ ਜੀਵਨ ਵਿੱਚ ਮੌਜੂਦ ਰਹਿਣ ਅਤੇ ਧਿਆਨ ਕੇਂਦਰਿਤ ਕਰਨ ਦੀ ਉਹਨਾਂ ਦੀ ਯੋਗਤਾ ਵਿੱਚ ਸੁਧਾਰ ਕਰ ਸਕਦੇ ਹਨ।

### 3. ਮੂਡ ਵਿੱਚ ਸੁਧਾਰ:

ਮੂਡ ਵਿੱਚ ਸੁਧਾਰ ਕਰਨ ਅਤੇ ਡਿਪਰੈਸ਼ਨ ਅਤੇ ਚਿੰਤਾ ਦੇ ਲੱਛਣਾਂ ਨੂੰ ਘਟਾਉਣ ਲਈ ਨਿਯਮਤ ਯੋਗਾ ਅਭਿਆਸ ਦਿਖਾਇਆ ਗਿਆ ਹੈ। ਸਾਹ ਲੈਣ ਦੀਆਂ ਤਕਨੀਕਾਂ, ਸਰੀਰਕ ਗਤੀਵਿਧੀ, ਅਤੇ ਧਿਆਨ 'ਤੇ ਯੋਗਾ ਦਾ ਜ਼ੋਰ ਦਿਮਾਗ ਵਿੱਚ ਸੇਰੋਟੋਨਿਨ ਅਤੇ ਹੋਰ ਮੂਡ-ਨਿਯੰਤ੍ਰਿਤ ਨਿਊਰੋਟ੍ਰਾਂਸਮੀਟਰਾਂ ਦੇ ਪੱਧਰ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।

### 4. ਬਿਹਤਰ ਨੀਂਦ:

ਯੋਗਾ ਨੂੰ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਇਨਸੌਮਨੀਆ ਨੂੰ ਘਟਾਉਣ ਲਈ ਦਿਖਾਇਆ ਗਿਆ ਹੈ। ਯੋਗਾ ਦੀਆਂ ਆਰਾਮ ਦੀਆਂ ਤਕਨੀਕਾਂ ਅਤੇ ਸਾਹ ਲੈਣ ਦੀਆਂ ਕਸਰਤਾਂ ਮਨ ਨੂੰ ਸ਼ਾਂਤ ਕਰਨ ਅਤੇ ਸਰੀਰ ਨੂੰ ਨੀਂਦ ਲਈ ਤਿਆਰ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

### 5. ਸਵੈ-ਜਾਗਰੂਕਤਾ ਵਿੱਚ ਵਾਧਾ:

ਯੋਗਾ ਵਿਅਕਤੀਆਂ ਨੂੰ ਉਹਨਾਂ ਦੇ ਵਿਚਾਰਾਂ, ਭਾਵਨਾਵਾਂ ਅਤੇ ਵਿਵਹਾਰ ਦੇ ਨਮੂਨਿਆਂ ਬਾਰੇ ਵਧੇਰੇ ਜਾਗਰੂਕ ਹੋਣ ਵਿੱਚ ਮਦਦ ਕਰ ਸਕਦਾ ਹੈ। ਸਵੈ-ਪ੍ਰਤੀਬਿੰਬ ਅਤੇ ਆਤਮ-ਨਿਰੀਖਣ ਦੇ ਅਭਿਆਸ ਦੁਆਰਾ, ਵਿਅਕਤੀ ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਸੰਸਾਰ ਨਾਲ ਆਪਣੇ ਸਬੰਧਾਂ ਬਾਰੇ ਡੂੰਘੀ ਸਮਝ ਵਿਕਸਿਤ ਕਰ ਸਕਦੇ ਹਨ। ਇਹ ਵਧੀ ਹੋਈ ਸਵੈ-ਜਾਗਰੂਕਤਾ ਵਧੇਰੇ ਸਵੈ-ਸਵੀਕ੍ਰਿਤੀ, ਸਵੈ-ਵਿਸ਼ਵਾਸ, ਅਤੇ ਸਮੁੱਚੀ ਤੰਦਰੁਸਤੀ ਵੱਲ ਲੈ ਜਾ ਸਕਦੀ ਹੈ।

### ਯੋਗਾ ਨੀਂਦ ਵਿੱਚ ਕਿਵੇਂ ਮਦਦ ਕਰਦਾ ਹੈ?

ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਲਈ ਯੋਗਾ ਦੇ ਫਾਇਦਿਆਂ ਬਾਰੇ ਟਿਪ 4 'ਤੇ ਵਿਸਥਾਰ ਕਰਨਾ। ਅਧਿਐਨਾਂ ਨੇ ਦਿਖਾਇਆ ਹੈ ਕਿ ਨਿਯਮਿਤ ਤੌਰ 'ਤੇ ਯੋਗਾ ਦਾ ਅਭਿਆਸ ਕਰਨਾ ਵਿਅਕਤੀਆਂ ਨੂੰ ਤੇਜ਼ੀ ਨਾਲ ਸੌਣ, ਲੰਬੇ ਸਮੇਂ ਤੱਕ ਸੌਣ ਅਤੇ ਡੂੰਘੀ, ਵਧੇਰੇ ਆਰਾਮਦਾਇਕ ਨੀਂਦ ਦਾ ਅਨੁਭਵ ਕਰਨ ਵਿੱਚ ਮਦਦ ਕਰ ਸਕਦਾ ਹੈ।

ਯੋਗਾ ਦੀਆਂ ਆਰਾਮ ਦੀਆਂ ਤਕਨੀਕਾਂ, ਜਿਵੇਂ ਕਿ ਕੋਮਲ ਖਿੱਚ, ਡੂੰਘੇ ਸਾਹ ਅਤੇ ਧਿਆਨ, ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਨ ਅਤੇ ਸਰੀਰ ਨੂੰ ਨੀਂਦ ਲਈ ਤਿਆਰ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਸਰੀਰ ਵਿੱਚ ਤਣਾਅ ਅਤੇ ਤਣਾਅ ਨੂੰ ਘਟਾ ਕੇ, ਯੋਗਾ ਇਨਸੌਮਨੀਆ ਅਤੇ ਨੀਂਦ ਦੀਆਂ ਹੋਰ ਬਿਮਾਰੀਆਂ ਦੇ ਲੱਛਣਾਂ ਨੂੰ ਵੀ ਦੂਰ ਕਰ ਸਕਦਾ ਹੈ।

ਨੀਂਦ ਲਈ ਯੋਗਾ ਦੇ ਮੁੱਖ ਫਾਇਦੇ

ਨੀਂਦ ਲਈ ਯੋਗਾ ਦੇ ਮੁੱਖ ਲਾਭਾਂ ਵਿੱਚੋਂ ਇੱਕ ਹੈ ਹਮਦਰਦੀ ਵਾਲੇ ਦਿਮਾਗੀ ਪ੍ਰਣਾਲੀ ਦੀ ਗਤੀਵਿਧੀ ਨੂੰ ਘਟਾਉਣ ਦੀ ਸਮਰੱਥਾ, ਜੋ ਸਰੀਰ ਦੇ "ਲੜਾਈ ਜਾਂ ਉਡਾਣ" ਪ੍ਰਤੀਕਿਰਿਆ ਲਈ ਜ਼ਿੰਮੇਵਾਰ ਹੈ। ਜਦੋਂ ਹਮਦਰਦੀ ਦਿਮਾਗੀ ਪ੍ਰਣਾਲੀ ਬਹੁਤ ਜ਼ਿਆਦਾ ਕਿਰਿਆਸ਼ੀਲ ਹੈ, ਇਹ ਚਿੰਤਾ ਅਤੇ ਬੇਚੈਨੀ ਦੀਆਂ ਭਾਵਨਾਵਾਂ ਦਾ ਕਾਰਨ ਬਣ ਸਕਦੀ ਹੈ, ਜਿਸ ਨਾਲ ਸੌਣਾ ਜਾਂ ਸੌਣਾ ਮੁਸ਼ਕਲ ਹੋ ਜਾਂਦਾ ਹੈ।

ਸਾਹ ਲੈਣ ਦੀਆਂ ਤਕਨੀਕਾਂ ਅਤੇ ਆਰਾਮ 'ਤੇ ਯੋਗਾ ਦਾ ਧਿਆਨ ਪੈਰਾਸਿਮਪੈਥੀਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਸਰੀਰ ਦੇ "ਆਰਾਮ ਅਤੇ ਪਾਚਨ" ਪ੍ਰਤੀਕਿਰਿਆ ਲਈ ਜ਼ਿੰਮੇਵਾਰ ਹੈ। ਇਹ ਵਿਅਕਤੀਆਂ ਨੂੰ ਵਧੇਰੇ ਆਰਾਮਦਾਇਕ ਅਤੇ ਸ਼ਾਂਤ ਮਹਿਸੂਸ ਕਰਨ, ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦਾ ਹੈ

ਕੁੱਲ ਮਿਲਾ ਕੇ, ਆਪਣੀ ਰੋਜ਼ਾਨਾ ਰੁਟੀਨ ਵਿੱਚ ਯੋਗਾ ਨੂੰ ਸ਼ਾਮਲ ਕਰਨਾ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਸਮੁੱਚੀ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ।

### ਤਣਾਅ ਘਟਾਉਣ ਲਈ ਯੋਗਾ ਦੇ ਲਾਭ

ਤਣਾਅ ਘਟਾਉਣ ਲਈ ਯੋਗਾ ਦੇ ਫਾਇਦੇ। ਯੋਗਾ ਵਿਅਕਤੀਆਂ ਨੂੰ ਤਣਾਅ ਅਤੇ ਚਿੰਤਾ ਨੂੰ ਘਟਾਉਣ ਅਤੇ ਆਰਾਮ ਕਰਨ ਵਿੱਚ ਮਦਦ ਕਰਨ ਦੀ ਯੋਗਤਾ ਲਈ ਜਾਣਿਆ ਜਾਂਦਾ ਹੈ।

ਯੋਗਾ ਇੱਕ ਪ੍ਰਭਾਵਸ਼ਾਲੀ ਤਣਾਅ ਪ੍ਰਬੰਧਨ ਸਾਧਨ ਹੋ ਸਕਦਾ ਹੈ ਕਿਉਂਕਿ ਇਹ ਕਈ ਪੱਧਰਾਂ 'ਤੇ ਕੰਮ ਕਰਦਾ ਹੈ। ਸਰੀਰਕ ਤੌਰ 'ਤੇ, ਯੋਗਾ ਆਸਣ (ਆਸਨ) ਤਣਾਅ ਨੂੰ ਛੱਡਣ ਅਤੇ ਮਾਸਪੇਸ਼ੀਆਂ ਵਿੱਚ ਖੂਨ ਦੇ ਪ੍ਰਵਾਹ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਇਹ ਤਣਾਅ ਦੇ ਸਰੀਰਕ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ, ਜਿਵੇਂ ਕਿ ਮਾਸਪੇਸ਼ੀ ਤਣਾਅ, ਸਿਰ ਦਰਦ ਅਤੇ ਥਕਾਵਟ।

ਮਾਨਸਿਕ ਤੌਰ 'ਤੇ, ਯੋਗਾ ਮਨ ਨੂੰ ਸ਼ਾਂਤ ਕਰਨ ਅਤੇ ਸ਼ਾਂਤ ਅਤੇ ਆਰਾਮ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਦਾ ਹੈ। ਸਾਹ ਲੈਣ ਦੀਆਂ ਤਕਨੀਕਾਂ (ਪ੍ਰਾਣਾਯਾਮ) ਅਤੇ ਧਿਆਨ ਦੇ ਅਭਿਆਸ ਦੁਆਰਾ, ਵਿਅਕਤੀ ਆਪਣੇ ਵਿਚਾਰਾਂ ਨੂੰ ਹੌਲੀ ਕਰਨਾ ਅਤੇ ਮੌਜੂਦਾ ਪਲ 'ਤੇ ਆਪਣਾ ਧਿਆਨ ਕੇਂਦਰਿਤ ਕਰਨਾ ਸਿੱਖ ਸਕਦੇ ਹਨ। ਇਹ ਹਾਵੀ, ਚਿੰਤਾ, ਅਤੇ ਰੇਸਿੰਗ ਵਿਚਾਰਾਂ ਦੀਆਂ ਭਾਵਨਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਯੋਗਾ ਦਾ ਦਿਮਾਗੀ ਪ੍ਰਣਾਲੀ 'ਤੇ ਵੀ ਸਕਾਰਾਤਮਕ ਪ੍ਰਭਾਵ ਪੈਂਦਾ ਹੈ, ਜੋ ਸਰੀਰ ਦੇ ਤਣਾਅ ਪ੍ਰਤੀਕ੍ਰਿਆ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਯੋਗਾ ਦੇ ਅਭਿਆਸ ਦੁਆਰਾ, ਵਿਅਕਤੀ ਪੈਰਾਸਿਮਪੈਥੀਟਿਕ ਨਰਵਸ ਸਿਸਟਮ ਨੂੰ ਸਰਗਰਮ ਕਰ ਸਕਦੇ ਹਨ, ਜੋ ਸਰੀਰ ਦੇ "ਆਰਾਮ ਅਤੇ ਪਾਚਨ" ਪ੍ਰਤੀਕਿਰਿਆ ਲਈ ਜ਼ਿੰਮੇਵਾਰ ਹੈ। ਇਹ ਹਮਦਰਦੀ ਵਾਲੇ ਦਿਮਾਗੀ ਪ੍ਰਣਾਲੀ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਸਰੀਰ ਦੇ "ਲੜਾਈ ਜਾਂ ਫਲਾਈਟ" ਜਵਾਬ.

ਕੁੱਲ ਮਿਲਾ ਕੇ, ਆਪਣੀ ਰੋਜ਼ਾਨਾ ਰੁਟੀਨ ਵਿੱਚ ਯੋਗਾ ਨੂੰ ਸ਼ਾਮਲ ਕਰਨਾ ਤਣਾਅ ਦਾ ਪ੍ਰਬੰਧਨ ਕਰਨ, ਚਿੰਤਾ ਨੂੰ ਘਟਾਉਣ ਅਤੇ ਸਮੁੱਚੀ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ।

### ਯੋਗਾ ਨਾਲ ਸ਼ੁਰੂਆਤ ਕਰਨਾ

ਜੇਕਰ ਤੁਸੀਂ ਯੋਗਾ ਸ਼ੁਰੂ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਇੱਥੇ ਕੁਝ ਕਦਮ ਹਨ ਜੋ ਤੁਸੀਂ ਚੁੱਕ ਸਕਦੇ ਹੋ:

1. ਇੱਕ ਸ਼ੁਰੂਆਤੀ-ਅਨੁਕੂਲ ਕਲਾਸ ਲੱਭੋ: ਇੱਕ ਯੋਗਾ ਕਲਾਸ ਜਾਂ ਪ੍ਰੋਗਰਾਮ ਲੱਭੋ ਜੋ ਖਾਸ ਤੌਰ 'ਤੇ ਸ਼ੁਰੂਆਤ ਕਰਨ ਵਾਲਿਆਂ ਲਈ ਤਿਆਰ ਕੀਤਾ ਗਿਆ ਹੈ। ਬਹੁਤ ਸਾਰੇ ਯੋਗਾ ਸਟੂਡੀਓ ਸ਼ੁਰੂਆਤੀ ਕਲਾਸਾਂ ਜਾਂ ਵਰਕਸ਼ਾਪਾਂ ਦੀ ਪੇਸ਼ਕਸ਼ ਕਰਦੇ ਹਨ ਜੋ ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ।
2. ਸਹੀ ਗੀਅਰ ਵਿੱਚ ਨਿਵੇਸ਼ ਕਰੋ: ਤੁਹਾਨੂੰ ਯੋਗਾ ਦਾ ਅਭਿਆਸ ਸ਼ੁਰੂ ਕਰਨ ਲਈ ਬਹੁਤ ਸਾਰੇ ਫੈਂਸੀ ਉਪਕਰਣਾਂ ਦੀ ਜ਼ਰੂਰਤ ਨਹੀਂ ਹੈ, ਪਰ ਇੱਕ ਚੰਗੀ ਕੁਆਲਿਟੀ ਯੋਗਾ ਮੈਟ ਵਿੱਚ ਨਿਵੇਸ਼ ਕਰਨ ਨਾਲ ਇੱਕ ਵੱਡਾ ਫ਼ਰਕ ਪੈ ਸਕਦਾ ਹੈ। ਆਰਾਮਦਾਇਕ, ਖਿੱਚੇ ਹੋਏ ਕੱਪੜੇ ਪਾਓ ਜੋ ਤੁਹਾਨੂੰ ਸੁਤੰਤਰ ਤੌਰ 'ਤੇ ਘੁੰਮਣ ਦੀ ਇਜਾਜ਼ਤ ਦਿੰਦਾ ਹੈ।
3. ਬੁਨਿਆਦੀ ਪੋਜ਼ਾਂ ਨਾਲ ਸ਼ੁਰੂ ਕਰੋ: ਬੁਨਿਆਦੀ ਯੋਗਾ ਪੋਜ਼ ਸਿੱਖਣ 'ਤੇ ਧਿਆਨ ਕੇਂਦਰਤ ਕਰੋ, ਜਿਵੇਂ ਕਿ ਹੇਠਾਂ ਵੱਲ ਮੂੰਹ ਕਰਨ ਵਾਲਾ ਕੁੱਤਾ, ਪਹਾੜੀ ਪੋਜ਼, ਅਤੇ ਬੱਚੇ ਦਾ ਪੋਜ਼। ਇਹ ਪੋਜ਼ ਤੁਹਾਨੂੰ ਤਾਕਤ, ਲਚਕਤਾ ਅਤੇ ਸੰਤੁਲਨ ਬਣਾਉਣ ਵਿੱਚ ਮਦਦ ਕਰ ਸਕਦੇ ਹਨ।
4. ਆਪਣੇ ਸਾਹ 'ਤੇ ਧਿਆਨ ਕੇਂਦਰਤ ਕਰੋ: ਸਾਹ ਲੈਣਾ ਯੋਗਾ ਅਭਿਆਸ ਦਾ ਇੱਕ ਮਹੱਤਵਪੂਰਨ ਪਹਿਲੂ ਹੈ, ਇਸਲਈ ਇਹ ਯਕੀਨੀ ਬਣਾਓ ਕਿ ਜਦੋਂ ਤੁਸੀਂ ਪੋਜ਼ਾਂ ਵਿੱਚੋਂ ਲੰਘਦੇ ਹੋ ਤਾਂ ਆਪਣੇ ਸਾਹ ਵੱਲ ਧਿਆਨ ਦਿਓ। ਆਪਣੇ ਨੱਕ ਰਾਹੀਂ ਅੰਦਰ ਅਤੇ ਬਾਹਰ ਹੌਲੀ, ਡੂੰਘੇ ਸਾਹ ਲੈਣ 'ਤੇ ਧਿਆਨ ਦਿਓ।
5. ਆਪਣੇ ਨਾਲ ਧੀਰਜ ਰੱਖੋ: ਯੋਗਾ ਇੱਕ ਅਜਿਹਾ ਅਭਿਆਸ ਹੈ ਜੋ ਸਮਾਂ ਅਤੇ ਧੀਰਜ ਲੈਂਦਾ ਹੈ। ਚਿੰਤਾ ਨਾ ਕਰੋ ਜੇਕਰ ਤੁਸੀਂ ਤੁਰੰਤ ਹਰ ਪੋਜ਼ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਕਰ ਸਕਦੇ - ਆਪਣੇ ਸਰੀਰ ਨੂੰ ਸੁਣਨ 'ਤੇ ਧਿਆਨ ਕੇਂਦਰਤ ਕਰੋ ਅਤੇ ਉਹ ਕੰਮ ਕਰੋ ਜੋ ਤੁਹਾਡੇ ਲਈ ਚੰਗਾ ਲੱਗਦਾ ਹੈ।
6. ਔਨਲਾਈਨ ਸਰੋਤਾਂ 'ਤੇ ਗੌਰ ਕਰੋ: ਇੱਥੇ ਬਹੁਤ ਸਾਰੇ ਔਨਲਾਈਨ ਸਰੋਤ ਉਪਲਬਧ ਹਨ ਜੋ ਤੁਹਾਨੂੰ ਯੋਗਾ ਸਿੱਖਣ ਵਿੱਚ ਮਦਦ ਕਰ ਸਕਦੇ ਹਨ, ਵੀਡੀਓ, ਟਿਊਟੋਰਿਅਲ ਅਤੇ ਐਪਸ ਸਮੇਤ। ਇਹ ਸਰੋਤ ਤੁਹਾਡੇ ਆਪਣੇ ਘਰ ਦੇ ਆਰਾਮ ਤੋਂ ਯੋਗਾ ਦਾ ਅਭਿਆਸ ਸ਼ੁਰੂ ਕਰਨ ਦਾ ਵਧੀਆ ਤਰੀਕਾ ਹੋ ਸਕਦਾ ਹੈ।

ਯਾਦ ਰੱਖੋ, ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਖੁੱਲ੍ਹੇ ਮਨ ਅਤੇ ਸਿੱਖਣ ਦੀ ਇੱਛਾ ਨਾਲ ਯੋਗਾ ਤੱਕ ਪਹੁੰਚਣਾ ਹੈ। ਲਗਾਤਾਰ ਅਭਿਆਸ ਨਾਲ, ਤੁਸੀਂ ਯੋਗਾ ਦੇ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਲਾਭਾਂ ਦਾ ਅਨੁਭਵ ਕਰ ਸਕਦੇ ਹੋ।



ਯੋਗਾ ਇੱਕ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਅਭਿਆਸ ਹੈ ਜੋ 5,000 ਸਾਲ ਪਹਿਲਾਂ ਪ੍ਰਾਚੀਨ ਭਾਰਤ ਵਿੱਚ ਸ਼ੁਰੂ ਹੋਇਆ ਸੀ। "ਯੋਗ" ਸ਼ਬਦ ਸੰਸਕ੍ਰਿਤ ਦੇ ਸ਼ਬਦ "ਯੁਜ" ਤੋਂ ਆਇਆ ਹੈ, ਜਿਸਦਾ ਅਰਥ ਹੈ ਜੂਲਾ ਜਾਂ ਇਕਜੁੱਟ ਹੋਣਾ। ਇਸ ਤਰ੍ਹਾਂ, ਯੋਗਾ ਨੂੰ ਅਕਸਰ ਅਭਿਆਸਾਂ ਦੀ ਇੱਕ ਪ੍ਰਣਾਲੀ ਵਜੋਂ ਦਰਸਾਇਆ ਜਾਂਦਾ ਹੈ ਜਿਸਦਾ ਉਦੇਸ਼ ਸਰੀਰ ਨੂੰ ਏਕੀਕ੍ਰਿਤ ਅਤੇ ਮੇਲ ਖਾਂਦਾ ਹੈ, ਮਨ, ਅਤੇ ਆਤਮਾ.

ਯੋਗਾ ਇੱਕ ਪ੍ਰਭਾਵਸ਼ਾਲੀ ਤਣਾਅ ਪ੍ਰਬੰਧਨ ਸਾਧਨ ਹੋ ਸਕਦਾ ਹੈ ਕਿਉਂਕਿ ਇਹ ਕਈ ਪੱਧਰਾਂ 'ਤੇ ਕੰਮ ਕਰਦਾ ਹੈ। ਸਰੀਰਕ ਤੌਰ 'ਤੇ, ਯੋਗਾ ਆਸਣ (ਆਸਨ) ਤਣਾਅ ਨੂੰ ਛੱਡਣ ਅਤੇ ਮਾਸਪੇਸ਼ੀਆਂ ਵਿੱਚ ਖੂਨ ਦੇ ਪ੍ਰਵਾਹ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਇਹ ਤਣਾਅ ਦੇ ਸਰੀਰਕ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ, ਜਿਵੇਂ ਕਿ ਮਾਸਪੇਸ਼ੀ ਤਣਾਅ, ਸਿਰ ਦਰਦ ਅਤੇ ਥਕਾਵਟ।



# ਯੋਗ-ਆਸਣ ਕਰਨ ਨਾਲ ਦੂਰ ਹੁੰਦੀਆਂ ਹਨ ਭਿਆਨਕ ਬੀਮਾਰੀਆਂ

ਯੋਗ ਕਰਨ ਨਾਲ ਨਾ ਸਿਰਫ ਸਰੀਰ ਤੰਦਰੁਸਤ ਰਹਿੰਦਾ ਹੈ ਸਗੋਂ ਇਸ ਨਾਲ ਸਾਡਾ ਮਨ ਵੀ ਸ਼ਾਂਤ ਰਹਿੰਦਾ ਹੈ। ਯੋਗ ਦੀ ਮਹੱਤਤਾ ਦੇ ਬਾਰੇ ਅੱਜ ਪੂਰੀ ਦੁਨੀਆਂ ਨੂੰ ਪਤਾ ਹੈ। ਜਾਣਕਾਰੀ ਮੁਤਾਬਕ ਸਰੀਰਕ ਤੌਰ 'ਤੇ ਅਪਾਹਜ ਲੋਕਾਂ ਲਈ, ਯੋਗ ਇਕੋ ਇਕ ਢੰਗ ਹੈ ਜਿਸ ਨਾਲ ਉਹ ਤੰਦਰੁਸਤ ਰਹਿ ਸਕਦੇ ਹਨ। ਯੋਗ ਸਰੀਰ ਦੀਆਂ ਬਹੁਤ ਸਾਰੀਆਂ ਬੀਮਾਰੀਆਂ ਇਲਾਜ ਹੈ, ਜਿਸ ਨਾਲ ਸਰੀਰ ਸਿਹਤਮੰਦ ਹੋ ਸਕਦਾ ਹੈ। ਥਾਇਰਾਇਡ ਜਿਹੀ ਭਿਅੰਕਰ ਬਿਮਾਰੀ ਨੂੰ ਵੀ ਦੂਰ ਕਰਦਾ ਹੈ। ਰੋਜ਼ਾਨਾ ਤਿੰਨ ਵਾਰ ਸ਼ੰਖ ਵਜਾਉਣ ਨਾਲ ਵੀ ਫੇਫੜਿਆਂ ਨੂੰ ਲਾਭ ਮਿਲਦਾ ਹੈ।

### ਫੇਫੜਿਆਂ ਦੀ ਸਫਾਈ

ਫੇਫੜਿਆਂ ਦੀ ਸਫਾਈ ਲਈ ਪ੍ਰਣਯਾਮ ਆਸਣ ਵਧੀਆ ਆਸਣ ਹੈ। ਇਸ 'ਚ ਡੂੰਘਾ ਸਾਹ ਲੈਂਦੇ ਹਾਂ। ਸਰੀਰ ਨੂੰ ਕੁਦਰਤੀ ਆਕਸੀਜ਼ਨ ਮਿਲਦੀ ਹੈ ਜੋ ਫੇਫੜਿਆਂ ਨੂੰ ਸਾਫ ਕਰਦੀ ਹੈ। ਸਾਹ ਲੈਣ ਅਤੇ ਛੱਡਣ ਦਾ ਤਰੀਕਾ ਕਿਸੇ ਯੋਗ ਵਿਸ਼ੇਸ਼ਕ ਤੋਂ ਜ਼ਰੂਰ ਸਿੱਖ ਲਓ।

### ਥਾਇਰਾਇਡ ਵੀ ਹੋਵੇ ਦੂਰ

ਥਾਇਰਾਇਡ ਜਿਹੀ ਭਿਅੰਕਰ ਬੀਮਾਰੀ ਨੂੰ ਵੀ ਯੋਗ ਨਾਲ ਦੂਰ ਕੀਤਾ ਜਾ ਸਕਦਾ ਹੈ। ਵਿਪਰੀਤ ਕਰਨੀ ਯੋਗਾਸਨ ਥਾਇਰਾਇਡ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਦੱਸਿਆ ਜਾ ਰਿਹਾ ਹੈ। ਇਸ ਆਸਣ ਨੂੰ ਕਰਨ ਨਾਲ ਸਿਰਦਰਦ, ਕਮਰ ਦਰਦ, ਗੋਡਿਆਂ ਦੇ ਦਰਦ ਵਰਗੀਆਂ ਸਾਰੀਆਂ ਮੁਸ਼ਕਲਾਂ ਦੂਰ ਹੋ ਜਾਂਦੀਆਂ ਹਨ। ਤੁਹਾਨੂੰ ਇਹ 5 ਤੋਂ 10 ਮਿੰਟ ਲਈ ਕਰਨਾ ਪਏਗਾ, ਜਿਸ ਤੋਂ ਬਾਅਦ ਤੁਸੀਂ ਉੱਠੋ ਅਤੇ ਬੈਠੋਗੇ ਅਤੇ ਕੁਝ ਸਮੇਂ ਲਈ ਆਰਾਮ ਕਰੋਗੇ। ਜੇ ਤੁਹਾਨੂੰ ਗਰਦਨ ਵਿਚ ਦਰਦ ਹੈ ਤਾਂ ਤੁਹਾਨੂੰ ਇਸ ਯੋਗਾਸਣ ਨੂੰ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਮਨ-ਦਿਮਾਗ ਨੂੰ ਮਿਲੇ ਸ਼ਾਂਤੀ

ਰੋਜ਼ਾਨਾ ਸਵੇਰੇ ਕੁਝ ਸਮੇਂ ਕਪਾਲਭਾਤੀ ਆਸਣ ਕਰਨ ਨਾਲ ਮਨ-ਦਿਮਾਗ ਨੂੰ ਵੀ ਸ਼ਾਂਤੀ ਮਿਲਦੀ ਹੈ। ਇਸ ਆਸਣ ਨਾਲ ਫੇਫੜਿਆਂ ਦੀ ਬਲਾਕੇਜ਼ ਖੋਲ੍ਹਦਾ ਹੈ। ਨਰਵਸ ਸਿਸਟਮ ਅਤੇ ਪਾਚਣ ਕਿਰਿਆ ਵੀ ਤੰਦਰੁਸਤ ਹੁੰਦੀ ਹੈ।

### ਹਾਈ ਬਲੱਡ ਪ੍ਰੈਸ਼ਰ

ਹਾਈ ਬਲੱਡ ਪ੍ਰੈਸ਼ਰ ਪੂਰੀ ਦੁਨੀਆਂ ਦੀ ਮੁੱਖ ਸਿਹਤ ਸਮੱਸਿਆ ਹੈ। ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਲੋਕ ਜੇ 6 ਮਹੀਨੇ ਨਿਯਮਿਤ ਰੂਪ ਨਾਲ ਯੋਗਾ ਕਰਨ ਤਾਂ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਕਾਫੀ ਮਾਤਰਾ ਵਿਚ ਸਥਿਰ ਹੋ ਸਕਦਾ ਹੈ। ਯੋਗਾ ਕਰਨ ਵਾਲੇ ਮਰੀਜ਼ਾਂ ਵਿਚ ਬਲੱਡ ਪ੍ਰੈਸ਼ਰ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ।

### ਪਿੱਠ ਦੇ ਦਰਦ ਨੂੰ ਵੀ ਕਰੇ ਠੀਕ

ਫਿਸ਼ ਪੋਜ਼ ਯੋਗ ਤੁਹਾਡੀ ਪਿੱਠ ਦੇ ਦਰਦ ਨੂੰ ਠੀਕ ਕਰਦਾ ਹੈ ਅਤੇ ਤੁਹਾਡੀ ਗਰਦਨ ਦੀ ਚਰਬੀ ਨੂੰ ਵੀ ਘਟਾਉਂਦਾ ਹੈ। ਇਹ ਰੀੜ੍ਹ ਦੀ ਹੱਡੀ ਵਿੱਚ ਲਚਕਤਾ ਲਿਆਉਂਦਾ ਹੈ। ਇਸ ਯੋਗਾ ਕਰਨ ਨਾਲ ਮਾਸਪੇਸ਼ੀਆਂ ਦਾ ਤਣਾਅ ਦੂਰ ਹੁੰਦਾ ਹੈ। ਜੇ ਤੁਹਾਨੂੰ ਕਬਜ਼ ਦੀ ਸਮੱਸਿਆ ਤੋਂ ਵੀ ਰਾਹਤ ਦਵਾਉਂਦਾ ਹੈ।

### ਸਰੀਰ ਨੂੰ ਸਲਿਮ-ਟਰਿਮ ਰੱਖਣ ਦੇ ਲਈ

ਇਸ ਯੋਗ ਆਸਣ ਨਾਲ ਪੇਟ ਦੀ ਚਰਬੀ ਘੱਟ, ਕਮਰ ਪਤਲੀ 'ਤੇ ਮੋਢੇ ਚੌੜੇ ਹੁੰਦੇ ਹਨ। ਇਸਨੂੰ ਕਰਨ ਲਈ ਪੇਟ ਦੇ ਬਲ ਲੇਟ ਜਾਓ 'ਤੇ ਦੋਨਾਂ ਹੱਥਾਂ ਨੂੰ ਸਿਰ ਦੇ ਥੱਲੇ ਰੱਖੋ। ਹੁਣ ਮੱਥੇ ਨੂੰ ਸਾਹਮਣੇ ਵਾਲੀ ਦਿਸ਼ਾ 'ਚ ਚੁੱਕੋ 'ਤੇ ਦੋਨਾਂ ਬਾਹਾਂ ਨੂੰ ਮੋਢੇ ਦੇ ਸਮਾਨ ਰੱਖੋ। ਸਰੀਰ ਨੂੰ ਸਟਰੇਚ ਕਰੋ 'ਤੇ ਲੰਬਾ ਸਾਹ ਲਓ।



# ਪੰਜਾਬ ਰਾਜ ਭਵਨ ਵਿਖੇ ਸਿੱਕਮ, ਗੋਆ, ਤੇਲੰਗਾਨਾ ਅਤੇ ਪੱਛਮੀ ਬੰਗਾਲ ਦਾ ਸਥਾਪਨਾ ਦਿਵਸ ਮਨਾਇਆ

## ਏਕ ਭਾਰਤ ਸ੍ਰੇਸ਼ਠ ਭਾਰਤ ਭਾਰਤ ਦੀ ਭਾਵਨਾ ਨੂੰ ਜੀਵਤ ਕਰਦੇ: ਗੁਲਾਬ ਚੰਦ ਕਟਾਰੀਆ

ਚੰਡੀਗੜ੍ਹ, 20 ਜੂਨ, (ਅੰਮ੍ਰਿਤਪਾਲ ਸਿੰਘ) : ਪੰਜਾਬ ਰਾਜ ਭਵਨ ਭਾਰਤ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਦੀ ਇੱਕ ਜੀਵਤ ਤਸਵੀਰ ਬਣ ਗਿਆ, ਕਿਉਂਕਿ ਇਸਨੇ ਸਿੱਕਮ, ਗੋਆ, ਤੇਲੰਗਾਨਾ ਅਤੇ ਪੱਛਮੀ ਬੰਗਾਲ ਦੇ ਸਥਾਪਨਾ ਦਿਵਸ ਦੇ ਸ਼ਾਨਦਾਰ ਜਸ਼ਨਾਂ ਦੀ ਮੇਜ਼ਬਾਨੀ ਕੀਤੀ। ਇਹ ਮੌਕਾ ਵਿਰਾਸਤ, ਏਕਤਾ ਅਤੇ ਮਾਣ ਦੇ ਮਿਸ਼ਰਣ, ਏਕ ਭਾਰਤ ਸ੍ਰੇਸ਼ਠ ਭਾਰਤ ਦੀ ਭਾਵਨਾ ਦਾ ਸ਼ਾਨਦਾਰ ਪ੍ਰਤੀਬਿੰਬ ਸੀ। ਇਸ ਸਮਾਗਮ ਨੂੰ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਮੌਜੂਦਗੀ ਨੇ ਸ਼ਾਨੋ-ਸ਼ੌਕਤ ਨਾਲ ਸਜਾਇਆ।

ਰਾਜ ਭਵਨ ਵਿੱਚ ਸੱਭਿਆਚਾਰਕ ਸਦਭਾਵਨਾ ਦਾ ਮਾਹੌਲ ਬਣਿਆ ਹੋਇਆ ਸੀ, ਕਿਉਂਕਿ ਮਹਿਮਾਨਾਂ ਨੇ ਮਨਮੋਹਕ ਪ੍ਰਦਰਸ਼ਨ ਦੇਖੇ, ਰਵਾਇਤੀ ਪਕਵਾਨਾਂ ਦਾ ਸੁਆਦ ਲਿਆ ਅਤੇ ਚਾਰ ਰਾਜਾਂ ਦੇ ਰਵਾਇਤੀ ਪਹਿਰਾਵੇ ਦੀ ਪ੍ਰਸ਼ੰਸਾ ਕੀਤੀ। ਭਾਗ ਲੈਣ ਵਾਲੇ ਰਾਜਾਂ ਦੇ ਇਤਿਹਾਸ, ਵਿਰਾਸਤ ਅਤੇ ਜੀਵੰਤ ਪਰੰਪਰਾਵਾਂ ਨੂੰ ਦਰਸਾਉਂਦੀਆਂ ਮਨਮੋਹਕ ਸੱਭਿਆਚਾਰਕ ਪੇਸ਼ਕਾਰੀਆਂ ਅਤੇ ਦਿਲਚਸਪ ਵੀਡੀਓ ਪ੍ਰਦਰਸ਼ਨੀਆਂ ਦੀ ਇੱਕ ਲੜੀ ਨਾਲ ਮਾਹੌਲ ਜੀਵੰਤ ਹੋ ਗਿਆ। ਇਹਨਾਂ ਦ੍ਰਿਸ਼ਟੀਗਤ ਬਿਰਤਾਂਤਾਂ ਨੇ ਦਰਸ਼ਕਾਂ ਨੂੰ ਡੂੰਘਾਈ ਨਾਲ ਰੁਝੇ ਰੱਖਿਆ ਅਤੇ ਭਾਰਤ ਦੀ ਵਿਭਿੰਨਤਾ ਵਿੱਚ ਜੀਵੰਤ ਏਕਤਾ ਦੀ ਕਦਰ ਕੀਤੀ।



ਇਕੱਠ ਨੂੰ ਸੰਬੋਧਨ ਕਰਦੇ ਹੋਏ, ਰਾਜਪਾਲ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਏਕ ਭਾਰਤ ਸ੍ਰੇਸ਼ਠ ਭਾਰਤ ਸਿਰਫ਼ ਇੱਕ ਮੁਹਿੰਮ ਨਹੀਂ ਹੈ ਸਗੋਂ ਭਾਰਤ ਦੀ ਆਤਮਾ ਦਾ ਜਸ਼ਨ ਹੈ-ਇੱਕ ਅਜਿਹੀ ਪਹਿਲ ਜੋ ਵੱਖ-ਵੱਖ ਸੱਭਿਆਚਾਰਾਂ, ਭਾਸ਼ਾਵਾਂ, ਰੀਤੀ-ਰਿਵਾਜਾਂ ਅਤੇ ਵਿਚਾਰਾਂ ਨੂੰ ਇੱਕ ਰਾਸ਼ਟਰੀ ਪਛਾਣ ਵਿੱਚ ਸੁੰਦਰਤਾ ਨਾਲ ਮਿਲਾਉਂਦੀ ਹੈ। ਭਾਵੇਂ ਅਸੀਂ ਵੱਖ-ਵੱਖ ਭਾਸ਼ਾਵਾਂ ਬੋਲਦੇ ਹਾਂ ਅਤੇ ਵੱਖ-ਵੱਖ ਪਹਿਰਾਵੇ ਪਹਿਨਦੇ ਹਾਂ, ਸਾਡੀ ਆਤਮਾ ਇੱਕ ਹੈ - ਅਸੀਂ ਸਾਰੇ ਭਾਰਤ ਮਾਤਾ ਦੇ ਬੱਚੇ ਹਾਂ, ਉਨ੍ਹਾਂ ਕਿਹਾ।

ਸ਼੍ਰੀ ਕਟਾਰੀਆ ਨੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਪਹਿਲਕਦਮੀ ਦੀ ਸ਼ਲਾਘਾ ਕੀਤੀ। ਜੋ ਭਾਰਤ ਭਰ ਦੇ ਰਾਜ ਭਵਨਾਂ ਨੂੰ ਵੱਖ-ਵੱਖ ਰਾਜਾਂ ਦੇ ਸਥਾਪਨਾ ਦਿਵਸ ਮਨਾਉਣ ਲਈ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਦੇਸ਼ ਦੀ ਸੰਯੁਕਤ ਸੱਭਿਆਚਾਰ ਨੂੰ ਸਿੱਧੇ ਤੌਰ 'ਤੇ ਅਨੁਭਵ ਕਰਨ ਦਾ ਇੱਕ ਦੁਰਲੱਭ ਮੌਕਾ ਮਿਲਦਾ ਹੈ। ਹਰੇਕ ਰਾਜ ਦੇ ਵਿਲੱਖਣ ਯੋਗਦਾਨ ਬਾਰੇ ਬੋਲਦੇ ਹੋਏ, ਰਾਜਪਾਲ ਨੇ ਸਿੱਕਮ ਦੀ ਕੁਦਰਤੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ਦੁਨੀਆ ਦੇ ਸਭ ਤੋਂ ਸੁੰਦਰ ਖੇਤਰਾਂ ਵਿੱਚੋਂ ਇੱਕ ਕਿਹਾ। ਉਨ੍ਹਾਂ ਨੇ ਇੱਕ ਜੈਵਿਕ ਰਾਜ ਵਜੋਂ ਇਸਦੀ ਵਿਲੱਖਣਤਾ ਦੀ ਪ੍ਰਸ਼ੰਸਾ ਕੀਤੀ ਅਤੇ ਕੰਚਨਜੰਗਾ ਅਤੇ ਸਿੱਕਮ ਦੇ ਮਸ਼ਹੂਰ ਇਲਾਇਚੀ ਦੇ ਬਾਗਾਂ ਦੇ ਤੋਹਫ਼ੇ ਨੂੰ ਕੁਦਰਤ ਦੀ ਉਦਾਰਤਾ ਦੇ ਸੰਕੇਤਾਂ ਵਜੋਂ ਦਰਸਾਇਆ। ਸ਼੍ਰੀ ਕਟਾਰੀਆ ਨੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜੋ ਭਾਰਤ ਭਰ ਦੇ ਰਾਜ ਭਵਨਾਂ ਨੂੰ ਵੱਖ-ਵੱਖ ਰਾਜਾਂ ਦੇ ਸਥਾਪਨਾ ਦਿਵਸ ਮਨਾਉਣ ਲਈ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਇੱਕ ਦੁਰਲੱਭ ਮੌਕਾ ਮਿਲਦਾ ਹੈ। ਦੇਸ਼ ਦੀ ਸੰਯੁਕਤ ਸੱਭਿਆਚਾਰ ਨੂੰ ਪ੍ਰਤੱਖ ਤੌਰ 'ਤੇ ਅਨੁਭਵ ਕਰੋ। ਹਰੇਕ ਰਾਜ ਦੇ ਵਿਲੱਖਣ ਯੋਗਦਾਨ ਬਾਰੇ ਗੱਲ ਕਰਦੇ ਹੋਏ, ਰਾਜਪਾਲ ਨੇ ਸਿੱਕਮ ਦੀ ਕੁਦਰਤੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ਦੁਨੀਆਂ ਦੇ ਸਭ ਤੋਂ ਸੁੰਦਰ ਖੇਤਰਾਂ ਵਿੱਚੋਂ ਇੱਕ ਕਿਹਾ। ਉਨ੍ਹਾਂ ਨੇ ਇੱਕ ਜੈਵਿਕ ਰਾਜ ਵਜੋਂ ਇਸਦੀ ਵਿਲੱਖਣਤਾ ਦੀ ਪ੍ਰਸ਼ੰਸਾ ਕੀਤੀ ਅਤੇ ਕੰਚਨਜੰਗਾ ਦੇ ਤੋਹਫ਼ੇ ਅਤੇ ਸਿੱਕਮ ਦੇ ਮਸ਼ਹੂਰ ਇਲਾਇਚੀ ਦੇ ਬਾਗਾਂ ਨੂੰ ਕੁਦਰਤ ਦੀ ਉਦਾਰਤਾ ਦੇ ਸੰਕੇਤ ਵਜੋਂ ਦਰਸਾਇਆ। ਸ਼੍ਰੀ ਕਟਾਰੀਆ ਨੇ ਸਿੱਕਮ, ਗੋਆ, ਤੇਲੰਗਾਨਾ ਅਤੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਉਨ੍ਹਾਂ ਦੇ ਸਥਾਪਨਾ ਦਿਵਸ 'ਤੇ ਆਪਣੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਮੀਦ ਕੀਤੀ ਕਿ ਹਰੇਕ ਰਾਜ ਨਵੀਨਤਾ, ਸੱਭਿਆਚਾਰਕ ਅਮੀਰੀ ਅਤੇ ਖੁਸ਼ਹਾਲੀ ਵਿੱਚ ਅੱਗੇ ਵਧਦਾ ਰਹੇਗਾ। ਇਸ ਸਮਾਗਮ ਵਿੱਚ ਕਈ ਵਿਸ਼ੇਸ਼ ਮਹਿਮਾਨਾਂ ਦੀ ਮੌਜੂਦਗੀ ਰਹੀ ਜਿਨ੍ਹਾਂ ਵਿੱਚ ਚੰਡੀਗੜ੍ਹ ਦੀ ਮੇਅਰ ਸ਼੍ਰੀਮਤੀ ਹਰਪ੍ਰੀਤ ਕੌਰ ਬਬਲਾ, ਪੰਜਾਬ ਦੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸ਼੍ਰੀ ਸੱਤਿਆ ਪਾਲ ਜੈਨ, ਚੰਡੀਗੜ੍ਹ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ, ਚੰਡੀਗੜ੍ਹ ਪ੍ਰਸ਼ਾਸਨ ਦੇ ਵਿੱਤ ਸਕੱਤਰ ਸ਼੍ਰੀ ਦੀਪਰਾ ਲਾਕੜਾ, ਚੰਡੀਗੜ੍ਹ ਪ੍ਰਸ਼ਾਸਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਨਿਸ਼ਾਂਤ ਯਾਦਵ ਅਤੇ ਚੰਡੀਗੜ੍ਹ ਦੇ ਪੁਲਿਸ ਡਾਇਰੈਕਟਰ ਜਨਰਲ ਸ਼੍ਰੀ ਪੁਸ਼ਪੇਂਦਰ ਕੁਮਾਰ ਸ਼ਾਮਲ ਸਨ। ਪੰਜਾਬ ਭਾਜਪਾ ਪ੍ਰਧਾਨ, ਯੂਟੀਸੀਏ ਦੇ ਪ੍ਰਧਾਨ ਸ਼੍ਰੀ ਜਤਿੰਦਰ ਪਾਲ ਮਲਹੋਤਰਾ, ਯੂਟੀਸੀਏ ਦੇ ਪ੍ਰਧਾਨ ਸ਼੍ਰੀ ਸੰਜੇ ਟੰਡਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਵੀ ਇਸ ਮੌਕੇ 'ਤੇ ਮੌਜੂਦ ਸਨ।


**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ਼੍ਰੀ ਮੁਕੇਸ਼ ਕੁਮਾਰ ਅਰੋੜਾ ਸਪੁੱਤਰ ਸ਼੍ਰੀ ਮੋਹਨ ਲਾਲ ਅਰੋੜਾ** ਦੇ ਨਾਮ ਤੋਂ (1) **ਸ਼੍ਰੀਮਤੀ ਸੰਜਨਾ ਸ਼ਰਮਾ ਸੁਪਤਨੀ ਸ਼੍ਰੀ ਗਗਨ ਸ਼ਰਮਾ** (2) **ਸ਼੍ਰੀ ਗਗਨ ਸ਼ਰਮਾ ਸਪੁੱਤਰ ਸਵਰਗੀ ਸ਼੍ਰੀ ਹਰੀ ਪ੍ਰਕਾਸ਼ ਸ਼ਰਮਾ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-1 ਵਰਗ ਦੀ ਰਿਹਾਇਸ਼ੀ ਇਕਾਈ ਨੰ. 3548** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-1 ਵਰਗ ਦੀ ਰਿਹਾਇਸ਼ੀ ਇਕਾਈ ਨੰ. 3548** ਅਲਾਟੀ/ਟ੍ਰਾਂਸਫਰੀ **ਸ਼੍ਰੀ ਮੁਕੇਸ਼ ਕੁਮਾਰ ਅਰੋੜਾ ਸਪੁੱਤਰ ਸ਼੍ਰੀ ਮੋਹਨ ਲਾਲ ਅਰੋੜਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ਼੍ਰੀ ਮੁਕੇਸ਼ ਕੁਮਾਰ ਅਰੋੜਾ ਸਪੁੱਤਰ ਸ਼੍ਰੀ ਮੋਹਨ ਲਾਲ ਅਰੋੜਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 30.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ (1) **ਸ਼੍ਰੀਮਤੀ ਸੰਜਨਾ ਸ਼ਰਮਾ ਸੁਪਤਨੀ ਸ਼੍ਰੀ ਗਗਨ ਸ਼ਰਮਾ** (2) **ਸ਼੍ਰੀ ਗਗਨ ਸ਼ਰਮਾ ਸਪੁੱਤਰ ਸਵਰਗੀ ਸ਼੍ਰੀ ਹਰੀ ਪ੍ਰਕਾਸ਼ ਸ਼ਰਮਾ** ਨੂੰ ਵੇਚ ਦਿੱਤੀ ਹੈ। (1) **ਸ਼੍ਰੀਮਤੀ ਸੰਜਨਾ ਸ਼ਰਮਾ ਸੁਪਤਨੀ ਸ਼੍ਰੀ ਗਗਨ ਸ਼ਰਮਾ** (2) **ਸ਼੍ਰੀ ਗਗਨ ਸ਼ਰਮਾ ਸਪੁੱਤਰ ਸਵਰਗੀ ਸ਼੍ਰੀ ਹਰੀ ਪ੍ਰਕਾਸ਼ ਸ਼ਰਮਾ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ਼੍ਰੀ ਰਮਾਂ ਕਾਂਤ ਸਪੁੱਤਰ ਸ਼੍ਰੀ ਐਲ. ਪੀ. ਸ਼ਰਮਾ** ਦੇ ਨਾਮ ਤੋਂ (1) **ਸ਼੍ਰੀਮਤੀ ਸ਼ਮਾ ਦੇਵੀ ਸੁਪਤਨੀ ਸ਼੍ਰੀ ਰਜਿੰਦਰ ਕੁਮਾਰ ਅਤੇ** (2) **ਸ਼੍ਰੀ ਰਜਿੰਦਰ ਕੁਮਾਰ ਸਪੁੱਤਰ ਸ਼੍ਰੀ ਰਾਮ ਕਰਨ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 47-ਸੀ, ਚੰਡੀਗੜ੍ਹ ਵਿਚ ਈਡਬਲਿਊਐਸ ਵਰਗ ਦੀ ਰਿਹਾਇਸ਼ੀ ਇਕਾਈ ਨੰ. 2893 (ਜ਼ਮੀਨੀ ਤਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 47-ਸੀ, ਚੰਡੀਗੜ੍ਹ ਵਿਚ ਈਡਬਲਿਊਐਸ ਵਰਗ ਦੀ ਰਿਹਾਇਸ਼ੀ ਇਕਾਈ ਨੰ. 2893 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਸ਼੍ਰੀ ਰਮਾਂ ਕਾਂਤ ਸਪੁੱਤਰ ਸ਼੍ਰੀ ਐਲ. ਪੀ. ਸ਼ਰਮਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ਼੍ਰੀ ਰਮਾਂ ਕਾਂਤ ਸਪੁੱਤਰ ਸ਼੍ਰੀ ਐਲ. ਪੀ. ਸ਼ਰਮਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 18.06.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ (1) **ਸ਼੍ਰੀਮਤੀ ਸ਼ਮਾ ਦੇਵੀ ਸੁਪਤਨੀ ਸ਼੍ਰੀ ਰਜਿੰਦਰ ਕੁਮਾਰ ਅਤੇ** (2) **ਸ਼੍ਰੀ ਰਜਿੰਦਰ ਕੁਮਾਰ ਸਪੁੱਤਰ ਸ਼੍ਰੀ ਰਾਮ ਕਰਨ** ਨੂੰ ਵੇਚ ਦਿੱਤੀ ਹੈ। (1) **ਸ਼੍ਰੀਮਤੀ ਸ਼ਮਾ ਦੇਵੀ ਸੁਪਤਨੀ ਸ਼੍ਰੀ ਰਜਿੰਦਰ ਕੁਮਾਰ ਅਤੇ** (2) **ਸ਼੍ਰੀ ਰਜਿੰਦਰ ਕੁਮਾਰ ਸਪੁੱਤਰ ਸ਼੍ਰੀ ਰਾਮ ਕਰਨ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ ਸ਼੍ਰੀ/ਸ਼੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ਼੍ਰੀ/ਸ਼੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ਼੍ਰੀ ਰਾਕੇਸ਼ ਸਪੁੱਤਰ ਸ਼੍ਰੀ ਬਨਵਾਰੀ ਲਾਲ | ਸ਼੍ਰੀ ਮਨਦੀਪ ਸਿੰਘ ਉਪਲ ਸਪੁੱਤਰ ਸ਼੍ਰੀ ਮਹਿੰਦਰ ਸਿੰਘ ਉਪਲ | 2117/3 | MIG-L | 45-ਸੀ, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**


## ਜ਼ਿਲ੍ਹਾ ਮੈਜਿਸਟਰੇਟ ਨੇ ਗੇਲ ਐਨ.ਸੀ.ਆਰ ਦੇ ਸਾਰੇ ਲਘੂ ਸਥਾਨਾਂ ਨੂੰ ਨੋ ਡਰੋਨ ਏਰੀਆ ਐਲਾਨਿਆ

ਫਤਹਿਗੜ੍ਹ ਸਾਹਿਬ, 20 ਜੂਨ (ਹਰਪ੍ਰੀਤ ਕੌਰ ਟਿਵਾਣਾ) : ਜ਼ਿਲ੍ਹਾ ਮੈਜਿਸਟਰੇਟ, ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੇਲ ਐਨ.ਸੀ.ਆਰ ਦੇ ਪਿੰਡ ਮੀਰਪੁਰ, ਤਹਿਸੀਲ ਫਤਹਿਗੜ੍ਹ ਸਾਹਿਬ ਅਤੇ ਪਿੰਡ ਬਰੌਂਗਾ ਜੇਰ ਤਹਿਸੀਲ ਅਮਲੋਹ ਵਿਖੇ ਸਥਿਤ ਸਾਰੇ ਲਘੂ ਸਥਾਨਾਂ ਨੂੰ ਸੁਰੱਖਿਆ ਦੇ ਮੱਦੇਨਜਰ ਨੋ ਡਰੋਨ ਜ਼ੋਨਏਰੀਆ ਘੋਸ਼ਿਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 20 ਜੂਨ ਤੋਂ 19 ਅਗਸਤ 2025 ਤੱਕ ਲਾਗੂ ਰਹਿਣਗੇ।

## ਡਿਪਟੀ ਕਮਿਸ਼ਨਰ ਅਤੇ ਐਸਐਸਪੀ ਵੱਲੋਂ ਮੁੜ ਵਸੇਬਾ ਕੇਂਦਰ ਦਾ ਦੌਰਾ

ਫਾਜ਼ਿਲਕਾ, 20 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨਸ਼ਾ ਪੀੜਤਾਂ ਦੇ ਇਲਾਜ ਅਤੇ ਪੁਨਰਵਾਸ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਅੱਜ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸਐਸਪੀ ਗੁਰਮੀਤ ਸਿੰਘ ਨੇ ਮੁੜ ਵਸੇਬਾ ਕੇਂਦਰ ਜੱਟ ਵਾਲੀ ਦਾ ਦੌਰਾ ਕੀਤਾ। ਇੱਥੇ ਉਹਨਾਂ ਨੇ ਉਪਲੱਬਧ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਇੱਥੇ ਇਲਾਜ ਕਰਵਾ ਰਹੇ ਲੋਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਦਾ ਹੌਂਸਲਾ ਵੀ ਵਧਾਇਆ।

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਇੱਥੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਹਨਾਂ ਲੋਕਾਂ ਦੀ ਕਾਉਂਸਲਿੰਗ 'ਤੇ ਵਿਸ਼ੇਸ਼ ਤਵੱਜੋ ਦਿੱਤੀ ਜਾਵੇ ਅਤੇ ਇਹਨਾਂ ਨੂੰ ਚੰਗੀਆਂ ਆਦਤਾਂ ਵੱਲ ਪ੍ਰੇਰਿਤ ਕੀਤਾ ਜਾਵੇ। ਉਹਨਾਂ ਕਿਹਾ ਕਿ ਇੱਥੇ ਇਲਾਜ ਦੌਰਾਨ ਇਹਨਾਂ ਨੂੰ ਕੁਝ ਰੋਚਕ ਗਤੀਵਿਧੀਆਂ ਨਾਲ ਵੀ ਜੋੜੀ ਰੱਖਿਆ ਜਾਵੇ, ਤਾਂ ਜੋ ਇਹ ਨਸ਼ਾ ਛੱਡਣ ਲਈ ਹਮੇਸ਼ਾ ਉਤਸਾਹਿਤ ਰਹਿਣ। ਐਸਐਸਪੀ ਗੁਰਮੀਤ ਸਿੰਘ ਨੇ ਇਹਨਾਂ ਨੌਜਵਾਨਾਂ ਨੂੰ ਕਿਹਾ ਕਿ ਜੀਵਨ ਅਨਮੋਲ ਹੈ ਅਤੇ ਤੁਹਾਡੇ ਪਰਿਵਾਰਾਂ ਨੂੰ ਤੁਹਾਡੇ ਨਾਲ ਬਹੁਤ ਪਿਆਰ ਵੀ ਹੈ ਅਤੇ ਤੁਹਾਡੀ ਜਰੂਰਤ ਵੀ ਹੈ। ਇਸ ਲਈ ਨਸ਼ੇ ਨੂੰ ਸਦਾ ਲਈ ਛੱਡ ਕੇ ਆਪਣੇ ਜੀਵਨ ਨੂੰ ਆਨੰਦਮਈ ਬਣਾਓ।


### ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਵਾਰਾ ਈ-ਨੀਲਾਮੀ ਕੀਤੀ ਜਾਵੇਗੀ ਜਿਸਦਾ ਵੇਰਵਾ ਸਾਰਣੀਬੱਧ ਹੈ।

| ਲ.ਨੰ: | ਕੈਟਗਰੀ ਅਤੇ ਵੇਰਵਾ | ਈ-ਕੈਟਲਾਗ | ਰੇਲਵੇ ਸਟੇਸ਼ਨ ਦਾ ਨਾਮ | ਰੇਲਵੇ ਸਟੇਸ਼ਨ ਦੇ ਨਾਮ |
|---|---|---|---|---|
| 1 | 03 ਰੇਲਵੇ ਸਟੇਸ਼ਨ ਉਤੇ, ਪੇ ਅਤੇ ਯੂਜ ਪਖਾਨਾਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਠੇਕਾ | UMB-PnUToi-0525 | ਸ਼ਿਮਲਾ (PF No-1A), ਬਠਿੰਡਾ (PF No-5/7), ਅਤੇ ਧੂਰੀ (PF No-1), | 25.06.2025 ਨੂੰ 12:00 ਵਜੇ |

ਈ-ਨੀਲਾਮੀ ਲੀਜਿੰਗ ਮੰਗ ਸੂਚਨਾ, ਨੀਲਾਮੀ ਪ੍ਰਪੱਤਰ, ਇਕ ਵਾਰ ਪੰਜੀਕਰਣ ਤੇ ਜ਼ਿਆਦਾ ਜਾਣਕਾਰੀ ਲਈ ਰੇਲਵੇ ਵੇਬਸਾਈਟ www.ireps.gov.in ਉਤੇ ਜਾਓ।

1851/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉੱਤਰ ਰੇਲਵੇ

**ਈ-ਨਿਵਿਦਾ**

**ਖੁਲ੍ਹੀ ਨਿਵਿਦਾ ਨੰਬਰ 12-ਅੰਬਾਲਾ/2025-26 ਮਿਤੀ 19.06.2025**

ਸੀਨੀਅਰ ਮੰਡਲ ਇੰਜਿਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਲ. ਨ. | ਕੰਮ ਦਾ ਨਾਮ | ਅੰਦਾਜਨ ਲਾਗਤ (Rs.) | ਅਗਾਊਂ ਰਾਸ਼ੀ (Rs.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | (i) ਏਡੀਈਐਨ/ਪੀਟੀਏ ਦੇ ਤਹਿਤ ਐਲਡੀਐਚ-ਡੀਯੂਆਈ ਸੇਕਸ਼ਨ ਤੇ ਏਐਚਐਚ-ਕੇਯੂਪੀ ਦੇ ਵਿਚ ਕਿਮੀ 28/1-2 ਤੇ ਪੁਲ ਨੰਬਰ 71 (3x8.54) ਮੀਟਰ 2x3.35 ਮੀਟਰ) ਦੇ ਸਟੀਲ ਗਡੂਰਾਂ ਨੂੰ ਪੀਐਸਸੀ ਸਲੈਬ ਦੇ ਨਾਲ ਬਦਲਣ ਦੇ ਲਈ ਢਾਂਚਾਗਤ ਡ੍ਰਾਇੰਗ ਦੀ ਸਪਲਾਈ ਦੇ ਪੁਲ ਉਪ-ਢਾਂਚੇ ਦੀ ਜੈਕੇਟਿੰਗ (ii) ਏਡੀਈਐਨ/ਪੀਟੀਏ ਦੇ ਤਹਿਤ ਜੇਐਚਐਲ-ਐਚਐਸਆਰ ਸੇਕਸ਼ਨ ਤੇ ਜੇਪੀਐਸ-ਯੁਕੇਐਨ ਦੇ ਵਿਚ ਕਿਮੀ 21.773 ਤੇ ਪੁਲ ਨੰਬਰ 19-ਏ (5x6.10 ਮੀਟਰ) ਦੇ ਸਟੀਲ ਗਡੂਰਾਂ ਨੂੰ ਪੀਐਸਸੀ ਸਲੈਬ ਦੇ ਨਾਲ ਬਦਲਣ ਦੇ ਲਈ ਢਾਂਚਾਗਤ ਡ੍ਰਾਇੰਗ ਦੀ ਸਪਲਾਈ ਦੇ ਨਾਲ ਪੁਲ ਉਪ-ਢਾਂਚੇ ਦੀ ਜੈਕੇਟਿੰਗ। | 1,24,29,832 | 2,12,200 | 08 ਮਹੀਨੇ | 14.07.2025 |
| 2 | ਏਡੀਈਐਨ/ਐਸਐਮਐਲ ਦੇ ਅਨੁਭਾਗ ਵਿਚ ਕਾਲਕਾ-ਸ਼ਿਮਲਾ ਸੇਕਸ਼ਨ ਉਤੇ ਬਾਕੀ 14620.24 ਕਯੂਮ 65 ਮਿਮੀ ਗੇਜ ਪਥਰ ਗਿਟੀ ਦੀ ਸਪਲਾਈ। | 2,35,14,260 | 2,67,600 | 12 ਮਹੀਨੇ | 14.07.2025 |
| 3 | ਏਡੀਈਐਨ/ਸਹਾਰਨਪੁਰ ਦੇ ਤਹਿਤ ਐਸਐਸਈ/ਡਬਲਯੂ/ਐਲ/ਐਸਆਰਈ ਅਨੁਭਾਗ ਵਿਚ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਜੋਨ ਸੀ-ਡੀ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ, ਸੀ/ਵਾਸ਼ਿੰਗ ਅਤੇ ਪੇਂਟਿੰਗ। | 1,30,00,000 | 2,15,000 | 12 ਮਹੀਨੇ | 14.07.2025 |
| 4 | ਏਡੀਈਐਨ/ਸਹਾਰਨਪੁਰ ਦੇ ਤਹਿਤ ਐਸਐਸਈ/ਡਬਲਯੂ/ਈ/ਐਸਆਰਈ ਅਨੁਭਾਗ ਵਿਚ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਜੋਨ-ਬੀ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,30,00,000. | 2,15,000 | 12 ਮਹੀਨੇ | 14.07.2025 |
| 5 | ਏਡੀਈਐਨ/ਬੀਟੀਆਈ ਦੇ ਤਹਿਤ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਐਸਐਸਈ/ਡਬਲਯੂ/ਐਲ/ਬੀਟੀਆਈ ਦੇ ਸੈਕਸ਼ਨ ਵਿਚ ਜੋਨ 2 ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਬੀਟੀਆਈ (ਸਮੇਤ) ਤੋਂ ਡੀਯੂਆਈ (ਛੱਡ ਕੇ) ਤਕ ਸਲਾਨਾ ਮੁਰੰਮਤ ਸਫੇਦੀ ਅਤੇ ਪੇਂਟਿੰਗ। | 74,99,528 | 1,50,000 | 12 ਮਹੀਨੇ | 14.07.2025 |
| 6 | ਸੀਨੀਅਰ ਏਡੀਈਐਨ/ਸੀਡੀਜੀ ਦੇ ਤਹਿਤ ਐਸਐਸਈ/ਡਬਲੂ-II/ ਸੀਡੀਜੀ ਦੇ ਅਨੁਭਾਗ ਵਿਚ ਯੂਐਮਬੀ-ਕੇਐਲਕੇ ਅਨੁਭਾਗ (ਸੀਡੀਜੀ ਨੂੰ ਛੱਡ ਕੇ) ਦੇ ਲਈ ਜੋਨ ਬੀ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,00,00,000 | 2,00,000 | 12 ਮਹੀਨੇ | 14.07/2025 |
| 7 | ਸੀਨੀਅਰ ਏਡੀਈਐਨ/ਸੀਡੀਜੀ ਦੇ ਤਹਿਤ ਐਸਐਸਈ-ਡਬਲਯੂ-ਸੀਡੀਜੀ-I ਅਨੁਭਾਗ ਵਿਚ ਸੀਡੀਜੀ-ਐਮਆਰਐਨਡੀ ਅਨੁਭਾਗ (ਸੀਡੀਜੀ ਸਮੇਤ) ਦੇ ਲਈ ਜੋਨ ਏ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,50,00,000 | 2,25,000 | 12 ਮਹੀਨੇ | 14.07.2025 |
| 8 | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਡਬਲਯੂ/ਆਰਵੀ ਅਨੁਭਾਗ ਵਿਚ ਜੋਨ-ਡੀ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,80,00,000 | 2,40,000 | 12 ਮਹੀਨੇ | 14.07.2025 |
| 9 | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਡਬਲਯੂ-ਐਮ/ਯੂਐਮਬੀ ਅਨੁਭਾਗ ਵਿਚ ਜੋਨ ਏ ਅਤੇ ਸੀ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,00,00,000 | 2,00,000 | 12 ਮਹੀਨੇ | 14.07.2025 |
| 10 | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਡਬਲਯੂ-ਈ/ਯੂਐਮਬੀ ਅਨੁਭਾਗ ਵਿਚ ਜੋਨ ਬੀ ਅਤੇ ਡੀਆਰਐਚ ਦੇ ਤਹਿਤ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਸੀ/ਵਾਸ਼ਿੰਗ ਅਤੇ ਪੇਂਟਿੰਗ। | 1,50,00,000 | 2,25,000 | 12 ਮਹੀਨੇ | 14.07.2025 |

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈਟ ਬੈਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ।

1842/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਅਬੋਹਰ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ, ਅਬੋਹਰ (ਫਾਜ਼ਿਲਕਾ) | ਭੰਗਰਖੇੜਾ ਸ਼੍ਰੀ ਪਿੰਡ ਭੰਗਰਖੇੜਾ ਦੇ ਆਊਟਲੈਂਟ ਆਰਡੀ 6600-ਟੀਐਫ ਦੇ ਟਾਇਲਟ ਸੈਂਟਰ ਦਾ ਪੁਨਰ ਨਿਰਮਾਣ | 20/06/2025 11/07/2025 | 5.20 Lac | 7837272447 xenaboharcanaldivisionwrd@gmail.com |
| 2. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਖੱਟੀ ਧਾਮ ਦੇ ਮੰਦਰ ਦੀ ਇਮਾਰਤ ਦਾ ਨਿਰਮਾਣ। | 20/06/2025 11/07/2025 | 9.04 Lac | 9781404284 eecd2kptpwdpb@gmail.com |
| 3. | ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਮਾਈਨਿੰਗ ਵਿਭਾਗ, ਪਠਾਨਕੋਟ | ਸਾਲ 2025-26 ਦੌਰਾਨ ਹੜ੍ਹਾਂ ਦੇ ਮੌਸਮ ਦੀ ਤਿਆਰੀ ਲਈ ਖਾਲੀ ਸੀਮਿੰਟ ਦੇ ਥੈਲਿਆਂ ਦੀ ਖਰੀਦ ਲਈ ਅਨੁਮਾਨ | 19/06/2025 03/07/2025 | 6.70 Thousand | 8288099943 xenminingpathankot2022@gmail.com |
| 4. | ਕਾਰਜਕਾਰੀ ਇੰਜੀਨੀਅਰ, ਟਾਊਨਸ਼ਿਪ ਡਿਵੀਜ਼ਨ, ਆਰਐਸਡੀ-ਸ਼ਾਹਪੁਰਕੰਡੀ | ਸੀਪੀ-9 ਆਰਐਸਡੀ ਸ਼ਾਹਪੁਰਕੰਡੀ ਵਿਖੇ ਸਮਾਨ ਦੀ ਸਥਾਪਨਾ ਲਈ ਸੁਰੱਖਿਆ ਜਾਂਚ ਕਮਰੇ ਦੇ ਨਿਰਮਾਣ ਲਈ ਅਨੁਮਾਨ, ਡੀਐਫਐਮਡੀ। | 18/06/2025 02/07/2025 | 8.00 Thousand | 8591206002 xentownship@gmail.com |
| 5. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਗੁਰਦਾਸਪੁਰ | ਮਾਰਕੀਟ ਕਮੇਟੀ ਗੁਰਦਾਸਪੁਰ (7 ਸਮੂਹ), ਕਲਾਨੌਰ (1 ਸਮੂਹ) ਧਾਰੀਵਾਲ (2 ਨੰਬਰ) ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ | 20/06/2025 04/07/2025 | 42.72 Lac | 9814744141 eepdgdspwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਸੰਗਰੂਰ | ਸਿਵਲ ਹਸਪਤਾਲ ਸੰਗਰੂਰ (ਪੰਜਾਬ) ਵਿਚ ਸੀਸੀਯੂ (ਜੀ+3 ਮੰਜ਼ਿਲਾ) ਦਾ ਨਿਰਮਾਣ (ਨੈਟਵਰਕਿੰਗ ਅਤੇ ਡਿਸਪਲੇਅ ਸਿਸਟਮ, ਨਰਸ ਕਾਲ, ਈਪੀਏਬੀਐਕਸ, ਅਗਨੀ ਜਾਂਚ, ਸੀਸੀਟੀਵੀ, ਯੂਪੀਐਸ 60ਕੇਵੀਏ, 26 ਪੈਸੰਜਰ ਲਿਫਟ, ਏਐਲਪੀਐਸ, ਬਾਹਰੀ ਅਤੇ ਵਿਸ਼ੇਸ਼ ਈਐਸ ਦੀ ਵਿਵਸਥਾ) (ਪੁਨਰ ਸੱਦਾ) | 19/06/2025 03/07/2025 | 8.27 Lac | 9876440552 ee.ed.sgr.pwd@punjab.gov.in |
| 7. | ਕਾਰਜਕਾਰੀ ਇੰਜੀਨੀਅਰ, ਕੰਢੀ ਨਹਿਰ-3, ਜਲ ਸਰੋਤ ਵਿਭਾਗ, ਪੰਜਾਬ, ਹੁਸ਼ਿਆਰਪੁਰ | ਕੇਸੀਐਸ-2 ਦੇ ਆਰਡੀ 65700 ਮੀਟਰ 'ਤੇ ਆਰਡੀ71084 ਮੀਟਰ 'ਤੇ ਆਰਡੀ65700 ਮੀਟਰ 'ਤੇ ਕਰਾਸ ਰੈਗੂਲੇਟਰ ਆਫ ਟੇਕਿੰਗ ਲਈ ਅਨੁਮਾਨ ਵਿੱਚ ਵਰਤੋਂ ਲਈ ਵਾਹਨ ਦੀ ਕਿਰਾਏ 'ਤੇ | 19/06/2025 03/07/2025 | 10.00 Thousand | 9646843843 ee.mech.dwr.hsp@punjab.gov.in |
| 8. | ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ | ਪੰਜਾਬ ਮਿਊਂਸੀਪਲ ਭਵਨ, ਸੈਕਟਰ-351, ਚੰਡੀਗੜ੍ਹ ਵਿਖੇ 3 ਨੰਬਰ 13 ਚਿਲਰ ਪਲਾਂਟ 215 ਟੀਆਰ ਹਰੇਕ ਦਾ ਏਐਮਸੀ ਡਾਇਕਿਨ | 20/06/2025 04/07/2025 | 85.67 Thousand | 7837747477 mbpmb21@gmail.com |
| 9. | ਡਿਪਟੀ ਕਮਿਸ਼ਨਰ, ਗੁਰਦਾਸਪੁਰ | ਵੱਖ-ਵੱਖ ਮਾਲ ਅਧਿਕਾਰੀਆਂ ਜਿਵੇਂ ਕਿ 1 ਏਸੀ (ਜੀ), 1 ਏਸੀ (ਜੀਆਰ.), 5 ਐਸਡੀਐਮ, 4 ਤਹਿਸੀਲਦਾਰ (3 ਸਾਲਾਂ ਲਈ 5 ਸਾਲਾਂ ਤੱਕ ਵਧਾਇਆ ਗਿਆ) ਲਈ 11 ਨੰਬਰ ਵਾਹਨਾਂ ਦੀ ਕਿਰਾਏ 'ਤ | 23/06/2025 06/07/2025 | 1.20 Lac | 7717271777 dcofficegurdaspur@gmail.com |
| 10. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | ਸਬ ਡਿਵੀਜ਼ਨ ਬੁਢਲਾਡਾ ਦੇ ਕੰਮਾਂ ਦੇ ਨਿਰੀਖਣ ਲਈ 1 ਅਦਦ ਵਾਹਨ ਲਈ ਭਰਤੀ। | 16/06/2025 30/06/2025 | 10.00 Thousand | 9646407185 XENIBLEHAL@GMAIL.COM |
| 11. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਪਟਿਆਲਾ ਵਿਖੇ ਈ-ਬੱਸ ਚਾਰਜਿੰਗ ਸਟੇਸ਼ਨ ਦੀ ਉਸਾਰੀ | 18/06/2025 02/07/2025 | 12.11 Lac | 9888821419 eepd1ptapwdpb@gmail.com |
| 12. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਰੂਪਨਗਰ | ਜ਼ਿਲ੍ਹਾ ਰੁਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਰੂਪਨਗਰ ਦੇ ਦਫ਼ਤਰ ਲਈ 01 ਨੰਬਰ ਮਹਿੰਦਰਾ ਬੋਲੇਰੋ ਨੀਓ ਜਾਂ ਮਾਰੂਤੀ ਸੁਜ਼ੂਕੀ ਅਰਟੀਗਾ ਦੀ ਨਿਯੁਕਤੀ। | 19/06/2025 03/07/2025 | 10.00 Thousand | 9814056538 xenprdropar@yahoo.com |
| 13. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਾਜ਼ਿਲਕਾ | ਅਬੋਹਰ ਵਿਖੇ ਅਪਾਹਜ ਵਿਅਕਤੀਆਂ ਲਈ ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਰੀਟਰੋਫਿਟਿੰਗ | 19/06/2025 02/07/2025 | 78.69 Thousand | 1638292974 eecdfzlpwdpb@gmail.com |
| 14. | ਕਾਰਜਕਾਰੀ ਇੰਜੀਨੀਅਰ, ਬਠਿੰਡਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਬਠਿੰਡਾ | "ਸਰਹਿੰਦ ਨਹਿਰ ਬਠਿੰਡਾ ਸ਼ਾਖਾ ਆਰਡੀ 200860-202500 'ਤੇ ਬੋਟਿੰਗ।" | 17/06/2025 27/06/2025 | 0.06 Lac | 9501015365 xencanalbathinda@yahoo.in |
| 15. | ਕਾਰਜਕਾਰੀ ਇੰਜੀਨੀਅਰ, ਸੰਚਾਰ ਵਿਭਾਗ, ਆਰਐਸਡੀ ਸ਼ਾਹਪੁਰਕੰਡੀ ਟਾਊਨਸ਼ਿਪ | ਸਾਲ 2025-26 (01.07.2025 ਤੋਂ 30.09.2025) ਦੌਰਾਨ ਆਰਐਸਡੀ ਪ੍ਰੋਜੈਕਟ ਵਿਖੇ ਥੀਨ ਨਾਲਾ ਡਾਇਵਰਸ਼ਨ ਚੈਨਲ ਦੀ ਸਾਲਾਨਾ ਰੱਖ-ਰਖਾਅ ਅਤੇ ਮੁਰੰਮਤ | 19/06/2025 30/06/2025 | 32.20 Thousand | 8591206002 xen.comm.divn.rsd.shahpurkandi@gmail.com |
| 16. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਜ਼ਿਲ੍ਹਾ ਵਿੱਚ ਐਮਸੀ ਆਦਮਪੁਰ ਦੇ ਅਧੀਨ 2022-23, 2023-24, ਅਤੇ 2024-25 ਦੇ ਵੱਖ-ਵੱਖ ਐਲ/ਆਰ ਮੁਰੰਮਤ ਪ੍ਰੋਗਰਾਮ ਦੇ ਐਸ.ਆਰ. ਜਲੰਧਰ, 1. ਜੀ1, 2. ਜੀ2, 3. ਜੀ3, 4. ਜੀ4, 5. ਜੀ5, 6. ਜੀ6, 7. ਜੀ7, 8. ਜੀ8, 9. ਜੀ9, | 19/06/2025 12/07/2025 | 27.48 Lac | 9779948881 eepdjalpwdpb@gmail.com |
| 17. | ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਰੀਦਕੋਟ | ਜੇਸੀਸੀ, ਫਰੀਦਕੋਟ ਵਿੱਚ ਕੇਬਲਿੰਗ ਅਤੇ ਸਹਾਇਕ ਉਪਕਰਣਾਂ ਦੇ ਨਾਲ-ਨਾਲ ਮੁਰੰਮਤ ਤੋਂ ਪਰੇ ਐਨਾਲਾਗ ਸੀਸੀਟੀਵੀ ਸਿਸਟਮ ਨੂੰ ਐਡਵਾਂਸ ਆਈਪੀ ਸਿਸਟਮ ਨਾਲ ਬਦਲਣਾ | 18/06/2025 02/07/2025 | 29.90 Thousand | 9815150900 eeedfdkpwdpb@gmail.com |
| 18. | ਪ੍ਰਧਾਨ ਮੁੱਖ ਜੰਗਲਾਤ ਸੰਭਾਲ (ਐਚਓਐਫਐਫ), ਪੰਜਾਬ, ਜੰਗਲਾਤ ਕੰਪਲੈਕਸ, ਸੈਕਟਰ-68, ਐਸਏਐਸ ਨਗਰ | ਸਰਕਾਰੀ ਵਾਹਨਾਂ ਦੀ ਵਿਕਰੀ | 20/06/2025 10/07/2025 | 5.00 Thousand | 9781814555 pccfcomplex@gmail.com |
| 19. | ਡਿਵੀਜ਼ਨਲ ਮਿੱਟੀ ਸੰਭਾਲ ਦਫ਼ਤਰ, ਜਲੰਧਰ | ਐਸਟੀਪੀ ਸੁਲਤਾਨਪੁਰ ਲੋਧੀ ਅਤੇ ਜ਼ਿਲ੍ਹਾ ਜਲੰਧਰ ਵਿੱਚ ਛੱਤਾਂ 'ਤੇ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀਆਂ ਤੋਂ ਸਮੱਗਰੀ ਦੇ ਨਾਲ ਸਾਰੇ ਸਹਾਇਕ ਬਿਜਲੀ ਅਤੇ ਸਿਵਲ ਕੰਮਾਂ ਸਮੇਤ ਐਚਡੀਪੀਈ ਪਾਈਪਲਾਈਨ ਵਿਆਸ 200mm ਪ੍ਰਦਾਨ ਕਰਨਾ ਅਤੇ ਵਿਛਾਉਣਾ। | 18/06/2025 04/07/2025 | 2.00 Lac | 9814030101 dsco.dswc.jalandhar@punjab.gov.in |
| 20. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਭੋਗਪੁਰ - ਬਹਿਰਾਮ ਤੋਂ ਮੋਗਾ ਜਲੰਧਰ ਪਠਾਨਕੋਟ ਸੜਕ ਐਮ.ਸੀ ਭੋਗਪੁਰ ਵਿੱਚ ਡਿੱਗ ਰਹੀ ਹੈ ਵਿਸ਼ੇਸ਼ ਮੁਰੰਮਤ ਪ੍ਰੋਗਰਾਮ ਅਧੀਨ 2022-23, 2023-24 ਅਤੇ 2024-25 (ਗਰੁੱਪ 8) | 20/06/2025 15/07/2025 | 3.44 Lac | 9646400042 eecd2jalpwdpb@gmail.com |
| 21. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ.3, ਅੰਮ੍ਰਿਤਸਰ | ਟੀਬੀ ਸੈਨੀਟੋਰੀਅਮ ਅੰਮ੍ਰਿਤਸਰ ਵਿਚ ਸਮੇਤ 5 ਸਾਲ ਦੇ ਓ ਅਤੇ ਐਮ ਨਾਲ ਇਕ ਅਦਦ ਐਸਟੀਪੀ-ਕੰਮ ਈਟੀਪੀ ਐਮਬੀਆਰ ਤਕਨੀਕ ਅਧਾਰਤ 125 ਕੇਐਲਡੀ ਦੀ ਸਰਵੇਅ ਬੇਸ ਸਪਲਾਈ, ਨਿਰਮਾਣ, ਇਰੈਕਸ਼ਨ ਅਤੇ ਸਥਾਪਤ ਕਰਨਾ | 21/06/2025 15/07/2025 | 2.27 Lac | 9815972061 xengwasr@yahoo.com |
| 22. | ਡਾਇਰੈਕਟਰ ਜਨਰਲ ਸਕੂਲ ਸਿੱਖਿਆ ਡੀਜੀਐਸਈ ਪੰਜਾਬ, ਐਸਏਐਸ ਨਗਰ | 24 ਆਦਰਸ਼ ਸਕੂਲਾਂ ਅਤੇ ਪੰਜਾਬ ਸਿੱਖਿਆ ਵਿਕਾਸ ਲਈ ਕਾਨੂੰਨੀ ਆਡਿਟਬੋਰਡ ਮੁੱਖ ਦਫ਼ਤਰ | 23/06/2025 14/07/2025 | 10.00 Thousand | 1725212329 pedb@punjabeducation.gov.in |
| 23. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਡਿਵੀਜ਼ਨ, ਮਲੇਰਕੋਟਲਾ | ਜ਼ਿਲ੍ਹਾ ਮਲੇਰਕੋਟਲਾ ਦੇ 2 ਵੱਖ-ਵੱਖ ਪਿੰਡਾਂ ਵਿੱਚ ਸੜਕ ਦੇ ਨਿਰਮਾਣ ਲਈ ਸਮੱਗਰੀ ਅਤੇ ਹੁਨਰਮੰਦ ਮਜ਼ਦੂਰਾਂ ਦੀ ਸਪਲਾਈ (ਨਰੇਗਾ ਕਨਵਰਜੈਂਸ ਵਰਕ)। | 19/06/2025 02/07/2025 | 48.00 Thousand | 9814331751 xenprsangrur@yahoo.in |
| 24. | ਜ਼ਿਲ੍ਹਾ ਖੇਡ ਅਧਿਕਾਰੀ, ਪਠਾਨਕੋਟ | ਸਪੋਰਟਸ ਵਿੰਗ ਡਾਈਟ (ਡੇ ਸਕਾਲਰ ਵਿੰਗ) | 21/06/2025 03/07/2025 | 52.50 Thousand | 9815123329 dsopathankot@yahoo.com |
| 25. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਮਲੇਰਕੋਟਲਾ | 1. ਪਲਾਨ ਰੋਡ ਅਮਰਗੜ੍ਹ ਤੋਂ ਧੂਰੀ ਬਾਗੜੀਆਂ ਸੜਕ ਵਾਇਆ ਢੰਡੋਗਲ ਖੇੜੀ ਜੱਟਾਂ, ਲੋਹਾਰ ਮਾਜਰਾ, ਈਸੀ ਅੰਡਰ ਹੈੱਡ 5054, ਆਰਬੀ-10 ਦਾ ਅਪਗ੍ਰੇਡੇਸ਼ਨ 2. ਪਲਾਨ ਰੋਡ ਸੰਗਲਾ ਤੋਂ ਬਮਾਲ (ਅੰਡਰ ਹੈੱਡ 5054, ਆਰਬੀ-10) ਦਾ ਅਪਗ੍ਰੇਡੇਸ਼ਨ | 20/06/2025 11/07/2025 | 35.71 Lac | 9988452421 xenpwdmalerkotla@gmail.com |
| 26. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰਬਰ 1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਹੁਸ਼ਿਆਰਪੁਰ | ਮੁਰੰਮਤ ਪ੍ਰੋਗਰਾਮ 2022-23,2023-24 ਅਤੇ 2024-25 ਅਧੀਨ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਵਿਧਾਨ ਸਭਾ ਹਲਕਾ ਦਸੂਹਾ ਵਿੱਚ ਪੈਂਦੀ ਹੈ (1 ਸਾਲ ਦੀ ਨੁਕਸ ਦੇਣਦਾਰੀ ਦੀ ਮਿਆਦ + ਸੜਕ ਦੀ 4 ਸਾਲ ਦੀ ਦੇਖਭਾਲ) ਸਮੂਹ ਨੰਬਰ 1,2,3,4 ਅਤੇ 5 | 20/06/2025 11/07/2025 | 17.95 Lac | 9855575543 eecd1hsrpurpwdpb@gmail.com |
| 27. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਪਟਿਆਲਾ | ਮੌਜੂਦਾ ਜਲ ਸਪਲਾਈ ਸਕੀਮ ਫਤਿਹ ਮਾਜਰੀ, ਬਲਾਕ ਸਮਾਣਾ, ਜ਼ਿਲ੍ਹਾ ਪਟਿਆਲਾ ਦਾ ਪ੍ਰਬੰਧ/ਵਧਾਉਣਾ। | 23/06/2025 08/07/2025 | 48.07 Thousand | 9888775107 xenrws_pta@yahoo.co.in |
| 28. | ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਪੀ.ਡਬਲਯੂ ਡਿਵੀਜ਼ਨ, ਮੋਗਾ | ਬੇਅੰਤ ਨਗਰ, ਗਲੀ ਨੰਬਰ 7, ਵਾਰਡ ਨੰਬਰ 14+15, ਪਾਣੀ ਵਾਲੀ ਜਗਾ, ਮੋਗਾ ਵਿਖੇ ਨਵੇਂ ਆਮ ਆਦਮੀ ਕਲੀਨਿਕ ਦਾ ਨਿਰਮਾਣ, ਖਾਨੇ ਕਾ ਅਗਵਾਰ ਦੇ ਨੇੜੇ ਧਰਮਸ਼ਾਲ ਵਿਖੇ ਏਏਸੀ ਦਾ ਨਵੀਨੀਕਰਨ ਵਾਰਡ ਨੰਬਰ 33 ਨਿਗਾਹਾ ਰੋਡ, ਮੋਗਾ ਵਿਖੇ ਅਤੇ ਘੱਲ ਕਲਾਂ ਬਲਾਕ ਮੋਗਾ-2 ਜ਼ਿਲ੍ਹਾ ਮੋਗਾ ਵਿਖੇ ਐਚਡਬਲਯੂਸੀ ਦਾ ਨਿਰਮਾਣ | 23/06/2025 07/07/2025 | 1.25 Lac | 9780020165 xenprdmoga@gmail.com |
| 29. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਮੋਗਾ | ਮਜ਼ਬੂਤੀਕਰਨ ਅਤੇ ਮੁੱਢਲੀ ਸਿਹਤ ਸੰਭਾਲ ਮੋਗਾ ਵਿਖੇ ਨਿਊ ਗੀਤਾ ਕਲੋਨੀ ਐਮਸੀ ਰੋਡ ਦੇ ਪਿੱਛੇ ਸ਼ਹਿਰੀ ਕਮਿਊਨਿਟੀ ਸੈਂਟਰ ਵਿੱਚ ਨਵੇਂ ਏਏਸੀ ਦੀ ਸਥਾਪਨਾ | 23/06/2025 07/07/2025 | 48.70 Thousand | 8146100632 eecdmogapwdpb1@gmail.com |
| 30. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਅਰਨੋ ਰੋਡ ਓਡੀਆਰ 40 ਦਾ ਪੈਚ ਵਰਕ | 23/06/2025 07/07/2025 | 83.20 Thousand | 9878360786 eecdptapwdpb@gmail.com |
| 31. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਾਜ਼ਿਲਕਾ | ਬੀਡੀਪੀਓ ਦਫ਼ਤਰ / ਜੰਮੂ ਬਸਤੀ / ਕਮਿਊਨਿਟੀ ਹਾਲ, ਰਾਜਪੂਤਾ ਮੁਹੱਲਾ ਜਲਾਲਾਬਾਦ ਪੱਛਮੀ ਜ਼ਿਲ੍ਹਾ ਫਾਜ਼ਿਲਕਾ ਵਿਖੇ ਪ੍ਰਸਤਾਵਿਤ ਏਏਏਕੇ ਵਿੱਚ ਪੀਐਚ ਸਹੂਲਤਾਂ ਪ੍ਰਦਾਨ ਕਰਨਾ। | 23/06/2025 30/06/2025 | 32.00 Thousand | 8699349036 eewss.divfazilkapb@yahoo.com |
| 32. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਤਰਨ ਤਾਰਨ | ਮੌਜੂਦਾ ਪਾਣੀ ਸਕੀਮ ਧੁਨ ਅਤੇ ਵੀਰਮ, ਬਲਾਕ ਭਿੱਖੀਵਿੰਡ, ਜ਼ਿਲ੍ਹਾ ਮੋਗਾ ਵਿੱਚ ਘਰੇਲੂ ਕੁਨੈਕਸ਼ਨ ਰਾਹੀਂ ਪਾਣੀ ਦੀ ਬਿਹਤਰ ਪਹੁੰਚ ਪ੍ਰਦਾਨ ਕਰਨਾ। ਤਰਨ ਤਾਰਨ। (ਨਾਬਾਰਡ-XXVI) (ਸਤਹੀ ਜਲ ਪ੍ਰੋਜੈਕਟ ਭੂਚਰ ਕਲਾਂ ਦਾ ਹਿੱਸਾ) 64.78 ਲੱਖ ਰੁਪਏ | 24/06/2025 09/07/2025 | 1.30 Lac | 9501099773 eewss_tt@yahoo.in |
| 33. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਗੈਸਟ ਹਾਊਸ, ਕੰਟੀਨ ਅਤੇ ਅੰਮ੍ਰਿਤਸਰ (ਪੰਜਾਬ) ਵਿਖੇ ਵੇਰਕਾ ਡੇਅਰੀ ਵਿੱਚ ਡਿਊਟੀ ਰੂਮ ਇਮਾਰਤਾਂ ਦਾ ਨਿਰਮਾਣ | 12/06/2025 03/07/2025 | 8.80 Lac | 9888404112 ee.pd.amritsar.pwd@punjab.gov.in |
| 34. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਬਠਿੰਡਾ | 1) ਪਿੰਡ ਚੱਕ ਭਾਈਕੇ, ਮੰਢਾਲੀ ਅਤੇ ਬੱਛੋਆਣਾ ਜ਼ਿਲ੍ਹਾ ਮਾਨਸਾ ਵਿਖੇ ਐਚਡਬਲਯੂਸੀ ਦੀ ਉਸਾਰੀ। 2) ਪਿੰਡ ਮਾਨਸਾ ਕਲਾਂ ਜ਼ਿਲ੍ਹਾ ਬਠਿੰਡਾ ਅਤੇ ਧਰਮਪੁਰਾ, ਜ਼ਿਲ੍ਹਾ ਮਾਨਸਾ ਵਿਖੇ ਪੰਚਾਇਤ ਘਰ ਦੀ ਉਸਾਰੀ। | 19/06/2025 27/06/2025 | 2.82 Lac | 9646001663 xenprbti@gmail.com |
| 35. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਐਸ.ਏ.ਐਸ. ਨਗਰ | 1. ਸੈਕਟਰ 70-71 ਐਸਏਐਸ ਨਗਰ ਵਿਖੇ ਸਥਾਪਤ 3 ਨੰਬਰ ਯੂਜੀਐਸਆਰ ਦੀ ਸਫਾਈ। 2. ਪਿੰਡ ਮਟੌਰ ਵਿਖੇ ਸਲੂਇਸ ਵਾਲਵ ਅਤੇ ਸਪੈਸ਼ਲ ਸਮੇਤ 80 ਮਿਲੀਮੀਟਰ ਪੀਵੀਸੀ ਨੂੰ 100 ਮਿਲੀਮੀਟਰ ਡੀਆਈ ਕੇ-9 ਪਾਈਪਲਾਈਨ ਨਾਲ ਬਦਲੋ। | 21/06/2025 07/07/2025 | 35.88 Thousand | 9815555418 eewss.div2mohalipb@yahoo.in |
| 36. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਡਿਵੀਜ਼ਨ, ਸੰਗਰੂਰ | ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਪਿੰਡਾਂ ਵਿੱਚ ਸਿਹਤ ਅਤੇ ਤੰਦਰੁਸਤੀ ਕੇਂਦਰ ਦੀ ਸਥਾਪਨਾ | 23/06/2025 07/07/2025 | 12.22 Lac | 9780020165 xenprsangrur@yahoo.in |
| 37. | ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਭੂਮੀਗਤ ਜਲ ਡਿਵੀਜ਼ਨ, ਡਬਲਯੂਆਰਡੀ ਪੰਜਾਬ, ਰੋਪੜ | ਗਰੈਵੀਟੇਸ਼ਨਲ ਪ੍ਰਦਾਨ ਕਰਨ ਲਈ ਅਨੁਮਾਨ ਪਿੰਡ ਬੱਲੋਲ, ਪਹਾੜਪੁਰ ਆਦਿ ਟੈਂਕ 4 ਚੇਂਜਰ ਖੇਤਰ ਸ਼੍ਰੀ ਅਨੰਦਪੁਰ ਸਾਹਿਬ ਸਮੇਤ ਵੰਡ ਪ੍ਰਣਾਲੀ ਨੈੱਟਵਰਕ। ਸਪਲਾਈ, ਇੰਸਟਾਲੇਸ਼ਨ, ਟੈਸਟਿੰਗ ਕਮਿਸ਼ਨਿੰਗ, ਵੱਖ-ਵੱਖ ਵਾਲਵ ਫਿਟਿੰਗ, ਏਅਰ ਵਾਲਵ ਹਰ ਪੱਖੋਂ ਪੂਰਾ। | 21/06/2025 14/07/2025 | 9.05 Lac | 9779141490 xen.roparcanal@gmail.com |
| 38. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਬਠਿੰਡਾ | ਚੌਂਕੇ ਢੱਡੇ ਬਾਲਿਆਂਵਾਲੀ ਦਾ ਯੂ/ਜੀ ਦੌਲਤਪੁਰਾ ਗਿੱਲ ਖੁਰਦ ਚੱਕ ਬਖਤੂ ਲੰਬਾਈ 8.90 ਕਿਲੋਮੀਟਰ ਅਤੇ ਰਾਮਪੁਰਾ ਮੌੜ ਤੋਂ ਬਾਲਿਆਂਵਾਲੀ ਵਾਇਆ ਭੂੰਦੜ ਅੰਡਰ ਹੈੱਡ 5054 ਆਰਬੀ10 ਤੱਕ ਸੜਕ ਦੀ ਯੂ/ਜੀ | 23/06/2025 14/07/2025 | 24.71 Lac | 9988118880 xenbtiprovl@gmail.com |
| 39. | ਡਿਪਟੀ ਕਮਿਸ਼ਨਰ (ਆਬਕਾਰੀ), ਪਟਿਆਲਾ ਜ਼ੋਨ, ਪਟਿਆਲਾ। | ਏਸੀ (ਐਕਸ) ਲੁਧਿਆਣਾ ਵੈਸਟ ਰੇਂਜ ਲਈ 1 ਵਾਹਨ ਦੀ ਨਿਯੁਕਤੀ | 21/06/2025 01/07/2025 | 10.00 Thousand | 7696437875 dcex.pta@punjab.gov.in |
| 40. | ਜ਼ਿਲ੍ਹਾ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਫ਼ਸਰ, ਐਸਏਐਸ ਨਗਰ (ਮੋਹਾਲੀ) | ਜ਼ਿਲ੍ਹਾ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰੀ, ਐਸ.ਏ.ਐਸ. ਨਗਰ ਦੇ ਦਫ਼ਤਰ ਲਈ ਵਾਹਨ (ਬਰਾਬਰ ਬੋਲੇਰੋ ਆਦਿ) ਦੀ ਨਿਯੁਕਤੀ। | 23/06/2025 03/07/2025 | 0.00 Lac | 9815088806 DWOSAS2@GMAIL.COM |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : eproc.punjab.gov.in, pwdpunjab.gov.in, lgpunjab.gov.in, www.eproc.punjab.gov.in, www.pbrdp.gov.in, www.pbforests.gov.in, www.ssapunjab.org, www.irrigation.punjab.gov.in, www.excise.punjab.gov.in, SASNAGAR.NIC.IN

RO No. PR-Advt. No.: 1001/12/2025-26/415/Dated CHD: 20/6/2025

RO Number: 1001/12/2025-26/415

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਸ਼ਕਰਕੰਦੀ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਉਣ 'ਚ ਕਰਦੀ ਹੈ ਮਦਦ

ਸ਼ਕਰਕੰਦੀ ਖਾਣੀ ਸਾਰਿਆਂ ਨੂੰ ਹੀ ਪਸੰਦ ਹੁੰਦੀ ਹੈ। ਇਸ ਦੀ ਵਰਤੋਂ ਲੋਕਾਂ ਵਲੋਂ ਉਬਾਲ ਕੇ, ਚਾਟ ਲਾ ਕੇ ਕੀਤੀ ਜਾਂਦੀ ਹੈ। ਸ਼ਕਰਕੰਦੀ 'ਚ ਫ਼ਾਈਬਰ, ਐਂਟੀ-ਆਕਸੀਡੈਂਟ, ਵਿਟਾਮਿਨ ਅਤੇ ਲਵਣ ਵਰਗੇ ਤੱਤ ਵੱਧੀ ਮਾਤਰਾ 'ਚ ਪਾਏ ਜਾਂਦੇ ਹਨ, ਜੋ ਸਰੀਰ ਲਈ ਫ਼ਾਇਦੇਮੰਦ ਹਨ। ਸ਼ਕਰਕੰਦੀ ਸਰੀਰ ਨੂੰ ਕਈ



ਬੀਮਾਰੀਆਂ ਤੋਂ ਬਚਾਉਣ 'ਚ ਵੀ ਮਦਦ ਕਰਦੀ ਹੈ।

**ਅਸਥਮਾ ਰੋਗੀ ਲਈ ਫ਼ਾਇਦੇਮੰਦ:** ਨੱਕ, ਸਾਹ ਵਾਲੀ ਨਲੀ ਅਤੇ ਫੇਫੜਿਆਂ 'ਚ ਕਫ਼ ਜੰਮਣ ਨਾਲ ਅਸਥਮਾ ਰੋਗੀਆਂ ਨੂੰ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ। ਅਜਿਹੇ 'ਚ ਰੋਜ਼ 1 ਸ਼ਕਰਕੰਦੀ ਉਬਾਲ ਕੇ ਖਾਣ ਨਾਲ ਕਫ਼ ਦੀ ਸਮੱਸਿਆ ਦੂਰ ਹੋ ਜਾਂਦੀ ਹੈ ਅਤੇ ਅਸਥਮਾ ਰੋਗੀ ਨੂੰ ਆਰਾਮ ਮਿਲਦਾ ਹੈ।

**ਭਾਰ ਵਧਾਉਣ 'ਚ ਮਦਦਗਾਰ:** ਇਸ 'ਚ ਬਹੁਤ ਜ਼ਿਆਦਾ ਮਾਤਰਾ 'ਚ ਸਟਾਰਚ ਹੁੰਦਾ ਹੈ ਜਿਸ ਨਾਲ ਮਾਸਪੇਸ਼ੀਆਂ ਵਧਾਉਣ 'ਚ ਵੀ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਇਸ 'ਚ ਮੌਜੂਦ ਵਿਟਾਮਿਨ, ਖਣਿਜ ਅਤੇ ਪ੍ਰੋਟੀਨ ਵਜ਼ਨ ਵਧਾਉਣ 'ਚ ਵੀ ਸਹਾਈ ਹੁੰਦੇ ਹਨ।

**ਦਿਲ ਦੀਆਂ ਬੀਮਾਰੀਆਂ ਤੋਂ ਬਚਾਅ:** ਸ਼ਕਰਕੰਦੀ ਖਾਣ ਨਾਲ ਸਰੀਰ ਦਾ ਕੋਲੈਸਟ੍ਰੋਲ ਪੱਧਰ ਸੰਤੁਲਿਤ ਰਹਿੰਦਾ ਹੈ। ਆਪਣੇ ਖਾਣੇ 'ਚ ਰੋਜ਼ਾਨਾ 1 ਸ਼ਕਰਕੰਦੀ ਦੀ ਵਰਤੋਂ ਜ਼ਰੂਰ ਕਰੋ ਕਿਉਂਕਿ ਇਸ 'ਚ ਕਾਪਰ, ਵਿਟਾਮਿਨ-ਬੀ 6 ਹੁੰਦਾ ਹੈ। ਇਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਸ਼ਕਰਕੰਦੀ ਦੀ ਵਰਤੋਂ ਕਰਨ ਨਾਲ ਤੁਸੀਂ ਦਿਲ ਦੀਆਂ ਬੀਮਾਰੀਆਂ ਤੋਂ ਵੀ ਬਚੇ ਰਹਿੰਦੇ ਹੋ।

**ਅੱਖਾਂ ਦੀ ਰੌਸ਼ਨੀ:** ਲਗਾਤਾਰ ਕੰਪਿਊਟਰ ਅਤੇ ਮੋਬਾਈਲ ਫ਼ੋਨ ਦੀ ਵਰਤੋਂ ਕਰਨ ਨਾਲ ਅੱਜਕਲ੍ਹ ਘੱਟ ਉਮਰ ਦੇ ਬੱਚਿਆਂ, ਨੌਜਵਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਹੋ ਜਾਂਦੀ ਹੈ। ਅਜਿਹੇ ਵਿਚ ਸ਼ਕਰਕੰਦੀ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਅੱਖਾਂ ਦੀ ਰੌਸ਼ਨੀ ਨੂੰ ਤੇਜ਼ ਕਰਨ ਵਿਚ ਫ਼ਾਇਦੇਮੰਦ ਸਾਬਤ ਹੁੰਦੀ ਹੈ।

**ਝੁਰੜੀਆਂ ਘੱਟ ਕਰੇ:** ਵਧਦੀ ਉਮਰ ਦੇ ਨਾਲ-ਨਾਲ ਚਿਹਰੇ 'ਤੇ ਝੁਰੜੀਆਂ ਦੇ ਨਿਸ਼ਾਨ ਪੈਣ ਲਗਦੇ ਹਨ। ਅਜਿਹੇ 'ਚ ਸ਼ਕਰਕੰਦੀ ਖਾਣੀ ਬਹੁਤ ਫ਼ਾਇਦੇਮੰਦ ਹੈ। ਇਸ 'ਚ ਮੌਜੂਦ ਵੀਟਾ ਕੈਰੋਟੀਨ ਸਰੀਰ 'ਚ ਫ੍ਰੀ-ਰੈਡੀਕਲਸ ਨਾਲ ਲੜਦਾ ਹੈ, ਜਿਸ ਨਾਲ ਚਿਹਰੇ 'ਤੇ ਜਲਦੀ ਝੁਰੜੀਆਂ ਨਹੀਂ ਪੈਂਦੀਆਂ।

# ਸ੍ਰੀਲੰਕਾ ਵੱਲੋਂ 85 ਚੀਨੀ ਨਾਗਰਿਕਾਂ ਨੂੰ ਦੇਸ਼ ਨਿਕਾਲਾ

ਕੋਲੰਬੋ, 20 ਜੂਨ (ਚ.ਨ.ਸ.): ਸ਼੍ਰੀਲੰਕਾ ਵਿੱਚ ਸਾਈਬਰ ਅਪਰਾਧ ਦੇ ਦੋਸ਼ੀ ਪਾਏ ਗਏ 85 ਚੀਨੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਕੋਲੰਬੋ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਕੇਂਦਰੀ ਪ੍ਰਾਂਤ ਦੇ ਕੁੰਡਾਸਲੇ ਕਸਬੇ ਵਿੱਚ ਸਾਈਬਰ ਅਪਰਾਧ ਗਤੀਵਿਧੀਆਂ ਵਿੱਚ ਸ਼ਾਮਲ 22 ਔਰਤਾਂ ਸਮੇਤ 130 ਚੀਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਸਾਰਿਆਂ ਨੂੰ ਟੇਲਡੇਨੀਆ ਦੀ ਮੈਜਿਸਟ੍ਰੇਟ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਧਿਕਾਰੀਆਂ ਅਨੁਸਾਰ ਦੋਸ਼ੀਆਂ ਦੇ ਕਬਜ਼ੇ ਵਿੱਚੋਂ 200 ਤੋਂ ਵੱਧ ਮੋਬਾਈਲ ਫੋਨ, 100 ਤੋਂ ਵੱਧ ਲੈਪਟਾਪ ਅਤੇ ਹੋਰ ਸੂਚਨਾ ਤਕਨਾਲੋਜੀ ਉਪਕਰਣ ਜ਼ਬਤ ਕੀਤੇ ਗਏ ਹਨ। ਅਦਾਲਤ ਦੇ ਹੁਕਮਾਂ ਅਨੁਸਾਰ ਜ਼ਬਤ ਕੀਤੇ ਗਏ ਉਪਕਰਣ ਕੋਲੰਬੋ ਵਿੱਚ ਚੀਨੀ ਦੂਤਘਰ ਨੂੰ ਸੌਂਪ ਦਿੱਤੇ ਜਾਣਗੇ। ਕੁੱਲ 130 ਦੋਸ਼ੀਆਂ ਵਿੱਚੋਂ 122 ਨੂੰ ਅਦਾਲਤ ਦੇ ਹੁਕਮਾਂ ਤੋਂ ਬਾਅਦ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਭੇਜ ਦਿੱਤਾ ਗਿਆ, ਜਦੋਂ ਕਿ ਸੱਤ ਦੋਸ਼ੀ ਫਰਾਰ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵਿੱਚੋਂ 85 ਨੂੰ ਸ਼ੁੱਕਰਵਾਰ ਨੂੰ ਪੰਜ ਬੱਸਾਂ ਵਿੱਚ ਹਵਾਈ ਅੱਡੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਜਹਾਜ਼ ਰਾਹੀਂ ਚੀਨ ਦੇ ਗੁਆਂਗਜ਼ੂ ਸ਼ਹਿਰ ਭੇਜਿਆ ਗਿਆ।




# ਕਤਰ ਏਅਰਵੇਜ਼ ਦੁਨੀਆ ਦੀ ਸਭ ਤੋਂ ਵਧੀਆ ਏਅਰਲਾਈਨ ਘੋਸ਼ਿਤ, ਮਿਲਿਆ ਵੱਡਾ ਖ਼ਿਤਾਬ

ਮੈਲਬੌਰਨ, 20 ਜੂਨ (ਚ.ਨ.ਸ.): ਬੀਤੇ ਦਿਨੀਂ ਪੈਰਿਸ ਏਅਰ ਸ਼ੋਅ ਵਿੱਚ ਹੋਏ ਸਮਾਰੋਹ ਦੌਰਾਨ ਕਤਰ ਏਅਰਵੇਜ਼ ਨੂੰ 2025 ਦੀ ਦੁਨੀਆ ਦੀ ਸਭ ਤੋਂ ਵਧੀਆ ਏਅਰਲਾਈਨ ਦਾ ਖ਼ਿਤਾਬ ਮਿਲਿਆ। ਇਹ ਨੌਵੀਂ ਵਾਰ ਹੈ ਕਿ ਕਤਰ ਏਅਰਵੇਜ਼ ਨੇ ਇਹ ਵੱਡਾ ਸਨਮਾਨ ਜਿੱਤਿਆ ਹੈ।

ਇਹ ਸਾਲ ਮੱਧ ਪੂਰਬ ਦੀ ਪ੍ਰਮੁੱਖ ਏਅਰਲਾਈਨ ਕਤਰ ਏਅਰਵੇਜ਼ ਲਈ ਇਤਿਹਾਸਕ ਕਾਮਯਾਬੀਆਂ ਨਾਲ ਭਰਿਆ ਹੋਇਆ ਰਿਹਾ ਹੈ। ਬੋਇੰਗ ਦੇ ਇਤਿਹਾਸ ਦੀ ਸਭ ਤੋਂ ਵੱਡੀ ਜਹਾਜ਼ ਖਰੀਦ ਦੀ ਘੋਸ਼ਣਾ ਕਰਨ ਤੋਂ ਬਾਅਦ, ਹੁਣ ਕਤਰ ਏਅਰਵੇਜ਼ ਨੇ ਸਕਾਈਟ੍ਰੈਕਸ ਵਰਲਡ ਏਅਰਲਾਈਨ ਐਵਾਰਡਜ਼ 2025 'ਚ ਸਭ ਤੋਂ ਵਧੀਆ ਏਅਰਲਾਈਨ ਦਾ ਟਾਈਟਲ ਜਿੱਤ ਕੇ ਇੱਕ ਹੋਰ ਵੱਡੀ ਉਪਲਬਧੀ ਹਾਸਲ ਕੀਤੀ ਹੈ।ਇਨ੍ਹਾਂ ਐਵਾਰਡਾਂ ਦੀ ਲੜੀ ਵਿੱਚ ਕਤਰ ਏਅਰਵੇਜ਼ ਤੋਂ ਬਾਅਦ ਸਿੰਗਾਪੁਰ ਏਅਰਲਾਈਨਜ਼ ਦੂਜੇ ਸਥਾਨ 'ਤੇ ਰਹੀ, ਜਿਸ ਨੂੰ ਵਿਸ਼ਵ ਦੀ ਸਭ ਤੋਂ ਵਧੀਆ ਕੈਬਿਨ ਕਰੂ. ਅਵੱਲ ਦਰਜ਼ੇ ਅਤੇ ਏਸ਼ੀਆ ਦੀ ਸਭ ਤੋਂ ਵਧੀਆ ਏਅਰਲਾਈਨ ਦਾ ਦਰਜਾ ਮਿਲਿਆ ਹੈ। ਤੀਜਾ ਸਥਾਨ ਹਾਂਗਕਾਂਗ ਦੀ ਕੈਥੇ ਪੈਸਿਫਿਕ ਨੂੰ ਮਿਲਿਆ, ਚੌਥਾ ਦੁਬਈ ਦੀ ਏਮੀਰੇਟਸ, ਪੰਜਵਾਂ ਜਪਾਨ ਦੀ ਏ.ਐਨ.ਏ ਆਲ ਨਿਪਪੋਨ ਏਅਰਵੇਜ਼, ਛੇਵਾਂ ਤੁਰਕੀਸ਼ ਏਅਰਲਾਈਨਜ਼, ਸੱਤਵਾਂ ਕੋਰੀਅਨ ਏਅਰ, ਅੱਠਵਾਂ ਏਅਰ ਫ਼ਰਾਂਸ, ਨੌਵਾਂ ਜਪਾਨ ਏਅਰਲਾਈਨਜ਼ ਅਤੇ 10ਵਾਂ ਸਥਾਨ ਚੀਨ ਦੀ ਹੈਨਾਨ ਏਅਰਲਾਈਨਜ਼ ਨੂੰ ਮਿਲਿਆ। ਇਸ ਮੌਕੇ ਸਕਾਈਟ੍ਰੈਕਸ ਦੇ ਸੀਈਓ ਐਡਵਰਡ ਪਲੇਸਟਡ ਨੇ ਕਿਹਾ, ਜੇਤੂ ਏਅਰਲਾਈਨਾਂ ਨੂੰ ਦੁਬਾਰਾ ਇਨਾਮ ਮਿਲਣਾ ਇਹ ਦਰਸਾਉਂਦਾ ਹੈ ਕਿ ਗੁਣਵੱਤਾ ਵਿੱਚ ਨਿਰੰਤਰਤਾ ਨੂੰ ਗਾਹਕਾਂ ਵਲੋਂ ਉਚੀ ਮਾਨਤਾ ਮਿਲ ਰਹੀ ਹੈ।




# ਈਰਾਨ 'ਚ ਸਰਕਾਰੀ ਟਿਕਾਣਿਆਂ 'ਤੇ ਬੰਬਾਂ ਦਾ ਵਰ੍ਹੇਗਾ ਮੀਂਹ

ਯੇਰੂਸ਼ਲਮੀ, 20 ਜੂਨ (ਚ.ਨ.ਸ.): ਇਜ਼ਰਾਈਲ ਤੇ ਈਰਾਨ ਵਿਚਕਾਰ ਜੰਗ ਭਿਆਨਕ ਹੁੰਦੀ ਜਾ ਰਹੀ ਹੈ। ਈਰਾਨ ਨੇ ਹਾਲ ਹੀ ਵਿੱਚ ਇਜ਼ਰਾਈਲ 'ਤੇ ਬੈਲਿਸਟਿਕ ਮਿਜ਼ਾਈਲ ਨਾਲ ਹਮਲਾ ਕੀਤਾ ਹੈ। ਹੁਣ ਇਜ਼ਰਾਈਲ ਵੀ ਈਰਾਨ ਵਿਰੁੱਧ ਜਵਾਬੀ ਕਾਰਵਾਈ ਕਰ ਰਿਹਾ ਹੈ।

ਇਸ ਦੌਰਾਨ, ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਫੌਜ ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਸ਼ਾਸਨ ਦੇ ਪ੍ਰਤੀਕਾਂ 'ਤੇ ਹਮਲੇ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ।ਦਰਅਸਲ, ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਫੌਜ ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਸ਼ਾਸਨ ਦੇ ਪ੍ਰਤੀਕਾਂ 'ਤੇ ਹਮਲੇ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਸਦਾ ਉਦੇਸ਼ ਇਸਨੂੰ ਅਸਥਿਰ ਕਰਨਾ ਹੈ।ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਨੂੰ ਸ਼ਾਸਨ ਦੇ ਸਾਰੇ ਪ੍ਰਤੀਕਾਂ ਅਤੇ ਜਨਤਾ ਦੇ ਜ਼ੁਲਮ ਦੇ ਢੰਗਾਂ, ਜਿਵੇਂ ਕਿ ਬਾਸੀਜ (ਮਿਲਿਸ਼ੀਆ) ਅਤੇ ਸ਼ਾਸਨ ਦੇ ਸ਼ਕਤੀ ਅਧਾਰ, ਜਿਵੇਂ ਕਿ ਰੈਵੋਲਿਊਸ਼ਨਰੀ ਗਾਰਡ 'ਤੇ ਹਮਲਾ ਕਰਨਾ ਹੈ।

# ਕੈਨੇਡਾ ਵਿੱਚ ਟੈਕਸੀ ਕਾਰਡ ਘਪਲੇ 'ਚ 5 ਪੰਜਾਬੀਆਂ ਸਮੇਤ 11 ਗ੍ਰਿਫ਼ਤਾਰ

## ਭੁਗਤਾਨ ਦੇ ਬਹਾਨੇ ਅਸਲੀ ਕਾਰਡ ਨੂੰ ਨਕਲੀ ਨਾਲ ਬਦਲ ਕੇ ਕਰਦੇ ਸਨ ਧੋਖਾਧੜੀ

ਵੈਨਕੂਵਰ, 20 ਜੂਨ (ਚ.ਨ.ਸ.): ਟੋਰਾਂਟੋ ਪੁਲੀਸ ਨੇ ਪ੍ਰੋਜੈਕਟ ਫੇਅਰ ਤਹਿਤ ਜਾਂਚ ਕਰਕ ਉਪਰੰਤ ਪੰਜ ਭਾਰਤੀਆਂ ਸਮੇਤ 11 ਵਿਅਕਤੀਆਂ ਨੂੰ ਧੋਖਾਧੜੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਆਪਣੀ ਟੈਕਸੀ ਵਿੱਚ ਸਫਰ ਕਰ ਰਹੀ ਸਵਾਰੀ ਤੋਂ ਕਿਰਾਇਆ ਲੈਂਦੇ ਸਮੇਂ ਉਸ ਦਾ ਏਟੀਐੱਮ ਕਾਰਡ ਬਦਲ ਲੈਂਦੇ ਤੇ ਬਾਅਦ ਵਿੱਚ ਉਸਦੀ ਵਰਤੋਂ ਕਰਦਿਆਂ ਰਾਸ਼ੀ ਉਡਾ ਦਿੰਦੇ ਸਨ।ਪੁਲੀਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਟੈਕਸੀ ਚਾਲਕਾਂ 300 ਲੋਕਾਂ ਨਾਲ 5 ਲੱਖ ਡਾਲਰ (ਕਰੀਬ 3 ਕਰੋੜ ਰੁਪਏ) ਦੀ ਰਾਸ਼ੀ ਕਢਾਈ ਹੈ। ਇਸ ਦੌਰਾਨ ਕਾਬੂ ਕੀਤੇ ਗਏ ਭਾਰਤੀਆਂ ਦੀ ਪਛਾਣ ਇਕਜੋਤ ਨਾਹਲ (22), ਹਰਜੋਬਨ ਨਾਹਲ (25), ਹਰਪ੍ਰੀਤ ਸਿੰਘ (24) ਗੁਰਨੂਰ ਰੰਧਾਵਾ (20) ਗੌਰਵ ਤਾਕ (23) ਵਜੋਂ ਹੋਈ ਹੈ। ਪੁਲੀਸ ਬੁਲਾਰੇ ਡੇਵਿਡ ਕੌਫੀ ਨੇ ਦੱਸਿਆ ਕਿ ਦੋਸ਼ੀਆਂ ਤੋਂ ਸੈਂਕੜੇ ਬੈਂਕ ਕਾਰਡ, ਮਸ਼ੀਨਾਂ ਸਮੇਤ ਕਈ ਹੋਰ ਉਪਕਰਨ ਬਰਾਮਦ ਕੀਤੇ ਗਏ ਹਨ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਹ ਸਾਰੇ ਇੱਕ ਗਿਰੋਹ ਵਜੋਂ ਕੰਮ ਕਰਦੇ ਸਨ। ਟੈਕਸੀ ਵਿੱਚ ਬੈਠੀ ਸਵਾਰੀ ਤੋਂ ਪੈਸੇ ਲੈਂਣ ਮੌਕੇ ਉਹ ਤਰੀਕੇ ਨਾਲ ਕਾਰਡ ਲੈ ਕੇ ਉਸ ਤੋਂ ਪਿੰਨ ਪੁੱਛਦੇ ਅਤੇ ਏਟੀਐੱਮ ਕਾਰਡ ਬਦਲ ਕੇ ਸਵਾਰੀ ਨੂੰ ਹੋਰ ਕਾਰਡ ਦੇ ਦਿੰਦੇ।ਜਿਸ ਤੋਂ ਬਾਅਦ ਉਹ ਸਵਾਰੀ ਦੇ ਖਾਤੇ ਵਿੱਚੋਂ ਸਾਰੀ ਰਕਮ ਕਢਵਾ ਲੈਂਦੇ ਸਨ। ਪੁਲੀਸ ਅਨੁਸਾਰ ਉਨ੍ਹਾਂ ਕੋਲ ਇਸੇ ਤਰ੍ਹਾਂ ਦੀ ਧੋਖਾਧੜੀ ਦੀਆਂ 300 ਤੋਂ ਵੱਧ ਸ਼ਿਕਾਇਤਾਂ ਆਈਆਂ ਸਨ। ਉਸ ਨੇ ਦੱਸਿਆ ਕਿ ਮੁਲਜ਼ਮ ਟੈਕਸੀ ਦੀ ਥਾਂ 'ਤੇ ਆਮ ਕਾਰ ਦੀ ਵਰਤੋਂ ਕਰਦੇ ਸਨ ਅਤੇ ਟੈਕਸੀ ਵਰਗੇ ਸਟਿੱਕਰ ਲਾ ਕੇ ਸਵਾਰੀਆਂ ਨੂੰ ਭਰਮਾ ਲੈਂਦੇ।



# ਇਤਿਹਾਸ ਦੀ ਸਭ ਤੋਂ ਵੱਡੀ ਆਨਲਾਈਨ ਡੈਟਾ ਚੋਰੀ, 16 ਅਰਬ ਲੋਕਾਂ ਦਾ ਡਾਟਾ ਲੀਕ !

ਨਵੀਂ ਦਿੱਲੀ, 20 ਜੂਨ (ਚ.ਨ.ਸ.): ਇਤਿਹਾਸ ਦੇ ਸਭ ਤੋਂ ਵੱਡੇ ਡੇਟਾ ਉਲੰਘਣਾਵਾਂ ਵਿੱਚੋਂ ਇੱਕ ਵਿੱਚ, ਸਾਈਬਰ ਸੁਰੱਖਿਆ ਖੋਜਕਰਤਾਵਾਂ ਨੇ ਪਾਸਵਰਡਾਂ ਸਮੇਤ 16 ਅਰਬ ਲੌਗਇਨ ਦੇ ਲੀਕ ਹੋਣ ਦੀ ਪੁਸ਼ਟੀ ਕੀਤੀ ਹੈ। ਫੋਰਬਸ ਦੀ ਰਿਪੋਰਟ ਅਨੁਸਾਰ, ਸਾਈਬਰ ਸੁਰੱਖਿਆ ਖੋਜਕਰਤਾਵਾਂ ਨੇ ਖੁਲਾਸਾ ਕੀਤਾ ਹੈ ਕਿ 16 ਅਰਬ ਲੌਗਇਨ ਚੋਰੀ ਹੋ ਗਏ ਹਨ, ਜਿਸ ਵਿੱਚ ਪਾਸਵਰਡ ਵੀ ਸ਼ਾਮਲ ਹਨ।ਇਸਨੂੰ ਤਕਨਾਲੋਜੀ ਇਤਿਹਾਸ ਦੇ ਸਭ ਤੋਂ ਵੱਡੇ ਲੀਕ ਵਿੱਚੋਂ ਇੱਕ ਦੱਸਿਆ ਜਾ ਰਿਹਾ ਹੈ। ਹਾਲਾਂਕਿ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਹ ਡੇਟਾ ਲੀਕ ਐਪਲ, ਗੂਗਲ, ਫੇਸਬੁੱਕ, ਗਿਟਹਬ, ਟੈਲੀਗ੍ਰਾਮ ਆਦਿ ਵਰਗੇ ਪਲੇਟਫਾਰਮਾਂ ਦੀ ਕਿਸੇ ਵੀ ਔਨਲਾਈਨ ਸੇਵਾ ਵਿੱਚ ਉਲੰਘਣਾ ਦਾ ਕਾਰਨ ਬਣ ਸਕਦਾ ਹੈ।ਇਹ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕਈ ਰਿਪੋਰਟਾਂ ਨੇ 180 ਮਿਲੀਅਨ ਰਿਕਾਰਡਾਂ ਵਾਲੇ ਇੱਕ ਰਹੱਸਮਈ ਡੇਟਾਬੇਸ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਹੈ, ਜੋ ਇੱਕ ਵੈੱਬ ਸਰਵਰ 'ਤੇ ਅਸੁਰੱਖਿਅਤ ਤੌਰ 'ਤੇ ਮੌਜੂਦ ਹੈ। ਖੋਜਕਰਤਾਵਾਂ ਨੇ ਖੁਲਾਸਾ ਕੀਤਾ ਹੈ ਕਿ ਇਹ ਇੱਕ ਬਹੁਤ ਵੱਡੇ ਲੀਕ ਦਾ ਇੱਕ ਹਿੱਸਾ ਹੋ ਸਕਦਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਖੋਜਕਰਤਾਵਾਂ ਨੇ 30 ਡੇਟਾਸੈੱਟਾਂ ਦਾ ਪਤਾ ਲਗਾਇਆ ਹੈ, ਜਿਨ੍ਹਾਂ ਵਿੱਚੋਂ ਹਰੇਕ ਵਿੱਚ 3.5 ਅਰਬ ਰਿਕਾਰਡ ਹਨ। ਜਿਸ ਵਿੱਚ ਸੋਸ਼ਲ ਮੀਡੀਆ ਅਤੇ ਲੌਗਇਨ ਦੇ ਨਾਲ-ਨਾਲ ਕਾਰਪੋਰੇਟ ਅਤੇ ਡਿਵੈਲਪਰ ਪਲੇਟਫਾਰਮ ਆਦਿ ਬਾਰੇ ਜਾਣਕਾਰੀ ਹੁੰਦੀ ਹੈ।



# ਸਿਡਨੀ 'ਚ ਖਸਰੇ ਦਾ ਇੱਕ ਹੋਰ ਮਾਮਲਾ, ਚੇਤਾਵਨੀ ਜਾਰੀ

ਸਿਡਨੀ, 20 ਜੂਨ (ਚ.ਨ.ਸ.): ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿੱਚ ਖਸਰੇ ਦਾ ਇੱਕ ਨਵਾਂ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਿਹਤ ਚੇਤਾਵਨੀ ਜਾਰੀ ਕੀਤੀ ਗਈ ਹੈ। ਨਿਊ ਸਾਊਥ ਵੇਲਜ਼ ਰਾਜ ਦੇ ਸਿਹਤ ਵਿਭਾਗ ਨੇ ਕਿਹਾ ਕਿ ਸੰਕਰਮਿਤ ਵਿਅਕਤੀ ਦੀ ਇੱਥੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਾਂਚ ਕੀਤੀ ਗਈ। ਉਹ ਸੋਮਵਾਰ ਨੂੰ ਦੱਖਣ-ਪੂਰਬੀ ਏਸ਼ੀਆ ਤੋਂ ਸਿਡਨੀ ਪਹੁੰਚਿਆ, ਜਿੱਥੇ ਕਈ ਦੇਸ਼ਾਂ ਵਿੱਚ ਖਸਰੇ ਦਾ ਪ੍ਰਕੋਪ ਹੈ। ਸਿਹਤ ਵਿਭਾਗ ਨੇ ਵੀਅਤਨਾਮ ਏਅਰਲਾਈਨਜ਼ ਦੀ ਉਡਾਣ ਤੋਂ ਸੋਮਵਾਰ ਨੂੰ ਸਿਡਨੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇ ਯਾਤਰੀਆਂ ਜਾਂ ਉਸ ਦਿਨ ਸਵੇਰੇ 8:00 ਵਜੇ ਤੋਂ 9:30 ਵਜੇ ਦੇ ਵਿਚਕਾਰ ਆਮਦ ਅਤੇ ਸਾਮਾਨ ਵਾਲੇ ਖੇਤਰ ਵਿੱਚ ਮੌਜੂਦ ਯਾਤਰੀਆਂ ਨੂੰ ਖਸਰੇ ਦੇ ਲੱਛਣਾਂ 'ਤੇ ਨਜ਼ਰ ਰੱਖਣ ਦੀ ਸਲਾਹ ਦਿੱਤੀ ਹੈ। ਦੱਖਣੀ ਪੱਛਮੀ ਸਿਡਨੀ ਦੇ ਸਥਾਨਕ ਸਿਹਤ ਜ਼ਿਲ੍ਹੇ ਦੇ ਜਨਤਕ ਸਿਹਤ ਵਿਭਾਗ ਦੇ ਕਾਰਜਕਾਰੀ ਨਿਰਦੇਸ਼ਕ ਮਿਸ਼ੇਲ ਸਮਿਥ ਨੇ ਕਿਹਾ ਕਿ ਖਸਰੇ ਦੇ ਸ਼ੁਰੂਆਤੀ ਲੱਛਣਾਂ ਵਿੱਚ ਬੁਖਾਰ, ਅੱਖਾਂ ਵਿੱਚ ਜਲਣ, ਨੱਕ ਵਗਣਾ ਅਤੇ ਖੰਘ ਸ਼ਾਮਲ ਹਨ। ਕੁਝ ਦਿਨਾਂ ਬਾਅਦ ਚਿਹਰੇ ਸਮੇਤ ਪੂਰੇ ਸਰੀਰ 'ਤੇ ਧੱਫੜ ਦਿਖਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਉਸ ਜਹਾਜ਼ ਵਿੱਚ ਯਾਤਰਾ ਕਰ ਰਹੇ ਸਨ ਜਾਂ ਨਿਰਧਾਰਤ ਸਮੇਂ 'ਤੇ ਹਵਾਈ ਅੱਡੇ ਦੇ ਸਬੰਧਤ ਖੇਤਰਾਂ ਵਿੱਚ ਸਨ, ਉਨ੍ਹਾਂ ਨੂੰ 18 ਦਿਨਾਂ ਲਈ ਲੱਛਣਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਇਸ ਸਾਲ ਹੁਣ ਤੱਕ ਆਸਟ੍ਰੇਲੀਆ ਵਿੱਚ ਖਸਰੇ ਦੇ 80 ਪੁਸ਼ਟੀ ਕੀਤੇ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਪੂਰੇ 2024 ਵਿੱਚ ਇਹ ਗਿਣਤੀ 57 ਅਤੇ 2023 ਵਿੱਚ 26 ਸੀ।




# ਸ਼ੋਅਰੂਮ ਓਨਰਜ਼ ਐਸੋਸੀਏਸ਼ਨ ਦੇ ਵਫ਼ਦ ਵੱਲੋਂ ਨਿਸ਼ਾਂਤ ਕੁਮਾਰ ਯਾਦਵ ਨਾਲ ਮੁਲਾਕਾਤ

ਚੰਡੀਗੜ੍ਹ, 20 ਜੂਨ (ਅੰਮ੍ਰਿਤਪਾਲ ਸਿੰਘ): ਮੱਧ ਮਾਰਗ ਸ਼ੋਅਰੂਮ ਓਨਰਜ਼ ਐਸੋਸੀਏਸ਼ਨ ਦੇ ਇੱਕ ਵਫ਼ਦ ਨੇ ਸੈਕਟਰ 7 ਅਤੇ 26, ਚੰਡੀਗੜ੍ਹ ਵਿੱਚ ਵਪਾਰਕ ਸ਼ੋਅਰੂਮਾਂ ਨੂੰ ਨਿਯੰਤਰਿਤ ਕਰਨ ਵਾਲੇ ਇਮਾਰਤ ਉਪ-ਨਿਯਮਾਂ ਨਾਲ ਸਬੰਧਤ ਮੁੱਖ ਚਿੰਤਾਵਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ-ਕਮ-ਅਸਟੇਟ ਅਫਸਰ ਸ੍ਰੀ ਨਿਸ਼ਾਂਤ ਕੁਮਾਰ ਯਾਦਵ ਨਾਲ ਮੁਲਾਕਾਤ ਕੀਤੀ। ਲਗਭਗ 120 ਸ਼ੋਅਰੂਮ ਮਾਲਕਾਂ ਦੀ ਨੁਮਾਇੰਦਗੀ ਕਰਨ ਵਾਲੀ ਐਸੋਸੀਏਸ਼ਨ ਨੇ ਜਾਇਦਾਦਾਂ ਦੀ ਅਨੁਕੂਲ ਵਰਤੋਂ ਅਤੇ ਵਪਾਰਕ ਵਿਵਹਾਰਕਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਉਜਾਗਰ ਕੀਤਾ। ਇਨ੍ਹਾਂ ਵਿੱਚ ਪਰਿਵਰਤਨ ਖਰਚੇ, ਇਮਾਰਤ ਯੋਜਨਾ ਸੋਧਾਂ, ਕਿਰਾਏਦਾਰੀ ਨਿਯਮਾਂ ਅਤੇ ਪਿਛਲੇ ਵਿਹੜੇ ਅਤੇ ਬਾਲਕੋਨੀਆਂ ਦੀ ਵਰਤੋਂ ਨਾਲ ਸਬੰਧਤ ਮਾਮਲੇ ਸ਼ਾਮਲ ਸਨ। ਵਫ਼ਦ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ, ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਉਠਾਏ ਗਏ ਮੁੱਦਿਆਂ ਦੀ ਸਬੰਧਤ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਕੇ ਜਾਂਚ ਕੀਤੀ ਜਾਵੇਗੀ। ਮੀਟਿੰਗ ਦੌਰਾਨ ਏਈਓ ਨਵੀਨ ਰੱਤੂ ਅਤੇ ਰਾਜੀਵ ਤਿਵਾੜੀ ਵੀ ਮੌਜੂਦ ਸਨ।

# ਕੈਨੇਡਾ: ਸਰਕਾਰ ਦੀ ਟੈਕਸ ਕਟੌਤੀ ਯੋਜਨਾ ਰਾਹੀਂ ਹੋਵੇਗਾ ਸਿਰਫ਼ 280 ਡਾਲਰ ਸਾਲਾਨਾ ਦਾ ਫ਼ਾਇਦਾ



ਵਿਨੀਪੈਗ, 20 ਜੂਨ (ਚ.ਨ.ਸ.): ਲਿਬਰਲ ਸਰਕਾਰ ਦੇ ਵੱਲੋਂ ਕੀਤੇ ਵਾਅਦੇ ਤੇ ਕੈਨੇਡਾ ਵਾਸੀਆਂ ਦੀਆਂ ਆਸਾਂ 'ਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ, ਕਿਉਂਕਿ ਮੌਜੂਦਾ ਟੈਕਸ ਕਟੌਤੀ ਮਗਰੋਂ ਇਕ ਕੈਨੇਡੀਅਨ ਪਰਿਵਾਰ ਨੂੰ ਸਿਰਫ਼ 280 ਡਾਲਰ ਸਾਲਾਨਾ ਦੀ ਬੱਚਤ ਹੋਵੇਗੀ। ਜਦੋਂ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਯੋਜਨਾ ਵਿਚ 825 ਡਾਲਰ ਸਾਲਾਨਾ ਬੱਚਤ ਦਾ ਦਾਅਵਾ ਕੀਤਾ ਗਿਆ ਸੀ।ਪਾਰਲੀਮਾਨੀ ਬਜਟ ਅਫ਼ਸਰ ਈਵ ਗੀਰੋ ਨੇ ਕਿਹਾ ਕਿ ਇਕ ਕੈਨੇਡੀਅਨ ਪਰਿਵਾਰ ਨੂੰ ਔਸਤ ਆਧਾਰ 'ਤੇ ਜ਼ਿਆਦਾ ਰਿਆਇਤ ਮਿਲਦੀ ਨਜ਼ਰ ਨਹੀਂ ਆ ਰਹੀ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਟੈਕਸ ਕਟੌਤੀ ਬਿੱਲ ਪੇਸ਼ ਕੀਤੇ ਜਾਣ ਮੌਕੇ ਫਾਈਨਾਂਸ ਕੈਨੇਡਾ ਵੱਲੋਂ ਹਰ ਜੋੜੇ ਨੂੰ 840 ਡਾਲਰ ਸਾਲਾਨਾ ਦਾ ਫ਼ਾਇਦਾ ਹੋਣ ਬਾਰੇ ਦਾਅਵਾ ਕੀਤਾ ਗਿਆ ਸੀ। ਪਰ ਇਕ ਕੈਨੇਡੀਅਨ ਟੈਕਸਦਾਤਾ ਨੂੰ ਮੌਜੂਦਾ ਵਰ੍ਹੇ ਦੌਰਾਨ ਸਿਰਫ਼ 90 ਡਾਲਰ ਦਾ ਫ਼ਾਇਦਾ ਹੋਣ ਦੇ ਆਸਾਰ ਹਨ ਕਿਉਂਕਿ ਟੈਕਸ ਕਟੌਤੀ 1 ਜੁਲਾਈ ਤੋਂ ਲਾਗੂ ਹੋਣੀ ਹੈ।ਪਾਰਲੀਮਾਨੀ ਬਜਟ ਅਫ਼ਸਰ ਦਾ ਮੰਨਣਾ ਹੈ ਕਿ ਅਗਲੇ ਸਾਲ ਔਸਤ ਸਾਲਾਨਾ ਬੱਚਤ 190 ਡਾਲਰ ਤੱਕ ਜਾ ਸਕਦੀ ਹੈ। ਪਤੀ-ਪਤਨੀ ਦੋਹਾਂ ਦੀ ਕਮਾਈ ਨੂੰ ਜੋੜ ਕੇ ਦੇਖਿਆ ਜਾਵੇ ਤਾਂ ਦੂਜੀ ਇਨਕਮ ਬਰੈਕਟ(ਸਲੈਬ) ਵਿਚ ਆਉਂਦੇ ਇਕ ਬੱਚੇ ਵਾਲੇ ਜੋੜਿਆਂ ਨੂੰ ਅਗਲੇ ਸਾਲ 750 ਡਾਲਰ ਦੀ ਔਸਤ ਬੱਚਤ ਹੋ ਸਕਦੀ ਹੈ। ਇਸੇ ਤਰ੍ਹਾਂ ਬਿਨ੍ਹਾਂ ਬੱਚਿਆਂ ਵਾਲੇ ਇਕਹਿਰੇ ਕੈਨੇਡੀਅਨ, ਜੋ ਟੌਪ ਇਨਕਮ ਬਰੈਕਟ ਵਿਚ ਆਉਂਦਾ ਹੈ, ਨੂੰ ਸਾਲਾਨਾ ਆਧਾਰ 'ਤੇ 350 ਡਾਲਰ ਦੀ ਔਸਤ ਬੱਚਤ ਹੋ ਸਕਦੀ ਹੈ। ਪਹਿਲੀ ਇਨਕਮ ਬਰੈਕਟ ਵਿਚ ਆਉਂਦੇ ਇਕ ਬਜ਼ੁਰਗ ਨੂੰ ਸਿਰਫ਼ 50 ਡਾਲਰ ਦਾ ਫ਼ਾਇਦਾ ਹੋਣ ਦੇ ਆਸਾਰ ਹਨ, ਜਦਕਿ ਇਸੇ ਟੈਕਸ ਬਰੈਕਟ ਵਿਚ ਆਉਂਦੇ ਸਿੰਗਲ ਮਾਪਿਆਂ ਨੂੰ ਔਸਤਨ 140 ਡਾਲਰ ਦਾ ਫ਼ਾਇਦਾ ਹੋ ਸਕਦਾ ਹੈ।ਲਿਬਰਲ ਸਰਕਾਰ ਦੇ ਚੋਣ ਵਾਅਦੇ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ 57,375 ਡਾਲਰ ਦੀ ਪਹਿਲੀ ਟੈਕਸ ਯੋਗ ਆਮਦਨ ਉੱਤੇ ਟੈਕਸ ਦਰ 15 ਫ਼ੀ ਸਦੀ ਤੋਂ ਘਟਾ ਕੇ 14.5 ਫ਼ੀਸਦੀ ਕੀਤੀ ਜਾਣੀ ਹੈ ਅਤੇ ਅਗਲੇ ਵਰ੍ਹੇ ਤੋਂ ਟੈਕਸ ਦਰ ਘਟਾ ਕੇ 14 ਫ਼ੀਸਦੀ ਕਰ ਦਿੱਤੀ ਜਾਵੇਗੀ।

## ਸਿਹਤ ਸੰਭਾਲ ਦਾ ਭਵਿੱਖ ਮਿਸੀਸਾਗਾ ਵਿੱਚ ਹੋਵੇਗਾ ਸ਼ੁਰੂ

# ਟ੍ਰਿਲੀਅਮ ਹੈਲਥ ਪਾਰਟਨਰਜ਼ ਕੈਨੇਡਾ ਦੇ ਸਭ ਤੋਂ ਵੱਡੇ ਹਸਪਤਾਲ ਦਾ ਰੱਖਣਗੇ ਨੀਂਹ ਪੱਥਰ

ਮਿਸੀਸਾਗਾ, 20 ਜੂਨ (ਚ.ਨ.ਸ.): ਟ੍ਰਿਲੀਅਮ ਹੈਲਥ ਪਾਰਟਨਰਜ਼ ਦਿ ਪੀਟਰ ਗਿਲਗਨ ਮਿਸੀਸਾਗਾ ਹਸਪਤਾਲ ਅਤੇ ਸ਼ਾਹ ਫੈਮਿਲੀ ਹਸਪਤਾਲ ਫਾਰ ਵੂਮੈਨ ਐਂਡ ਚਿਲਡਰਨ ਦਾ ਨੀਂਹ ਪੱਥਰ ਰੱਖ ਕੇ ਇੱਕ ਇਤਿਹਾਸਕ ਮੀਲ ਪੱਥਰ ਰੱਖਣਗੇ।ਕੈਨੇਡਾ ਦੀ ਸਭ ਤੋਂ ਵੱਡੀ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੀ ਨਵੀਨੀਕਰਨ ਯੋਜਨਾ, ਟ੍ਰਿਲੀਅਮ ਹੈਲਥਵਰਕਸ ਦੇ ਹਿੱਸੇ ਵਜੋਂ, ਨਵੇਂ ਹਸਪਤਾਲ ਮੌਜੂਦਾ ਮਿਸੀਸਾਗਾ ਹਸਪਤਾਲ ਦੀ ਥਾਂ ਲੈਣਗੇ ਅਤੇ ਇੱਕ ਆਧੁਨਿਕ ਸ਼ਹਿਰੀ ਸਿਹਤ ਕੇਂਦਰ ਦੇ ਐਂਕਰ ਵਜੋਂ ਕੰਮ ਕਰਨਗੇ, ਦੇਸ਼ ਦੇ ਸਭ ਤੋਂ ਵੱਖ ਅਤੇ ਤੇਜ਼ੀ ਨਾਲ ਵਧ ਰਹੇ ਭਾਈਚਾਰਿਆਂ ਵਿੱਚੋਂ ਇੱਕ ਨੂੰ ਉੱਚ-ਗੁਣਵੱਤਾ, ਵਿਸ਼ੇਸ਼ ਦੇਖਭਾਲ ਪ੍ਰਦਾਨ ਕਰਨਗੇ। ਸਮਾਗਮ 25 ਜੂਨ ਸਵੇਰੇ 8:30 ਤੋਂ 11 ਵਜੇ ਤੱਕ ਚੱਲੇਗਾ ਅਤੇ ਭਾਸ਼ਣ ਟਿੱਪਣੀਆਂ ਸਵੇਰੇ 9:15 ਵਜੇ ਸ਼ੁਰੂ ਹੋਣਗੀਆਂ। ਇਸ ਮੌਕੇ ਕਾਰਲੀ ਫੈਰੋ, ਪ੍ਰਧਾਨ ਅਤੇ ਸੀਈਓ, ਟ੍ਰਿਲੀਅਮ ਹੈਲਥ ਪਾਰਟਨਰਜ਼ ਹਾਜ਼ਰ ਰਹਿਣਗੇ। ਮੀਡੀਆ ਉਪਕਰਣ ਬ੍ਰੌਂਟੇ ਕੋਰਟ ਅਤੇ ਹੁਰੋਂਟਾਰੀਓ ਸਟਰੀਟ ਦੇ ਨੇੜੇ ਸਥਾਨ ਲਾਟ ਵਿਖੇ ਛੱਡੇ ਜਾਣਗੇ। 2211 ਸ਼ੇਰੋਬੀ ਰੋਡ ਤੇ ਆਫਸਾਈਟ ਪਾਰਕਿੰਗ ਹੋਵੇਗੀ। 23 ਜੂਨ ਤੱਕ ਪ੍ਰਿਯੰਕਾ ਨਾਸਤਾ ਨੂੰ ਆਰਐੱਸਵੀਪੀ ਕਰੋ।ਟ੍ਰਿਲੀਅਮ ਹੈਲਥ ਪਾਰਟਨਰਜ਼ ਕੈਨੇਡਾ ਵਿੱਚ ਸਭ ਤੋਂ ਵੱਡਾ ਕਮਿਊਨਿਟੀ-ਅਧਾਰਤ ਹਸਪਤਾਲ ਨੈੱਟਵਰਕ ਹੈ। ਕ੍ਰੈਡਿਟ ਵੈਲੀ ਹਸਪਤਾਲ, ਮਿਸੀਸਾਗਾ ਹਸਪਤਾਲ ਅਤੇ ਕਵੀਨਜ਼ਵੇ ਹੈਲਥ ਸੈਂਟਰ ਸ਼ਾਮਲ ਹਨ, ਟ੍ਰਿਲੀਅਮ ਹੈਲਥ ਪਾਰਟਨਰਜ਼ ਮਿਸੀਸਾਗਾ, ਵੈਸਟ ਟੋਰਾਂਟੋ ਅਤੇ ਆਲੇ ਦੁਆਲੇ ਦੇ ਭਾਈਚਾਰਿਆਂ ਦੀ ਵਧਦੀ ਅਤੇ ਵਿਭਿੰਨ ਆਬਾਦੀ ਦੀ ਸੇਵਾ ਕਰਦਾ ਹੈ। ਟ੍ਰਿਲੀਅਮ ਹੈਲਥ ਪਾਰਟਨਰਜ਼ ਟੋਰਾਂਟੋ ਯੂਨੀਵਰਸਿਟੀ ਨਾਲ ਸਬੰਧਤ ਇੱਕ ਅਧਿਆਪਨ ਹਸਪਤਾਲ ਹੈ, ਜੋ ਮਿਸੀਸਾਗਾ ਓਨਟਾਰੀਓ ਹੈਲਥ ਟੀਮ ਦਾ ਇੱਕ ਮੈਂਬਰ ਹੈ ਅਤੇ ਇੰਸਟੀਚਿਊਟ ਫਾਰ ਬੈਟਰ ਹੈਲਥ ਦਾ ਘਰ ਹੈ।

# 260 ਤੋਂ ਵਧੇਰੇ ਅ਼ਫਗਾਨ ਨਾਗਰਿਕ ਵਾਪਸ ਪਰਤੇ ਦੇਸ਼

ਕਾਬੁਲ, 20 ਜੂਨ (ਚ.ਨ.ਸ.): ਪਾਕਿਸਤਾਨੀ ਜੇਲ੍ਹਾਂ ਵਿੱਚ ਬੰਦ ਕੁੱਲ 269 ਅਫਗਾਨ ਨਾਗਰਿਕਾਂ ਨੂੰ ਰਿਹਾਅ ਕਰਕੇ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਗਿਆ। ਦੇਸ਼ ਦੇ ਮੀਡੀਆ ਸੰਗਠਨ ਟੋਲੋ ਨਿਊਜ਼ ਨੇ ਇਹ ਜਾਣਕਾਰੀ ਦਿੱਤੀ। ਰਿਪੋਰਟ ਅਨੁਸਾਰ ਰਿਹਾਅ ਕੀਤੇ ਗਏ ਲੋਕਾਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਨੇ ਵੱਖ-ਵੱਖ ਪਾਕਿਸਤਾਨੀ ਜੇਲ੍ਹਾਂ ਵਿੱਚ ਤਿੰਨ ਮਹੀਨੇ ਬਿਤਾਏ। ਇਨ੍ਹਾਂ ਸਾਰਿਆਂ ਨੂੰ ਤੋਰਖਮ ਸਰਹੱਦੀ ਚੌਕੀ ਤੇ ਅਫਗਾਨ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ। ਪਿਛਲੇ ਛੇ ਮਹੀਨਿਆਂ ਵਿੱਚ, ਪਾਕਿਸਤਾਨ ਨੇ ਸੈਂਕੜੇ ਅਫਗਾਨ ਕੈਦੀਆਂ ਨੂੰ ਰਿਹਾਅ ਕੀਤਾ ਹੈ। ਇਸ ਦੇ ਨਾਲ ਹੀ ਇਸਲਾਮਾਬਾਦ ਨੇ ਉਨ੍ਹਾਂ ਅਫਗਾਨ ਸ਼ਰਨਾਰਥੀਆਂ ਨੂੰ ਦੇਸ਼ ਛੱਡਣ ਲਈ ਕਿਹਾ ਹੈ ਜਿਨ੍ਹਾਂ ਕੋਲ ਜਾਇਜ਼ ਯਾਤਰਾ ਦਸਤਾਵੇਜ਼ ਨਹੀਂ ਹਨ।



# ਚੰਡੀਗੜ੍ਹ ਦੇ ਮੁੱਖ ਸਕੱਤਰ ਨੇ ਠੋਸ ਅਤੇ ਤਰਲ ਰਹਿੰਦ-ਖੂੰਹਦ ਦੀ ਸਥਿਤੀ ਦੀ ਕੀਤੀ ਸਮੀਖਿਆ

ਚੰਡੀਗੜ੍ਹ, 20 ਜੂਨ (ਅੰਮ੍ਰਿਤਪਾਲ ਸਿੰਘ): ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਨੇ ਨਗਰ ਨਿਗਮ ਠੋਸ ਰਹਿੰਦ-ਖੂੰਹਦ ਨਿਯਮਾਂ, 2016 ਅਤੇ ਹੋਰ ਵਾਤਾਵਰਣ ਸੰਬੰਧੀ ਮੁੱਦਿਆਂ ਦੀ ਪਾਲਣਾ ਦੇ ਮਾਮਲੇ ਵਿੱਚ ਮਾ ਣਯੋਗ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ ਦੇ ਨਿਰਦੇਸ਼ਾਂ ਅਨੁਸਾਰ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਦੀ ਪਾਲਣਾ ਦੀ ਸਥਿਤੀ ਦੀ ਸਮੀਖਿਆ ਕੀਤੀ।

ਮੀਟਿੰਗ ਵਿੱਚ ਸ੍ਰੀ ਮਨਦੀਪ ਸਿੰਘ ਬਰਾੜ, ਸਕੱਤਰ ਵਾਤਾਵਰਣ ਅਤੇ ਸਥਾਨਕ ਸਰਕਾਰ, ਸ੍ਰੀ ਦੀਪਰਵਾ ਲਾਕਰਾ, ਵਿੱਤ ਸਕੱਤਰ, ਸ੍ਰੀ ਸੌਰਭ ਕੁਮਾਰ, ਡਾਇਰੈਕਟਰ ਵਾਤਾਵਰਣ, ਸ੍ਰੀ ਅਮਿਤ ਕੁਮਾਰ, ਕਮਿਸ਼ਨਰ, ਐਮਸੀਸੀ, ਸ੍ਰੀ ਸੀ.ਬੀ. ਓਝਾ, ਮੁੱਖ ਇੰਜੀਨੀਅਰ, ਇੰਜੀਨੀਅਰਿੰਗ ਵਿਭਾਗ ਅਤੇ ਸ੍ਰੀ ਸੰਜੇ ਅਰੋੜਾ, ਮੁੱਖ ਇੰਜੀਨੀਅਰ, ਐਮਸੀਸੀ ਸ਼ਾਮਲ ਹੋਏ।ਮੀਟਿੰਗ ਦੌਰਾਨ, ਡਾਇਰੈਕਟਰ ਵਾਤਾਵਰਣ-ਕਮ-ਮੈਂਬਰ ਸਕੱਤਰ, ਸੀਪੀਸੀਸੀ ਨੇ ਗੰਦੇ ਪਾਣੀ ਦੇ ਉਤਪਾਦਨ ਅਤੇ ਇਸਦੇ ਇਲਾਜ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਚੰਡੀਗੜ੍ਹ ਦੀ ਸਮਰੱਥਾ ਲਗਭਗ 255 ਐਮਐਲਡੀ ਹੈ ਜਦੋਂ ਕਿ ਲਗਭਗ 255 ਐਮਐਲਡੀ ਉਤਪਾਦਨ ਹੈ। 232 ਐਮ.ਐਲ.ਡੀ. ਇਸ ਲਈ ਗੰਦੇ ਪਾਣੀ ਦੇ ਇਲਾਜ ਲਈ 100% ਤੋਂ ਵੱਧ ਸਮਰੱਥਾ ਹੈ।

ਸਾਰੇ ਐਸ.ਟੀ.ਪੀ. ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ ਅਤੇ ਕਮਿਸ਼ਨਰ, ਐਮ.ਸੀ.ਸੀ. ਨੇ ਉਨ੍ਹਾਂ ਦੁਆਰਾ ਚੁੱਕੇ ਗਏ ਕਦਮਾਂ ਬਾਰੇ ਦੱਸਿਆ ਜਿਵੇਂ ਕਿ ਮਾਹਰ ਏਜੰਸੀਆਂ ਨਾਲ ਸਲਾਹ-ਮਸ਼ਵਰਾ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਐਸ.ਟੀ.ਪੀ. ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਉਹ ਹਰ ਸੰਭਵ ਕਦਮ ਚੁੱਕ ਰਹੇ ਹਨ ਤਾਂ ਜੋ ਟ੍ਰੀਟ ਕੀਤੇ ਪਾਣੀ ਦਾ ਨਾਲਿਆਂ ਵਿੱਚ ਨਿਕਾਸ ਨਾ ਹੋਵੇ ਅਤੇ ਪੂਰੇ ਸੀਵਰੇਜ ਨੂੰ ਟ੍ਰੀਟਮੈਂਟ ਲਈ ਐਸ.ਟੀ.ਪੀ. ਵਿੱਚ ਭੇਜਿਆ ਜਾਵੇ।ਮੁੱਖ ਸਕੱਤਰ ਨੇ ਨਿਰਦੇਸ਼ ਦਿੱਤੇ ਕਿ ਸਾਰੇ ਬਚੇ ਹੋਏ ਕੰਮ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰੇ ਕੀਤੇ ਜਾਣ। ਸਬੰਧਤ ਵਿਭਾਗਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਅਣਸੋਧਿਆ ਗੰਦਾ ਪਾਣੀ ਚੋਅ/ਡਰੇਨ ਵਿੱਚ ਨਾ ਛੱਡਿਆ ਜਾਵੇ ਅਤੇ ਚੋਅ ਸਮੇਤ ਚੰਡੀਗੜ੍ਹ ਵਿੱਚ ਕਿਤੇ ਵੀ ਕੋਈ ਠੋਸ ਰਹਿੰਦ-ਖੂੰਹਦ ਨਾ ਸੁੱਟੀ ਜਾਵੇ, ਨਹੀਂ ਤਾਂ ਡਿਫਾਲਟਰਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਈਰਾਨ ਜੰਗ ਕਰਕੇ ਪੁੱਤ ਦਾ ਵਿਆਹ ਦੂਜੀ ਵਾਰ ਅੱਗੇ ਪਿਆ: ਨੇਤਨਯਾਹੂ

ਯੇਰੂਸ਼ਲਮੀ, 20 ਜੂਨ (ਚ.ਨ.ਸ.): ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵਿਵਾਦਿਤ ਬਿਆਨ ਕਰਕੇ ਮੁੜ ਸੁਰਖੀਆਂ ਵਿਚ ਹਨ। ਇਸ ਦੀ ਵਜ੍ਹਾ ਉਨ੍ਹਾਂ ਦਾ ਉਹ ਬਿਆਨ ਹੈ, ਜਿਸ ਨੇ ਜੰਗ ਦੀ ਪੀੜ ਨੂੰ ਲੈ ਕੇ ਪੂਰੇ ਦੇਸ਼ ਵਿਚ ਗੁੱਸਾ ਭਰ ਦਿੱਤਾ ਹੈ। ਦਰਅਸਲ ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਨੂੰ ਇਰਾਨ ਨਾਲ ਜਾਰੀ ਮੌਜੂਦਾ ਜੰਗ ਕਰਕੇ ਆਪਣੇ ਪੁੱਤਰ ਐਵਨਰ ਦਾ ਵਿਆਹ ਦੂਜੀ ਵਾਰ ਮੁਲਤਵੀ ਕਰਨਾ ਪਿਆ ਹੈ। ਉਨ੍ਹਾਂ ਇਸ ਨੂੰ ਪਰਿਵਾਰ ਲਈ 'ਨਿੱਜੀ ਕੀਮਤ' ਦੱਸਿਆ। ਉਧਰ ਨੇਤਨਯਾਹੂ ਦੀ ਇਸ ਟਿੱਪਣੀ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਲੋਕਾਂ ਦਾ ਗੁੱਸਾ ਫੁੱਟ ਪਿਆ ਹੈ।ਨੇਤਨਯਾਹੂ ਨੇ ਇਹ ਬਿਆਨ ਦੱਖਣੀ ਸ਼ਹਿਰ ਬੀਰਸ਼ੇਬਾ ਵਿਚ ਸੋਰੋਕਾ ਹਸਪਤਾਲ ਦੇ ਅੱਗੇ ਖੜ੍ਹ ਕੇ ਦਿੱਤਾ। ਇਰਾਨ ਨੇ ਲੰਘੇ ਦਿਨ ਇਸ ਹਪਸਤਾਲ 'ਤੇ ਮਿਜ਼ਾਈਆਂ ਦਾਗੀਆਂ ਸਨ। ਨੇਤਨਯਾਹੂ ਨੇ ਲੋਕਾਂ ਨੂੰ ਇਕ ਭਾਵੁਕ ਅਪੀਲ ਵਿਚ ਕਿਹਾ ਕਿ ਹੋਰਨਾਂ ਕਈ ਪਰਿਵਾਰਾਂ ਵਾਂਗ ਉਨ੍ਹਾਂ ਦੇ ਆਪਣੇ ਪਰਿਵਾਰ ਨੇ ਵੀ ਨਿੱਜੀ ਕੀਮਤ ਤਾਰੀ ਹੈ। ਉਨ੍ਹਾਂ ਕਿਹਾ ਕਿ ਵਿਆਹ ਅੱਗੇ ਪੈਣ ਨਾਲ ਐਵਨਰ ਦੀ ਮੰਗੇਤਰ ਅਤੇ ਉਸ ਦੀ ਪਤਨੀ ਸਾਰਾ ਨੂੰ ਵੱਡਾ ਧੱਕਾ ਲੱਗਾ ਹੈ। ਕਾਬਿਲੇਗੌਰ ਹੈ ਕਿ ਪਹਿਲਾਂ ਇਹ ਵਿਆਹ ਨਵੰਬਰ ਲਈ ਤਜਵੀਜ਼ਤ ਸੀ, ਪਰ ਉਦੋਂ ਇਸ ਨੂੰ ਸੁਰੱਖਿਆ ਫ਼ਿਕਰਾਂ ਦੇ ਹਵਾਲੇ ਨਾਲ ਮੁਲਤਵੀ ਕਰ ਦਿੱਤਾ ਗਿਆ ਸੀ। ਵਿਆਹ ਲਈ ਇਸ ਹਫ਼ਤੇ ਦੀ ਤਰੀਕ ਰੱਖੀ ਗਈ ਸੀ, ਜਿਸ ਨੂੰ ਹੁਣ ਫਿਰ ਅੱਗੇ ਪਾ ਦਿੱਤਾ ਗਿਆ ਹੈ।



# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਏ.ਆਈ. ਅਨਲੀਸ਼ਡ: ਮਾਸਟਰਿੰਗ 'ਦ ਟੂਲ ਆਫ ਟੂਮੋਰੋ' ਵਰਕਸ਼ਾਪ

ਮੰਡੀ ਗੋਬਿੰਦਗੜ੍ਹ, 20 ਜੂਨ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਟੈਕਨਾਲੋਜੀ ਅਤੇ ਕੰਪਿਊਟਿੰਗ ਫੈਕਲਟੀ ਨੇ ਵਿਨੋਵੇਸ਼ਨ ਟੈਕਨਾਲੋਜੀ ਦੇ ਸਹਿਯੋਗ ਨਾਲ, ਅੱਜ ਏਆਈ ਅਨਲੀਸ਼ਡ: ਮਾਸਟਰਿੰਗ ਦ ਟੂਲ ਆਫ ਟੂਮੋਰੋ ਸਿਰਲੇਖ ਵਾਲੀ ਇੱਕ ਬਹੁਤ ਹੀ ਸਫਲ ਹੱਥੀਂ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਉਦੇਸ਼ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵਿੱਚ ਨਵੀਨਤਾ ਅਤੇ ਡਿਜੀਟਲ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨਾ, ਆਧੁਨਿਕ ਏਆਈ ਟੂਲਸ ਦਾ ਵਿਹਾਰਕ ਐਕਸਪੋਜ਼ਰ ਪ੍ਰਦਾਨ ਕਰਨਾ ਸੀ।ਵਰਕਸ਼ਾਪ ਡਾ. ਜ਼ੋਰਾ ਸਿੰਘ, ਚਾਂਸਲਰ, ਡਾ. ਤਜਿੰਦਰ ਕੌਰ ਪ੍ਰੋ-ਚਾਂਸਲਰ, ਡਾ. ਹਰਸ਼ ਸਦਾਵਰਤੀ ਵਾਈਸ ਚਾਂਸਲਰ, ਪ੍ਰੋ ਵਾਈਸ ਚਾਂਸਲਰ, ਰਜਿਸਟਰਾਰ, ਡਾਇਰੈਕਟਰ, ਫੈਕਲਟੀ ਮੈਂਬਰ ਅਤੇ ਤਕਨੀਕੀ ਸਟਾਫ ਦੀ ਮਾਣਯੋਗ ਮੌਜੂਦਗੀ ਦੁਆਰਾ ਸ਼ੋਭਾ ਪ੍ਰਾਪਤ ਕੀਤੀ ਗਈ। 200 ਤੋਂ ਵੱਧ ਭਾਗੀਦਾਰ ਸੈਸ਼ਨ ਵਿੱਚ ਔਨਲਾਈਨ ਅਤੇ ਔਫਲਾਈਨ ਦੋਵੇਂ ਤਰ੍ਹਾਂ ਸ਼ਾਮਲ ਹੋਏ, ਜਿਸ ਨਾਲ ਇਹ ਸੱਚਮੁੱਚ ਪ੍ਰਭਾਵਸ਼ਾਲੀ ਅਤੇ ਵੱਡੇ ਪੱਧਰ ਦਾ ਪ੍ਰੋਗਰਾਮ ਬਣ ਗਿਆ।ਡਾ. ਜ਼ੋਰਾ ਸਿੰਘ, ਚਾਂਸਲਰ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਭਾਗ ਨੂੰ ਭਵਿੱਖ ਵਿੱਚ ਅਜਿਹੇ ਹੋਰ ਸਮਾਗਮਾਂ ਦਾ ਆਯੋਜਨ ਕਰਨ ਲਈ ਮਾਰਗਦਰਸ਼ਨ ਕੀਤਾ, ਏਆਈ ਸਾਖਰਤਾ ਅਤੇ ਨਵੀਨਤਾ-ਅਧਾਰਤ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਨੇ ਰੋਜ਼ਾਨਾ ਜੀਵਨ ਵਿੱਚ ਏਆਈ ਦੀ ਵਧਦੀ ਲੋੜ ਅਤੇ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਇੱਕ ਸੂਝਵਾਨ ਭਾਸ਼ਣ ਦਿੱਤਾ – ਨਾ ਸਿਰਫ਼ ਅਧਿਆਪਨ ਅਤੇ ਅਕਾਦਮਿਕ ਗਤੀਵਿਧੀਆਂ ਵਿੱਚ, ਸਗੋਂ ਗੈਰ-ਅਧਿਆਪਨ ਅਤੇ ਪ੍ਰਸ਼ਾਸਕੀ ਵਿਭਾਗਾਂ ਵਿੱਚ ਕੁਸ਼ਲਤਾ ਵਧਾਉਣ ਵਿੱਚ ਵੀ। ਉਨ੍ਹਾਂ ਦੀਆਂ ਟਿੱਪਣੀਆਂ ਨੇ ਦਰਸ਼ਕਾਂ ਨੂੰ ਆਪਣੀਆਂ ਰੋਜ਼ਾਨਾ ਦੀਆਂ ਕਾਰਜ ਪ੍ਰਕਿਰਿਆਵਾਂ ਵਿੱਚ ਏਆਈ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਵਿਨੋਵੇਸ਼ਨ ਟੈਕਨਾਲੋਜੀ ਦੇ ਸਰੋਤ ਵਿਅਕਤੀ ਸ਼੍ਰੀ ਸ਼ੁਭਮ ਜਸਰੋਟੀਆ ਨੇ ਚੈਟਜੀਪੀਟੀ, ਗੂਗਲ ਜੈਮਿਨੀ, ਕੈਨਵਾ ਏਆਈ, ਗ੍ਰਾਮਰਲੀ ਜੀਓ, ਅਤੇ ਹੋਰਾਂ ਵਰਗੇ ਸਾਧਨਾਂ ਨੂੰ ਕਵਰ ਕਰਨ ਵਾਲਾ ਇੱਕ ਦਿਲਚਸਪ ਸੈਸ਼ਨ ਆਯੋਜਿਤ ਕੀਤਾ। ਦਰਸ਼ਕਾਂ ਨੂੰ ਸੰਚਾਰ, ਡਿਜ਼ਾਈਨ, ਕੋਡਿੰਗ, ਅਕਾਦਮਿਕ ਲਿਖਤ ਅਤੇ ਡੇਟਾ ਸੰਗਠਨ ਵਰਗੇ ਖੇਤਰਾਂ ਵਿੱਚ ਇਹਨਾਂ ਸਾਧਨਾਂ ਦੀ ਵਿਹਾਰਕ ਵਰਤੋਂ ਨਾਲ ਜਾਣੂ ਕਰਵਾਇਆ ਗਿਆ। ਇਸ ਤੋਂ ਬਾਅਦ ਇੱਕ ਵਿਹਾਰਕ ਸਿਖਲਾਈ ਸੈਸ਼ਨ ਹੋਇਆ, ਜਿੱਥੇ ਭਾਗੀਦਾਰਾਂ ਨੇ ਸਾਧਨਾਂ ਨਾਲ ਸਰਗਰਮੀ ਨਾਲ ਜੁੜਿਆ ਅਤੇ ਅਸਲ-ਸਮੇਂ ਦਾ ਅਨੁਭਵ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਵਾਲੀਆਂ ਗਤੀਵਿਧੀਆਂ ਕੀਤੀਆਂ।ਇਸ ਪ੍ਰੋਗਰਾਮ ਦਾ ਸਮਾਪਨ ਡਾ. ਖੁਸ਼ਬੂ ਬਾਂਸਲ ਡਿਪਟੀ ਡਾਇਰੈਕਟਰ ਦੁਆਰਾ ਦਿੱਤੇ ਗਏ ਧੰਨਵਾਦ ਦੇ ਨਾਲ ਹੋਇਆ, ਜਿਨ੍ਹਾਂ ਨੇ ਯੂਨੀਵਰਸਿਟੀ ਲੀਡਰਸ਼ਿਪ, ਵਿਨੋਵੇਸ਼ਨ ਦੀ ਸਰੋਤ ਟੀਮ, ਪ੍ਰਬੰਧਕੀ ਕਮੇਟੀ ਅਤੇ ਸਾਰੇ ਭਾਗੀਦਾਰਾਂ ਦਾ ਉਨ੍ਹਾਂ ਦੀ ਉਤਸ਼ਾਹੀ ਸ਼ਮੂਲੀਅਤ ਲਈ ਦਿਲੋਂ ਧੰਨਵਾਦ ਕੀਤਾ।

# ਬਾਬਾ ਰਾਮ ਜੋਗੀ ਪੀਰ ਚਹਿਲ ਪਿੰਡ ਘਨੌਰੀ ਕਲਾਂ ਦੀ ਨਵੀ ਪ੍ਰਬੰਧਕ ਕਮੇਟੀ ਦੀ ਚੋਣ ਸੰਪੰਨ



ਧੂਰੀ, 20 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਧਾਰਮਿਕ ਅਸਥਾਨ ਬਾਬਾ ਰਾਮ ਜੋਗੀ ਪੀਰ ਜੀ ਚਹਿਲ ਪਿੰਡ ਘਨੌਰੀ ਕਲਾਂ ਦੀ ਪ੍ਰਬੰਧਕ ਕਮੇਟੀ ਦੀ ਸਰਪੰਚ ਗਰਾਮ ਪੰਚਾਇਤ ਘਨੌਰੀ ਕਲਾਂ ਅਤੇ ਪ੍ਰਬੰਧਕ ਕਮੇਟੀ ਦੀ ਮੌਜੂਦਗੀ ਵਿੱਚ ਸਰਬਸੰਮਤੀ ਨਾਲ ਹੋਈ ਮੀਟਿੰਗ ਵਿੱਚ ਜਰਨੈਲ ਸਿੰਘ ਨੰਬਰਦਾਰ ਨੂੰ ਪ੍ਰਧਾਨ ਚੁਣ ਲਿਆ ਗਿਆ। ਮਾਰਕਿਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ ਅਤੇ ਸਰਪੰਚ ਅੰਮ੍ਰਿਤਪਾਲ ਸਿੰਘ ਚਹਿਲ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਕੀ ਅਹੁੱਦੇਦਾਰਾਂ ਦੀ ਕੀਤੀ ਗਈ ਚੋਣ ਵਿੱਚ ਸੀਨੀਅਰ ਮੀਤ ਪ੍ਰਧਾਨ ਗੁਰਲਾਲ ਸਿੰਘ ਪੰਚ, ਮੀਤ ਪ੍ਰਧਾਨ ਅਮਰਜੀਤ ਸਿੰਘ, ਖਜ਼ਾਨਚੀ ਗੁਰਪ੍ਰੀਤ ਸਿੰਘ, ਮੀਤ ਸਕੱਤਰ ਜਰਨਲ ਗੁਰਪ੍ਰੀਤ ਸਿੰਘ ਮੁਖੀਆਂ, ਜਰਨਲ ਸਕੱਤਰ ਸ੍ਰ ਰਣਜੀਤ ਸਿੰਘ ਪੰਚ ਨੂੰ ਚੁਣਿਆ ਗਿਆ। ਇਸ ਮੌਕੇ ਸਰਪੰਚ ਅੰਮ੍ਰਿਤਪਾਲ ਸਿੰਘ, ਕੇਵਲ ਸਿੰਘ ਪੰਚ,ਅਮਨ ਖਾਨ, ਗੁਰਪ੍ਰੀਤ ਸਿੰਘ, ਨਿਰਭੈਅ ਸਿੰਘ, ਮਲਕੀਤ ਸਿੰਘ ਸਾਬਕਾ ਪੰਚ, ਕੁਲਵਿੰਦਰ ਸਿੰਘ ਪੰਚ, ਸਤਪਾਲ ਸਿੰਘ ਸਾਬਕਾ ਪੰਚ, ਦਰਸ਼ਨ ਸਿੰਘ , ਜਗਦੀਪ ਸਿੰਘ, ਪਵਨਪ੍ਰੀਤ ਸਿੰਘ, ਗੁਰਤੇਜ ਸਿੰਘ , ਰਾਂਝਾ ਖਾਂ ਹਾਜ਼ਰ ਸਨ।

# ਬਠਿੰਡਾ ਥਰਮਲ ਕਲੋਨੀ ਨੇੜੇ ਵਾਪਰੇ ਗੋਲੀ ਕਾਂਡ 'ਚ ਨਵਾਂ ਖੁਲਾਸਾ,ਕਰਨਾ ਸੀ ਹਿੰਦੂ ਨੇਤਾ ਦਾ ਕਤਲ ਭੁਲੇਖੇ ਨਾਲ ਕਿਸੇ ਹੋਰ ਨੂੰ ਮਾਰੀਆਂ ਗੋਲ਼ੀਆਂ

ਬਠਿੰਡਾ, 20 ਜੂਨ (ਦੀਪਕ ਸ਼ਰਮਾ): ਸੋਮਵਾਰ ਦੀ ਸਵੇਰ ਬਠਿੰਡਾ ਦਹਿਸ਼ਤ ਦਾ ਮਾਹੌਲ ਬਣਾਉਣ ਵਾਲੇ ਗੋਲੀ ਕਾਂਡ ਦੀ ਸੱਚਾਈ ਨਵੇਂ ਰੂਪ ਵਿੱਚ ਸਾਹਮਣੇ ਆਈ ਹੈ। ਦਰਅਸਲ ਬਠਿੰਡਾ ਸ਼ਹਿਰ ਦੀ ਥਰਮਲ ਕਲੋਨੀ ਨੇੜੇ ਗੋਲੀਆਂ ਚਲਾ ਕੇ ਇਕ ਵਿਅਕਤੀ ਨੂੰ ਜਖਮੀ ਕਰਨ ਦੇ ਮਾਮਲੇ ਵਿੱਚ ਨਵਾਂ ਖੁਲਾਸਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਵਿਅਕਤੀ ਦੇ ਹਮਲਾਵਰਾਂ ਨੇ ਗਲਤੀ ਨਾਲ ਹੀ ਗੋਲੀਆਂ ਮਾਰ ਦਿੱਤੀਆਂ, ਜਦੋਂਕਿ ਉਹ ਇਕ ਹਿੰਦੂ ਨੇਤਾ ਦੀ ਹੱਤਿਆ ਕਰਨ ਦੇ ਮਨੋਰਥ ਨਾਲ ਆਏ ਸਨ। ਹਮਲਾਵਰਾਂ ਨੇ ਥਰਮਲ ਕਲੋਨੀ ਦੇ ਗੇਟ ਨੰਬਰ ਦੋ ਨੇੜੇ ਚਾਹ ਦੀ ਦੁਕਾਨ ਉੱਪਰ ਬੈਠੇ ਹਿੰਦੂ ਨੇਤਾ ਦੀ ਸ਼ਕਲ ਵਾਲੇ ਵਿਅਕਤੀ ਉੱਪਰ ਗੋਲੀਆਂ ਚਲਾ ਦਿੱਤੀਆਂ। ਪੁਲਿਸ ਸੂਤਰਾਂ ਅਨੁਸਾਰ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀ ਆਗੂਆਂ ਦੇ ਇਸ਼ਾਰੇ 'ਤੇ ਤਿੰਨ ਵਿਅਕਤੀ ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਬਠਿੰਡਾ ਦੀ ਥਰਮਲ ਕਲੋਨੀ ਨੇੜੇ ਪੁੱਜੇ ਸਨ। ਸੂਤਰਾਂ ਅਨੁਸਾਰ ਹਮਲਾਵਰਾਂ ਨੇ ਇਸ ਹਮਲੇ ਵਿੱਚ ਆਧੁਨਿਕ ਵਿਦੇਸ਼ੀ ਹਥਿਆਰਾਂ ਦਾ ਇਸਤੇਮਾਲ ਕੀਤਾ ਹੈ, ਜਦੋਂ ਹਮਲਾਵਰ ਲਲਿਤ ਛਾਬੜਾ ਨਾਮ ਦੇ ਵਿਅਕਤੀ ਦੇ ਗੋਲੀਆਂ ਮਾਰ ਕੇ ਫਰਾਰ ਹੋ ਗਏ ਤਾਂ ਉਨ੍ਹਾਂ ਦੇ ਚੌਥੇ ਸਾਥੀ ਨੇ ਫੋਨ ਕਰਕੇ ਦੱਸਿਆ ਕਿ ਉਹ ਹਿੰਦੂ ਨੇਤਾ ਦੀ ਬਜਾਏ ਕਿਸੇ ਹੋਰ ਦੇ ਗੋਲ਼ੀਆਂ ਮਾਰ ਗਏ ਹਨ। ਫਾਇਰਿੰਗ ਦੀ ਇਸ ਘਟਨਾ ਤੋਂ ਬਾਅਦ ਬਠਿੰਡਾ ਪੁਲਿਸ ਵੀ ਹਰਕਤ ਵਿੱਚ ਆ ਗਈ। ਸੂਤਰਾਂ ਅਨੁਸਾਰ ਬਠਿੰਡਾ ਪੁਲਿਸ ਨੇ ਹਿੰਦੂ ਨੇਤਾ ਦੀ ਹੱਤਿਆ ਕਰਨ ਅਤੇ ਭੁਲੇਖੇ ਵਿੱਚ ਲਲਿਤ ਛਾਬੜਾ 'ਤੇ ਗੋਲੀਆਂ ਚਲਾਉਣ ਵਾਲੇ ਤਿੰਨੇ ਹਮਲਾਵਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਇਨ੍ਹਾਂ ਵਿੱਚੋਂ ਦੋ ਹਮਲਾਵਰ ਡੇਰਾ ਬਾਬਾ ਨਾਨਕ ਅਤੇ ਇਕ ਮੋਗਾ ਦਾ ਦੱਸਿਆ ਜਾ ਰਿਹਾ ਹੈ। ਪੁਲਿਸ ਹੁਣ ਉਨ੍ਹਾਂ ਦੇ ਬਠਿੰਡਾ ਵਿਚਲੇ ਚੌਥੇ ਸਾਥੀ ਤਕ ਪਹੁੰਚਣ ਦੇ ਯਤਨ ਕਰ ਰਹੀ ਹੈ, ਜਿਸ ਤੋਂ ਬਾਅਦ ਹੀ ਇਸ ਘਟਨਾ ਤੋਂ ਪਰਦਾ ਚੁੱਕਿਆ ਜਾਵੇਗਾ। ਭਰੋਸੇਯੋਗ ਸੂਤਰਾਂ ਅਨੁਸਾਰ ਉਕਤ ਤਿੰਨਾਂ ਹਮਲਾਵਰਾਂ ਨੂੰ ਹਿੰਦੂ ਨੇਤਾ ਦੀ ਇਕ ਤਸਵੀਰ ਮੁਹੱਈਆ ਕਰਵਾਈ ਗਈ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਥਰਮਲ ਕਲੋਨੀ ਦੇ ਗੇਟ ਨੰਬਰ 2 ਨੇੜੇ ਚਾਹ ਦੀ ਦੁਕਾਨ 'ਤੇ ਬੈਠੇ ਉਸ ਦੀ ਸ਼ਕਲ ਨਾਲ ਮਿਲਦੇ ਵਿਅਕਤੀ ਉੱਪਰ ਤਾਬੜ ਤੋੜ ਗੋਲੀਆਂ ਚਲਾ ਦਿੱਤੀਆਂ। ਪਹਿਲਾਂ ਪੁਲਿਸ ਨੂੰ ਲੱਗਾ ਸੀ ਕਿ ਲਾਲਤ ਛਾਬੜਾ ਉੱਪਰ ਕਿਸੇ ਰੰਜਿਸ਼ ਤਹਿਤ ਗੋਲੀਆਂ ਚਲਾਈਆਂ ਗਈਆਂ ਹਨ ਪਰ ਜਦੋਂ ਪੁਲਿਸ ਨੇ ਤਫਤੀਸ਼ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇਹ ਕਾਰਾ ਖਾਲਿਸਤਾਨੀ ਅੱਤਵਾਦੀਆਂ ਵੱਲੋਂ ਕੀਤਾ ਗਿਆ ਹੈ। ਕੈਨੇਡਾ ਵਿੱਚ ਬੈਠੇ ਇੱਕ ਖਾਲਿਸਤਾਨੀ ਆਗੂ ਵੱਲੋਂ ਹਿੰਦੂ ਨੇਤਾ ਦੀ ਹੱਤਿਆ ਕਰਵਾਈ ਜਾਣੀ ਸੀ। ਇਸ ਲਈ ਬਕਾਇਦਾ ਉਕਤ ਨੌਜਵਾਨਾਂ ਨੂੰ ਵਿਦੇਸ਼ੀ ਤੇ ਆਧੁਨਿਕ ਹਥਿਆਰ ਮੁਹੱਈਆ ਕਰਵਾਏ ਗਏ ਅਤੇ ਉਨ੍ਹਾਂ ਨੂੰ ਹਿੰਦੂ ਨੇਤਾ ਦੀ ਹੱਤਿਆ ਦਾ ਟਾਰਗੇਟ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਜਿਸ ਹਿੰਦੂ ਨੇਤਾ ਨੂੰ ਹਮਲਾਵਰਾਂ ਨੇ ਮਾਰਨਾ ਸੀ ਉਹ ਅਕਸਰ ਹੀ ਥਰਮਲ ਕਲੋਨੀ ਨੇੜਲੀ ਚਾਹ ਵਾਲੀ ਦੁਕਾਨ ਦੇ ਨੇੜੇ ਤੇੜੇ ਘੁੰਮਦਾ ਦਿਸ ਜਾਂਦਾ ਸੀ ਅਤੇ ਉਸਦੀ ਰਹਾਇਸ਼ ਵੀ ਥਰਮਲ ਕਲੋਨੀ ਵਿਚ ਹੈ। ਪਰ ਘਟਨਾ ਵਾਲੇ ਦਿਨ ਉਕਤ ਹਿੰਦੂ ਨੇਤਾ ਦੀ ਬਜਾਏ ਉਸ ਦੀ ਸ਼ਕਲ ਨਾਲ ਮਿਲਦਾ ਵਿਅਕਤੀ ਲਲਿਤ ਛਾਬੜਾ ਚਾਹ ਦੀ ਦੁਕਾਨ ਉੱਪਰ ਬੈਠਾ ਹੋਇਆ ਸੀ, ਜਿਸ ਨੂੰ ਹਿੰਦੂ ਨੇਤਾ ਸਮਝਦਿਆਂ ਹਮਲਾਵਰਾਂ ਨੇ ਗੋਲੀਆਂ ਮਾਰ ਦਿੱਤੀਆਂ। ਹਾਲਾਂਕਿ ਪੁਲਿਸ ਨੇ ਤਿੰਨੇ ਹਮਲਾਵਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਪਰ ਕੋਈ ਵੀ ਪੁਲਿਸ ਅਧਿਕਾਰੀ ਇਸ ਮਾਮਲੇ ਵਿੱਚ ਬੋਲਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ ਪੁਲਿਸ ਨੇ ਉਕਤ ਹਿੰਦੂ ਨੇਤਾ ਦੀ ਸੁਰੱਖਿਆ ਵਧਾ ਦਿੱਤੀ ਹੈ ਅਤੇ ਉਸਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ। ਪੁਲਿਸ ਨੇ ਉਸਨੂੰ ਕਈ ਸੁਰੱਖਿਆ ਕਰਮੀ ਮੁਹੱਹੀਆ ਕਰਵਾ ਦਿੱਤੇ ਹਨ। ਇਸ ਮਾਮਲੇ ਸਬੰਧੀ ਐਸਐਸਪੀ ਅਮਨੀਤ ਕੌਂਡਲ ਦਾ ਕਹਿਣਾ ਸੀ ਕਿ ਮਾਮਲ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਇਸਦਾ ਖੁਲਾਸਾ ਕੀਤਾ ਜਾਵੇਗਾ।

# ਕੇਂਦਰ ਨੇ ਖੇਤੀਬਾੜੀ ਉੱਤੇ ਘੱਟ ਖਰਚ ਅਤੇ ਅਤਿ ਆਧੁਨਿਕ ਮਸ਼ੀਨਰੀ ਦੀ ਸਹੂਲਤ ਦੇ ਕੇ ਕਿਸਾਨਾਂ ਦੀ ਆਮਦਨ ਵਧਾਈ : ਸਰਜੀਵਨ ਜਿੰਦਲ



ਸੰਗਰੂਰ, 20 ਜੂਨ (ਹਰਕੰਵਲ ਸਿੰਘ ਹੈਪੀ): ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਕਾਰਜਕਾਰਨੀ ਮੈਂਬਰ ਸਰਜੀਵਨ ਜਿੰਦਲ ਨੇ ਇੱਕ ਪ੍ਰੈਸ ਵਾਰਤਾ ਵਿੱਚ ਕਿਹਾ ਕਿ 2014 ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ 11 ਸਾਲਾਂ ਦੇ ਦੇ ਸ਼ਾਸਨ ਦੌਰਾਨ ਬੀਜ਼ ਤੋਂ ਬਜ਼ਾਰ ਤੱਕ ਦੇ ਦ੍ਰਿਸ਼ਟੀਕੋਣ ਉਪਰ ਅਧਾਰਿਤ ਮਾਰਗ ਦਰਸ਼ਨ ਦੀ ਤੁਲਨਾ ਕਰੀਏ 2025—2026 ਵਿੱਚ ਖੇਤੀਬਾੜੀ ਬਜਟ ਵਿੱਚ 5 ਗੁਣਾਂ ਦਾ ਵਾਧਾ ਕੀਤਾ ਗਿਆ, ਪ੍ਰਧਾਨ ਮੰਤਰੀ ਕਿਸਾਨ ਨਿੱਧੀ ਯੋਜਨਾ ਤਹਿਤ 3.7 ਲੱਖ ਕਰੋੜ ਰੁ: ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੇ ਗਏ, ਕਰੀਬ 25 ਲੱਖ ਮੁੱਦਰਾ ਸਿਹਤ ਕਾਰਡ ਵਿਤਰਤ ਕੀਤੇ ਗਏ। ਕਿਸਾਨ ਕਰੈਡਿਟ ਕਾਰਡ ਦੀ ਲਿਮਟ 3 ਲੱਖ ਦੀ ਸੀਮਾ ਤੋਂ ਵਧਾ ਕੇ 5 ਲੱਖ ਰੁ: ਕੀਤੀ ਗਈ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ 1.75 ਲੱਖ ਤੋਂ ਜਿਆਦਾ ਦਾ ਨਿਪਟਾਰਾ ਕੀਤਾ ਗਿਆ। ਦਾਲਾਂ ਦੀ ਖਰੀਦ ਉਪਰ 7350% ਵਧਾਈ ਗਈ, ਪ੍ਰਧਾਨ ਮੰਤਰੀ ਧੰਨ ਖੇਤੀਬਾੜੀ ਯੋਜਨਾ ਤਹਿ 100 ਜਿਲਿਆਂ ਵਿੱਚ 1.7 ਕਰੋੜ ਕਿਸਾਨਾਂ ਨੂੰ ਲਾਭ ਦਿੱਤਾ ਗਿਆ, ਤਿਲਹਨ ਖਰੀਦ ਉਪਰ 1500% ਦੀ ਬੜੌਤਰੀ ਕੀਤੀ ਗਈ। 2021—2026 ਦੇ ਲਈ ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ 93000 ਕਰੋੜ ਰੁ: ਖਰਚ ਕੀਤੇ ਗਏ, ਜਿਸ ਨਾਲ ਪੱਕੇ ਨਾਲੇ ਬਣਾ ਕੇ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਪਹੁੰਚਾਇਆ ਗਿਆ। ਉੱਚ ਦਰਜੇ ਦੇ ਬੀਜਾਂ ਲਈ 100 ਕਰੋੜ ਰੁ: ਦੀ ਯੋਜਨਾ ਦੀ ਘੋਸ਼ਣਾ ਕੀਤੀ ਗਈ, ਦੁੱਧ ਉਤਪਾਦਨ ਲਈ 100 ਕਰੋੜ ਰੁ: ਦੀ ਯੋਜਨਾ ਦੀ ਘੋਸ਼ਣਾ ਕੀਤੀ ਗਈ, ਸ਼ਹਿਦ ਉਤਪਾਦਨ, ਇਥਨੋਲ ਦੀ ਪੈਦਾਵਾਰ ਵਿੱਚ ਰਿਕਾਰਡ ਵਾਧਾ ਕੀਤਾ ਗਿਆ। ਸੋਲਰ ਪੈਨਲ ਲਗਾ ਕੇ ਕਿਸਾਨਾਂ ਦੀ ਬੰਜਰ ਜ਼ਮੀਨ ਨੂੰ ਉਪਜਾਊ ਕੀਤਾ ਗਿਆ। ਹੋਰ ਵੀ ਬਹੁਤ ਸਾਰੀਆਂ ਯੋਜਨਾਵਾਂ ਹਨ, ਜੋ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 11 ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਨੂੰ ਵਧਾਇਆ ਅਤੇ ਕਿਸਾਨ ਖੁਸ਼ਹਾਲ ਹੋਵੇ ਉਸ ਲਈ ਚੰਗੇ ਕਦਮ ਚੁੱਕੇ ਗਏ ਜੋ ਕਿ ਬਹੁਤ ਹੀ ਸ਼ਲਾਘਾਯੋਗ ਹਨ।

# ਨਹਿਰ ਵਿੱਚ ਪਏ ਪਾੜ ਨੂੰ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ: ਅਮਿਤ ਬੈਂਬੀ

ਸੁਨਾਮ, 20 ਜੂਨ (ਮੋਹਣ ਸ਼ਰਮਾ /ਰਾਊਵਰਿੰਦਰ ਮਠਾੜੂ) ਸਬ ਡਵੀਜ਼ਨ ਸੁਨਾਮ ਦੇ ਪਿੰਡ ਖਡਿਆਲ ਨੇੜੇ ਸੁਨਾਮ ਸਬ ਬ੍ਰਾਂਚ ਨਹਿਰ, ਜੋ ਕਿ ਅੱਗੇ ਬੁਢਲਾਡਾ ਜਾਂਦੀ ਹੈ, ਵਿੱਚ ਪਏ ਪਾੜ ਨੂੰ ਪੂਰਨ ਹਿਤ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ ਤੇ ਨਹਿਰ ਵਿੱਚ ਪਏ ਪਾੜ ਜ਼ਰੀਏ ਖੇਤਾਂ ਵਿੱਚ ਪੈਂਦਾ ਪਾਣੀ ਰੋਕ ਦਿੱਤਾ ਗਿਆ ਹੈ ਤੇ ਪਾੜ ਨੂੰ ਪੂਰੀ ਤਰ੍ਹਾਂ ਪੂਰਨ ਲਈ ਕੰਮ ਕੀਤਾ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਅਮਿਤ ਬੈਂਬੀ ਨੇ ਜਾਰੀ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਨਹਿਰ ਵਿੱਚ ਪਏ ਪਾੜ ਸਬੰਧੀ ਉਹਨਾਂ ਨੇ ਐਸ.ਡੀ.ਐਮ. ਸੁਨਾਮ ਨੂੰ ਪੜਤਾਲ ਕਰਨ ਦੇ ਨਿਰਦੇਸ਼ ਦਿੱਤੇ ਹਨ ਕਿਉਂਕਿ ਇਸ ਨਹਿਰ ਦੇ ਇਕ ਪਾਸੇ ਕਰੀਬ 75 ਫੁੱਟ ਰਸਤਾ ਹੈ, ਜਿਹੜਾ ਕਿ ਕਰੀਬ 115 ਫੁੱਟ ਹੋਣਾ ਚਾਹੀਦਾ ਸੀ ਤੇ ਜਿਹੜੇ ਪਾਸੇ ਨਹਿਰ ਟੁੱਟੀ ਹੈ, ਉਸ ਪਾਸਿਓਂ ਰਸਤਾ ਬਹੁਤ ਹੀ ਜ਼ਿਆਦਾ ਘੱਟ ਹੈ। ਖਦਸ਼ਾ ਹੈ ਕਿ ਨਹਿਰ ਦੀ ਪਟੜੀ ਨੂੰ ਲੋਕਾਂ ਨੇ ਆਪਣੇ ਖੇਤਾਂ ਵਿੱਚ ਰਲਾ ਲਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇੱਥੇ ਸਬੰਧਤ ਵਿਭਾਗਾਂ ਸਮੇਤ ਵੱਖੋ-ਵੱਖ ਸਮਾਜ ਸੇਵੀ ਸੰਸਥਾਵਾਂ ਵੀ ਪੂਰੀ ਸ਼ਿੱਦਤ ਨਾਲ ਕੰਮ ਕਰ ਰਹੀਆਂ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਬਹੁਤ ਸਹਿਯੋਗ ਦੇ ਰਹੀਆਂ ਹਨ, ਜਿਨ੍ਹਾਂ ਦੇ ਉਹ ਧੰਨਵਾਦੀ ਹਨ।

# ਸਮਾਜ ਸੇਵੀ ਮਹਾਸ਼ਾ ਪ੍ਰਤੀਗਿਆਪਾਲ ਨੂੰ ਲੋਕਾਂ ਨੇ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ



ਧੂਰੀ, 20 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਇਲਾਕੇ ਦੇ ਉੱਘੇ ਸਮਾਜ ਸੇਵੀ ਮਹਾਸ਼ਾ ਪ੍ਰਤੀਗਿਆਪਲ ਅਚਾਨਕ ਸਦੀਵੀਂ ਵਿਛੋੜਾ ਦੇ ਗਏ। ਉਹ 97 ਵਰ੍ਹਿਆਂ ਦੇ ਸਨ ਅਤੇ ਵਡੇਰੀ ਉਮਰ ਅਤੇ ਨਾਸਾਜ ਸਿਹਤ ਸਥਿਤੀ ਕਾਰਨ ਪਿਛਲੇ ਕਾਫੀ ਸਮੇਂ ਤੋਂ ਲੋਕਾਂ ਚ ਵਿਚਰਨ ਤੋਂ ਲਾਚਾਰ ਸਨ। ਮਹਾਸ਼ਾ ਪ੍ਰਤੀਗਿਆਪਾਲ ਜਿੱਥੇ ਲੰਮਾ ਸਮਾਂ ਰਾਮ ਬਾਗ ਅਤੇ ਸ਼ਹਿਰ ਦੀਆਂ ਗਊਸ਼ਾਲਾਵਾਂ ਦੇ ਪ੍ਰਬੰਧਕ ਰਹੇ ਉਥੇ ਉਨ੍ਹਾਂ ਨਿਸ਼ਕਾਮ ਸੇਵਾ ਸਭਾ ਅਤੇ ਨੇਤਰ ਬੈਂਕ ਸੰਮਤੀ ਰਾਹੀਂ ਸਮਾਜ ਦੀ ਲੰਮਾ ਸਮਾਂ ਸੇਵਾ ਕੀਤੀ। ਵਿਛੜੀ ਰੂਹ ਦਾ ਅੰਤਿਮ ਸਸਕਾਰ ਅੱਜ ਦੁਪਹਿਰੇ 12 ਵਜੇ ਸਥਾਨਕ ਰਾਮ ਬਾਗ ਵਿਖੇ ਕੀਤਾ ਗਿਆ, ਜਿੱਥੇ ਹਜਾਰਾਂ ਲੋਕਾਂ ਨੇ ਉਨ੍ਹਾਂ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦੀ ਅੰਤਿਮ ਯਾਤਰਾ ਚ ਰਾਇਸੀਲਾ ਗਰੁੱਪ ਦੇ ਚੇਅਰਮੈਨ ਡਾ. ਏ.ਆਰ ਸ਼ਰਮਾਂ ਤੇ ਡਾਇਰੈਕਟਰ ਵਿਜੈ ਗੋਇਲ, ਅਕਾਲੀ ਆਗੂ ਜਤਿੰਦਰ ਸਿੰਘ ਸੋਨੀ ਮੰਡੇਰ, ਰੋਟਰੀ ਕਲੱਬ ਦੇ ਡਾ. ਰਮੇਸ਼ ਸ਼ਰਮਾਂ, ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਕਾਂਗਰਸ ਆਗੂ ਹਰਦੀਪ ਸਿੰਘ ਦੌਲਤਪੁਰ ਤੇ ਗੁਰਪਿਆਰ ਸਿੰਘ ਧੂਰਾ, ਸੇਵਾ ਮੁਕਤ ਡਿਪਟੀ ਡਾਇਰੈਕਟਰ ਮਨਜੀਤ ਸਿੰਘ ਬਖ਼ਸ਼ੀ, ਸਾਹਿਤ ਸਭਾ ਧੂਰੀ ਦੇ ਚਰਨਜੀਤ ਸਿੰਘ ਕੈਂਥ, ਸਾਧੂ ਰਾਮ, ਰਾਜੀਵ ਚੌਧਰੀ ਤੇ ਗੋਪਾਲ ਕ੍ਰਿਸ਼ਨ ਮਨੀ (ਤਿੰਨੋਂ ਕੌਂਸਲਰ), ਸਾਬਕਾ ਕੌਂਸਲਰ ਅਸ਼ਵਨੀ ਧੀਰ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਰਾਜੇਸ਼ਵਰ ਚੌਧਰੀ, ਧੂਰੀ ਵਿਕਾਸ ਮੰਚ ਦੇ ਹੰਸ ਰਾਜ ਬਜਾਜ ਤੇ ਅਮਨ ਗਰਗ ਅਤੇ ਵਪਾਰ ਮੰਡਲ ਦੇ ਵਿਕਾਸ ਜੈਨ, ਸ਼ੈਲਰ ਉਦਯੋਗ ਦੇ ਬਲਵਿੰਦਰ ਸਿੰਘ ਬਿੱਲੂ ਸਮੇਤ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ, ਇਲਾਕੇ ਦੇ ਸਰਪੰਚਾਂ, ਪੰਚਾਂ, ਪਤਵੰਤਿਆਂ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਲੋਕਾਂ ਨੇ ਸ਼ਿਰਕਤ ਕੀਤੀ

# ਮਾਨ ਸਰਕਾਰ ਨੇ ਪੰਜਾਬ ਦੀ ਤਰੱਕੀ ਲਈ ਸ਼ੁਰੂ ਕੀਤੀ ਪੰਜਾਬ ਉਦਯੋਗ ਕ੍ਰਾਂਤੀ : ਚੇਅਰਮੈਨ ਢਿੱਲੋਂ



ਧੂਰੀ, 20 ਜੂਨ (ਰਣਜੀਤ ਸਿੰਘ ਧੇਧਨੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀ ਬਣਾਉਣ ਲਈ ਵੇਖੇ ਗਏ ਸੁਪਨੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਉਦਯੋਗਿਕ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਪੰਜਾਬ ਉਦਯੋਗ ਕ੍ਰਾਂਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ. ਦਲਵੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੂਬਾ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ, ਉਸੇ ਤਰ੍ਹਾਂ ਪੰਜਾਬ ਉਦਯੋਗ ਕ੍ਰਾਂਤੀ ਅਧੀਨ ਕੀਤੇ ਜਾਣ ਵਾਲੇ ਉਪਰਾਲਿਆਂ ਸਦਕਾ ਸੂਬੇ ਵਿੱਚ ਨਿਵੇਸ਼ ਲਈ ਵੀ ਰਾਹ ਸੁਖਾਲਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਉਦਯੋਗ ਕ੍ਰਾਂਤੀ ਅਧੀਨ ਕਾਰੋਬਾਰ ਸ਼ੁਰੂ ਕਰਨ ਜਾਂ ਅੱਗੇ ਵਧਾਉਣ ਲਈ 45 ਦਿਨਾਂ ਦੇ ਅੰਦਰ ਸਾਰੀਆਂ ਮਨਜ਼ੂਰੀਆਂ ਪ੍ਰਾਪਤ ਹੋਣਗੀਆਂ। ਪੰਜਾਬ ਉਦਯੋਗ ਕ੍ਰਾਂਤੀ ਅਧੀਨ ਪਲਾਂਟ ਅਤੇ ਮਸ਼ੀਨਰੀ ਵਿੱਚ 125 ਕਰੋੜ ਤੱਕ ਦੇ ਨਿਵੇਸ਼ ਕਾਰੋਬਾਰ ਅਧਿਕਾਰ ਕਾਨੂੰਨ ਅਧੀਨ 3 ਕੰਮਕਾਜੀ ਦਿਨਾਂ ਵਿੱਚ ਸਿਧਾਂਤਕ ਪ੍ਰਵਾਨਗੀਆਂ ਮਿਲ ਜਾਣਗੀਆਂ, ਜਿਸ ਦੀ ਮਿਆਦ 3.5 ਸਾਲ ਦੀ ਹੋਵੇਗੀ।

# ਰੋਜ਼ ਗਾਰਡਨ ਬਠਿੰਡਾ 'ਚ ਭਾਰੀ ਮਾਤਰਾ ਵਿੱਚ ਮਿਲਿਆ ਡੇਂਗੂ ਦਾ ਲਾਰਵਾ ਅਤੇ ਪਿਊਪਾ



ਬਠਿੰਡਾ, 20 ਜੂਨ (ਦੀਪਕ ਸ਼ਰਮਾ) ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੀ ਅਗਵਾਈ ਹੇਠ ਚਲਾਈ ਗਈ ਮੁਹਿੰਮ 'ਹਰ ਸ਼ੁੱਕਰਵਾਰ ਡੇਂਗੂ' 'ਤੇ ਵਾਰ ਤਹਿਤ ਅੱਜ ਕਾਰਜਕਾਰੀ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ ਦੀ ਦੇਖਰੇਖ ਹੇਠ ਸਿਹਤ ਵਿਭਾਗ ਬਠਿੰਡਾ ਦੀ ਟੀਮ ਨੇ ਰੋਜ਼ ਗਾਰਡਨ ਬਠਿੰਡਾ ਦਾ ਦੌਰਾ ਕੀਤਾ। ਇਸ ਦੌਰਾਨ ਰੋਜ਼ ਗਾਰਡਨ ਵਿੱਚ ਕਈ ਥਾਵਾਂ 'ਤੇ ਡੇਂਗੂ ਦਾ ਲਾਰਵਾ ਅਤੇ ਪਿਓਪਾ ਪਾਇਆ ਗਿਆ, ਜੋ ਕਿ ਡੇਂਗੂ ਰੋਗ ਫੈਲਣ ਦਾ ਮੁੱਖ ਕਾਰਨ ਬਣ ਸਕਦਾ ਹੈ। ਡਾ. ਊਸ਼ਾ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ ਸਥਿਤੀ ਦਾ ਮੁਲਾਂਕਣ ਕਰਨ ਲਈ ਰੋਜ਼ ਗਾਰਡਨ ਦੇ ਡਿਊਟੀ 'ਤੇ ਤਾਇਨਾਤ ਸੁਪਰਵਾਈਜ਼ਰ ਨੂੰ ਕਈ ਵਾਰੀ ਬੁਲਾਇਆ ਗਿਆ, ਤਾਂ ਉਹ ਮੌਕੇ 'ਤੇ ਮੌਜੂਦ ਨਹੀਂ ਸੀ। ਇਹ ਗੰਭੀਰ ਲਾਪਰਵਾਹੀ ਹੈ, ਜੋ ਸਰਵਜਨਕ ਸਿਹਤ ਨੂੰ ਖਤਰੇ ਵਿੱਚ ਪਾ ਸਕਦੀ ਹੈ ਕਿਉਂਕਿ ਸੈਂਕੜਿਆਂ ਦੀ ਗਿਣਤੀ ਵਿੱਚ ਪਬਲਿਕ ਸਵੇਰ ਅਤੇ ਸ਼ਾਮ ਨੂੰ ਰੋਜ ਗਾਰਡਨ ਵਿੱਚ ਸੈਰ ਕਰਨ ਆਉਂਦੀ ਹੈ। ਸਿਹਤ ਵਿਭਾਗ ਦੀ ਟੀਮ ਵੱਲੋਂ ਮੌਕੇ 'ਤੇ ਹੀ ਲਾਰਵਾ ਅਤੇ ਪਿਊਪਾ ਨੂੰ ਨਸ਼ਟ ਕਰਵਾਇਆ ਗਿਆ। ਇਸ ਦੌਰਾਨ ਸਥਾਨਕ ਲੋਕਾਂ ਨੂੰ ਵੀ ਡੇਂਗੂ ਬਾਰੇ ਜਾਗਰੂਕ ਕੀਤਾ ਗਿਆ ਅਤੇ ਆਪਣੀ ਵਾਤਾਵਰਨ ਸਫਾਈ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਗਈ। ਡਾ. ਊਸ਼ਾ ਗੋਇਲ ਨੇ ਸਥਾਨਕ ਨਿਗਮ ਅਤੇ ਉੱਚ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਹੈ ਅਤੇ ਲਾਪਰਵਾਹ ਅਧਿਕਾਰੀ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਜਿਲ੍ਹਾ ਐਪੀਡੀਮੋਲੋਜਿਸਟ ਡਾ ਸੁਕਰਿਤੀ ਨੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਘਰ ਅਤੇ ਆਲੇ ਦੁਆਲੇ ਸਾਫ਼-ਸੁਥਰਾ ਵਾਤਾਵਰਨ ਬਣਾਈ ਰੱਖਣ, ਰੁਕੇ ਹੋਏ ਪਾਣੀ ਨੂੰ ਹਟਾਉਣ ਅਤੇ ਹਰ ਹਫ਼ਤੇ ਆਪਣੀ ਜਾਇਦਾਦ ਦੀ ਜਾਂਚ ਕਰਨ, ਤਾਂ ਜੋ ਡੇਂਗੂ ਦੇ ਲਾਰਵਾ ਦੀ ਉਤਪਤੀ ਨੂੰ ਰੋਕਿਆ ਜਾ ਸਕੇ।ਇਸ ਮੌਕੇ ਹਰਜਿੰਦਰ ਕੌਰ ਬੀ ਈ ਈ, ਮਲਟੀਪਰਪਜ ਹੈਲਥ ਵਰਕਰ ਵਰਿੰਦਰ ਸਿੰਘ,ਨਰਿੰਦਰ ਸਿੰਘ ਧਾਲੀਵਾਲ ਅਤੇ ਬਰੀਡਿੰਗ ਚੈਕਰ ਰਾਜਵਿੰਦਰ ਸਿੰਘ, ਜਸਵਿੰਦਰ ਸਿੰਘ ਹਾਜ਼ਰ ਸਨ।

# ਪਿੰਡ ਸ਼ਾਹਪੁਰ ਕਲਾਂ ਵਿਖੇ ਦੋਸਤਾਂ ਵੱਲੋਂ ਦੋਸਤ ਦਾ ਕਤਲ

ਸੁਨਾਮ ਊਧਮ ਸਿੰਘ ਵਾਲਾ 20 ਜੂਨ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ)ਅੱਜ ਸਵੇਰੇ ਨੇੜਲੇ ਪਿੰਡ ਸ਼ਾਹਪੁਰ ਕਲਾਂ ਚ ਕੁਝ ਨੌਜਵਾਨਾਂ ਵਲੋਂ ਆਪਣੇ ਹੀ ਦੋਸਤ ਦੀ ਕੁੱਟਮਾਰ ਕਰਕੇ ਕਤਲ ਕਰ ਦੇਣ ਦੀ ਖਬਰ ਹੈ।ਸਥਾਨਕ ਸਿਵਲ ਹਸਪਤਾਲ ਵਿਖੇ ਮ੍ਰਿਤਕ ਦੇ ਪੋਸਟਮਾਰਟਮ ਸਮੇਂ ਪੁਲਿਸ ਥਾਣਾ ਚੀਮਾ ਦੇ ਐਸ. ਐਚ. ਓ. ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਪਿੰਡ ਸ਼ਾਹਪੁਰ ਕਲਾਂ ਵਿਖੇ ਬੀਤੇ ਰਾਤ ਕੁਝ ਨੌਜਵਾਨਾਂ ਦਾ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਤਕਰਾਰ ਹੋ ਗਿਆ ਪਰ ਪਤਾ ਲੱਗਣ ਤੇ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਸਮਝਾ-ਬੁਝਾ ਕੇ ਘਰ ਲੈ ਗਏ, ਜਿਸ ਉਤੇ ਅੱਜ ਸਵੇਰੇ ਇਨ੍ਹਾਂ ਚੋਂ ਕੁਝ ਨੌਜਵਾਨਾਂ ਨੇ ਕੁਲਵਿੰਦਰ ਸਿੰਘ (20) ਪੁੱਤਰ ਹਰਬੰਸ ਸਿੰਘ ਪਿੰਡ ਸ਼ਾਹਪੁਰ ਕਲਾਂ ਦੀ ਪਿੰਡ ਦੀ ਵਾਲਮੀਕ ਧਰਮਸ਼ਾਲਾ ਕੋਲ ਬੁਲਾ ਕੇ ਡੰਡੇ ਸੋਟੀਆਂ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੁਲਿਸ ਵਲੋਂ ਇਸ ਮਾਮਲੇ ਚ ਪਿੰਡ ਦੇ ਹੀ ਭਿੰਦਰ ਸਿੰਘ ਅਤੇ ਜਗਸੀਰ ਸਿੰਘ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਰਫ਼ਤਾਰੀ ਅਜੇ ਬਾਕੀ ਹੈ।

# ਪੱਤਰਕਾਰ ਰੁਪਿੰਦਰ ਸਿੰਘ ਸੱਗੂ ਨੂੰ ਸਦਮਾ ਵੱਡੀ ਭਰਜਾਈ ਦਾ ਦੇਹਾਂਤ



ਸੁਨਾਮ ਊਧਮ ਸਿੰਘ ਵਾਲਾ, 20 ਜੂਨ( ਮੋਹਣ ਸ਼ਰਮਾ/ ਰਾਉਵਰਿੰਦਰ ਸਿੰਘ ਮਠਾੜੂ ):ਸੁਨਾਮ ਤੋ ਅਜੀਤ ਦੇ ਪੱਤਰਕਾਰ ਅਤੇ ਪ੍ਰੈਸ ਕਲੱਬ ਸੁਨਾਮ ਦੇ ਪ੍ਰਧਾਨ ਰੁਪਿੰਦਰ ਸਿੰਘ ਸੱਗੂ ਨੂੰ ਬੀਤੇ ਦਿਨੀਂ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨਾ ਦੇ ਵੱਡੇ ਭਰਜਾਈ ਸ੍ਰੀਮਤੀ ਰਣਜੀਤ ਕੌਰ ਪਤਨੀ ਇੰਦਰਜੀਤ ਸਿੰਘ ਸੱਗੂ ਦਾ ਅਚਾਨਕ ਦੇਹਾਂਤ ਹੋ ਗਿਆ।ਪ੍ਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਸ੍ਰੀਮਤੀ ਰਣਜੀਤ ਕੌਰ ਦੇ ਅਚਾਨਕ ਹੋਏ ਦੇਹਾਂਤ 'ਤੇ ਹਲਕੇ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਅਮਨ ਅਰੋੜਾ,ਸਾਬਕਾ ਮੰਤਰੀ ਪ੍ਰਮਿੰਦਰ ਸਿੰਘ ਢੀਂਡਸਾ,ਸਾਬਕਾ ਮੰਤਰੀ ਬਲਦੇਵ ਸਿੰਘ ਮਾਨ,ਭਾਜਪਾ ਆਗੂ ਮੈਡਮ ਦਾਮਨ ਥਿੰਦ ਬਾਜਵਾ,ਹਰਮਨ ਦੇਵ ਸਿੰਘ ਬਾਜਵਾ, ਕਾਂਗਰਸੀ ਆਗੂ ਰਜਿੰਦਰ ਦੀਪਾ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮੁਨੀਸ਼ ਸੋਨੀ ਵਿਨਰਜੀਤ ਸਿੰਘ ਗੋਲਡੀ,ਰਾਜਿੰਦਰ ਸਿੰਘ ਰਾਜਾ,ਮੰਡੀ ਬੋਰਡ ਦੇ ਸਾਬਕਾ ਵਾਈਸ ਚੇਅਰਮੈਨ ਰਵਿੰਦਰ ਸਿੰਘ ਚੀਮਾ,ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਪ੍ਰਿਤਪਾਲ ਸਿੰਘ ਹਾਂਡਾ,ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ,ਪੰਜਾਬ ਐਗਰੋ ਫੂਡ ਗ੍ਰੇਨ ਦੀ ਸਾਬਕਾ ਚੇਅਰਮੈਨ ਮੈਡਮ ਗੀਤਾ ਸ਼ਰਮਾ,ਜਗਤਜੀਤ ਚੀਮਾ ਦੇ ਚੇਅਰਮੈਨ ਧਰਮ ਸਿੰਘ ਸਿੰਘ ਸਾਰੋ ਤੇ ਐਮ, ਡੀ ਜਗਤਜੀਤ ਸਿੰਘ ਸਾਰੋ,ਜਸਵਿੰਦਰ ਸਿੰਘ ਧੀਮਾਨ,ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਪਰਮਜੀਤ ਸਿੰਘ ਧਾਲੀਵਾਲ,ਹਰਬੰਸ ਸਿੰਘ ਧਾਲੀਵਾਲ, ਮਨਿੰਦਰ ਸਿੰਘ ਧਾਲੀਵਾਲ, ਪ੍ਰਭਸ਼ਰਨ ਸਿੰਘ ਬੱਬੂ , ਪ੍ਰਮਿੰਦਰ ਸਿੰਘ ਜਾਰਜ,ਹੈਪੀ ਵਸਿਸਟ, ਡਾ ਪ੍ਰਸ਼ੋਤਮ ਵਸਿਸਟ,ਸੁਰਜੀਤ ਸਿੰਘ ਗਹੀਰ, ਗੁਰਿੰਦਰ ਜੀਤ ਸਿੰਘ ਧਾਲੀਵਾਲ,ਲੱਕੀ ਧਾਲੀਵਾਲ,ਮਾਸਟਰ ਦਰਸ਼ਨ ਸਿੰਘ ਗਹੀਰ,ਕਰਮਿੰਦਰਪਾਲ ਸਿੰਘ ਟੋਨੀ, ਗਜਿੰਦਰ ਸਿੰਘ ਧਾਲੀਵਾਲ, ਮਾਸਟਰ ਸੁਰਿੰਦਰ ਸਿੰਘ ,ਦਵਿੰਦਰ ਪਾਲ ਸਿੰਘ ਰਿੰਪੀ,ਜੋਗਿੰਦਰ ਸਿੰਘ ਚੰਦੜ, ਪ੍ਰਮੋਦ ਹੋਡਲਾ, ਨਿਹਾਲ ਸਿੰਘ ਸੇਰੋ, ਰਾਜਿੰਦਰ ਕੁਮਾਰ ਬੱਬਲੀ, ਅਮਰੀਕ ਸਿੰਘ ਧਾਲੀਵਾਲ,ਵਿਕਰਮ ਜੀਤ ਸਿੰਘ, ਪ੍ਰਿਤਪਾਲ ਸਿੰਘ ਹਾਡਾ, ਗੁਰਚਰਨ ਸਿੰਘ ਹਰੀਕਾ, ਮਾਸਟਰ ਦਲਜੀਤ ਸਿੰਘ, ਅੱਤਰ ਸਿੰਘ ਆਨੰਦ, ਮਾਸਟਰ ਕਸਮੀਰ ਸਿੰਘ, ਤਰਸੇਮ ਸਿੰਘ ਕੁਲਾਰ, ਗਗਨਦੀਪ ਸਿੰਘ ਵਕੀਲ, ਗਿਆਨ ਸਿੰਘ ਸੰਧੇ।ਕਾਮਰੇਡ ਵਰਿੰਦਰ ਕੌਸਿਕ, ਬਲਵਿੰਦਰ ਸਿੰਘ ਪਟਵਾਰੀ, ਗੁਰਪ੍ਰੀਤ ਸਿੰਘ ਸੋਨੂੰ, ਪ੍ਰਭਸਰਨ ਸਿੰਘ ਬੱਬੂ, ਦਮਨਜੀਤ ਸਿੰਘ ਬੰਟੀ, ਗੁਰਿੰਦਰ ਜੀਤ ਸਿੰਘ ਧਾਲੀਵਾਲ, ਰਾਜੀਵ ਗਰਗ, ਲਾਡੀ ਗਰਗ, ਮੁਨੀਸ਼ ਕੁਮਾਰ ਮੋਨੂੰ,ਰਿੰਕੂ ਗਰਗ,ਸੁਰੇਸ਼ ਜਿੰਦਲ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸ੍ਰੀਮਤੀ ਰਣਜੀਤ ਕੌਰ ਦੀ ਅੰਤਿਮ ਅਰਦਾਸ ਭਲਕੇ 22 ਜੂਨ ਦਿਨ ਐਤਵਾਰ ਨੂੰ ਦੁਪਹਿਰ 12 ਤੋ 1 ਵਜੇ ਤੱਕ ਗੁਰਦੁਆਰਾ ਸਾਹਿਬ ਅਕਾਲਗੜ ਵਿਖੇ ਹੋਵੇਗੀ।

# ਬਾਬਾ ਅਮਰਨਾਥ ਲੰਗਰ ਕਮੇਟੀ ਦੇ 35ਵੇਂ ਭੰਡਾਰਾ ਨੂੰ ਪ੍ਰਦੀਪ ਮੈਨਨ ਨੇ ਝੰਡੀ ਦੇ ਕੇ ਕੀਤਾ ਰਵਾਨਾ



ਸੁਨਾਮ ਊਧਮ ਸਿੰਘ ਵਾਲਾ, 20 ਜੂਨ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸ੍ਰੀ ਬਾਬਾ ਅਮਰਨਾਥ ਲੰਗਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਅਮਰਨਾਥ ਜੀ ਦਾ ਵਿਸ਼ਾਲ ਲੰਗਰ ਟਰੱਕਾਂ ਰਾਹੀਂ ਰਵਾਨਾ ਹੋਇਆ ਇਸ ਮੌਕੇ 'ਤੇ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਦੇ ਸ੍ਰੀ ਪ੍ਰਦੀਪ ਮੈਨਨ ਵੱਲੋਂ ਝੰਡੀ ਦੇ ਕੇ ਲੰਗਰ ਨੂੰ ਰਵਾਨਾ ਕੀਤਾ ਗਿਆ ਇਸ ਮੌਕੇ 'ਤੇ ਭਗਵਾਨ ਸ਼ੰਕਰ ਜੀ ਦੇ ਜੈਕਾਰਿਆਂ ਨਾਲ ਸੰਗਤ ਨੇ ਸ਼ਿਵ ਭਗਤਾਂ ਵੱਲੋਂ ਵਿਸ਼ਾਲ ਲੰਗਰ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ 'ਤੇ ਪ੍ਰਦੀਪ ਮੈਨਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਕਿਸਮਤ ਵਾਲੇ ਹਨ ਜਿਹਨਾਂ ਨੂੰ ਇਹ ਸ਼ੁਭ ਮੌਕੇ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਇਸ ਮੌਕੇ 'ਤੇ ਸੁਨਾਮ ਬ੍ਰਾਹਮਣ ਸਭਾ ਦੇ ਪ੍ਰਧਾਨ ਹਰਭਗਵਾਨ ਸ਼ਰਮਾ ਨੰਦ ਲਾਲ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਬ੍ਰਾਹਮਣ ਸਭਾ ਅਤੇ ਲੰਗਰ ਕਮੇਟੀ ਦੇ ਆਗੂ ਅਤੇ ਮੈਂਬਰ ਹਾਜ਼ਰ ਸਨ।

# ਪੰਜਾਬ-ਹਰਿਆਣਾ ਪੁਲਿਸ ਦਾ ਸਾਂਝਾ ਆਪ੍ਰੇਸ਼ਨ ਸੀਲ , ਜ਼ਿਲ੍ਹੇ ਦੀਆਂ ਸਰਹੱਦਾਂ 'ਤੇ ਨਾਕੇਬੰਦੀ !,ਬਠਿੰਡਾ ਪੁਲਿਸ ਵੱਲੋਂ ਇੰਟਰ-ਸਟੇਟ ਸਰਚ ਆਪ੍ਰੇਸ਼ਨ ਸ਼ੁਰੂ



ਬਠਿੰਡਾ, 20 ਜੂਨ (ਦੀਪਕ ਸ਼ਰਮਾ) ਨਸ਼ਿਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ @ਤੇ ਲਗਾਮ ਕੱਸਣ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ @ਯੁੱਧ ਨਸ਼ੇ ਦੇ ਵਿਰੁੱਧ@ ਮੁਹਿੰਮ ਤਹਿਤ ਬਠਿੰਡਾ ਪੁਲਿਸ ਨੇ ਇੱਕ ਵੱਡਾ ਕਦਮ ਚੁੱਕਿਆ ਹੈ। @ਆਪ੍ਰੇਸ਼ਨ ਸੀਲ-15@ ਦੇ ਤਹਿਤ, ਪੰਜਾਬ ਅਤੇ ਹਰਿਆਣਾ ਪੁਲਿਸ ਨੇ ਇੱਕ ਸਾਂਝਾ ਅੰਤਰ-ਰਾਜੀ ਸਰਚ ਆਪ੍ਰੇਸ਼ਨ ਚਲਾਇਆ, ਜਿਸਦਾ ਉਦੇਸ਼ ਜ਼ਿਲ੍ਹੇ ਦੀਆਂ ਸਰਹੱਦਾਂ @ਤੇ ਨਸ਼ੀਲੇ ਪਦਾਰਥਾਂ, ਨਾਜਾਇਜ਼ ਸ਼ਰਾਬ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਆਵਾਜਾਈ ਨੂੰ ਰੋਕਣਾ ਹੈ।ਬਠਿੰਡਾ ਪੁਲਿਸ ਵੱਲੋਂ ਇਸ ਆਪ੍ਰੇਸ਼ਨ ਦੀ ਅਗਵਾਈ ਐਸ.ਪੀ. ਦੇਹਾਤੀ ਹੀਨਾ ਗੁਪਤਾ ਨੇ ਕੀਤੀ। ਇਸ ਮੌਕੇ ਜ਼ਿਲ੍ਹੇ ਦੀਆਂ ਸਰਹੱਦਾਂ @ਤੇ ਨਾਕੇਬੰਦੀ ਕਰਕੇ ਸ਼ੱਕੀ ਲੋਕਾਂ ਅਤੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ।

ਸਰਚ ਆਪ੍ਰੇਸ਼ਨ ਦੌਰਾਨ ਬਠਿੰਡਾ ਜ਼ਿਲ੍ਹੇ ਦੀਆਂ ਸਰਹੱਦਾਂ @ਤੇ ਕੁੱਲ 8 ਨਾਕੇ ਲਗਾਏ ਗਏ। ਇਨ੍ਹਾਂ ਵਿੱਚ ਥਾਣਾ ਸੰਗਤ ਅਧੀਨ 2, ਥਾਣਾ ਰਾਮਾ ਅਧੀਨ 4 ਅਤੇ ਥਾਣਾ ਤਲਵੰਡੀ ਅਧੀਨ 2 ਅੰਤਰ-ਰਾਜੀ ਨਾਕੇ ਸ਼ਾਮਲ ਸਨ। ਹਰੇਕ ਨਾਕੇ @ਤੇ 10 ਤੋਂ 15 ਪੁਲਿਸ ਕਰਮਚਾਰੀ ਤਾਇਨਾਤ ਸਨ, ਜਿਸ ਨਾਲ ਕੁੱਲ 100 ਦੇ ਕਰੀਬ ਕਰਮਚਾਰੀਆਂ ਨੇ ਜ਼ਿਲ੍ਹੇ ਦੀਆਂ ਸਰਹੱਦਾਂ @ਤੇ ਸ਼ੱਕੀ ਲੋਕਾਂ ਅਤੇ ਵਾਹਨਾਂ ਦੀ ਚੈਕਿੰਗ ਕੀਤੀ।ਐਸ.ਪੀ. ਹੀਨਾ ਗੁਪਤਾ ਨੇ ਦੱਸਿਆ ਕਿ ਆਪ੍ਰੇਸ਼ਨ ਦਾ ਮੁੱਖ ਮਕਸਦ ਜ਼ਿਲ੍ਹੇ ਵਿੱਚ ਨਾਰਕੋਟਿਕਸ ਡਰੱਗਜ਼, ਐਕਸਾਈਜ਼ ਦੀ ਗੈਰ-ਕਾਨੂੰਨੀ ਮੂਵਮੈਂਟ ਜਾਂ ਅਵੈਧ ਹਥਿਆਰਾਂ ਦੀ ਅੰਤਰ-ਰਾਜੀ ਮੂਵਮੈਂਟ ਨੂੰ ਰੋਕਣਾ ਅਤੇ ਗੈਰ-ਸਮਾਜਿਕ ਤੱਤਾਂ @ਤੇ ਲਗਾਮ ਕੱਸਣਾ ਹੈ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੁਆਰਾ ਨਸ਼ੇ ਦੇ ਖਿਲਾਫ ਚਲਾਈ ਜਾ ਰਹੀ @ਯੁੱਧ ਨਸ਼ੇ ਦੇ ਵਿਰੁੱਧ@ ਮੁਹਿੰਮ ਵਿੱਚ ਪੁਲਿਸ ਦਾ ਵੱਧ ਤੋਂ ਵੱਧ ਸਹਿਯੋਗ ਕਰਨ। ਐਸ.ਪੀ. ਨੇ ਕਿਹਾ ਕਿ ਜੋ ਵੀ ਲੋਕ ਨਸ਼ਾ ਕਰਦੇ ਹਨ ਜਾਂ ਇਸਦੀ ਤਸਕਰੀ ਕਰਦੇ ਹਨ, ਉਸਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ ਤਾਂ ਜੋ ਅਜਿਹੇ ਸਮਾਜ ਵਿਰੋਧੀ ਤੱਤਾਂ @ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ। ਪੁਲਿਸ ਅਜਿਹੇ ਗੈਰ-ਸਮਾਜਿਕ ਤੱਤਾਂ ਨੂੰ ਕਿਸੇ ਵੀ ਕੀਮਤ @ਤੇ ਬਖਸ਼ੇਗੀ ਨਹੀਂ।

# ਸੀਨੀਅਰ ਕਾਂਸਟੇਬਲ ਮਾਲਵਿੰਦਰ ਸਿੰਘ ਡੀਜੀਪੀ ਡਿਸਕ ਨਾਲ ਸਨਮਾਨਿਤ



ਬਠਿੰਡਾ, 20 ਜੂਨ (ਦੀਪਕ ਸ਼ਰਮਾ ): ਸਮਰਪਣ ਤੇ ਸੇਵਾ ਲਈ ਸਨਮਾਨ ਤਹਿਤ ਪੁਲਿਸ ਵਿਭਾਗ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਕਰਮਚਾਰੀਆਂ ਨੂੰ ਐਸ.ਐਸ.ਪੀ. ਬਠਿੰਡਾ ਵੱਲੋਂ ਡੀ.ਜੀ.ਪੀ. ਕਮੈਂਡੇਸ਼ਨ ਡਿਸਕ, ਕਲਾਸ-1 ਸਰਟੀਫਿਕੇਟ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਹਿਤ ਸੀਨੀਅਰ ਕਾਂਸਟੇਬਲ ਮਾਲਵਿੰਦਰ ਸਿੰਘ, ਇੰਚਾਰਜ ਮੀਡੀਆ ਸੈੱਲ ਬਠਿੰਡਾ, ਨੂੰ ਵਧੀਆ ਸੇਵਾਵਾਂ ਪ੍ਰਦਾਨ ਕਰਨ ਲਈ ਐਸ.ਐਸ.ਪੀ ਵੱਲੋਂ ਡੀ.ਜੀ.ਪੀ. ਡਿਸਕ, ਡੀ.ਜੀ.ਪੀ. ਕਲਾਸ-1 ਸਰਟੀਫਿਕੇਟ ਤੇ 5100 ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਐਸ.ਐਸ.ਪੀ. ਨੇ ਇਹ ਸਨਮਾਨ ਉਨ੍ਹਾਂ ਦੀ ਸਖ਼ਤ ਮਿਹਨਤ, ਇਮਾਨਦਾਰੀ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਦਿੱਤਾ। ਐਸ.ਐਸ.ਪੀ. ਨੇ ਦੱਸਿਆ ਕਿ ਬਠਿੰਡਾ ਪੁਲਿਸ ਆਪਣੇ ਕਰਮਚਾਰੀਆਂ ਦੀ ਨਿਰੰਤਰ ਪ੍ਰੇਰਣਾਦਾਇਕ ਸੇਵਾ ਨੂੰ ਸਲਾਮ ਕਰਦੀ ਹੈ

# ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੀ ਔਰਤ ਦੀ ਜਾਣਕਾਰੀ ਲੀਕ ਕੀ ਬਠਿੰਡਾ ਪੁਲਿਸ ਕਰ ਰਹੀ ਆਪਣੇ ਵਾਅਦੇ ਦੀ ਉਲੰਘਣਾ : ਔਰਤ ਨੇ ਐਸ.ਐਸ.ਪੀ. ਤੋਂ ਮੰਗਿਆ ਇਨਸਾਫ਼ !

ਬਠਿੰਡਾ, 20 ਜੂਨ (ਦੀਪਕ ਸ਼ਰਮਾ): ਪੰਜਾਬ ਸਰਕਾਰ ਵੱਲੋਂ ਨਸ਼ੇ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਨਸ਼ਾ ਤਸਕਰਾਂ ਜਾਂ ਵਿਕਰੀ ਸਬੰਧੀ ਸ਼ਿਕਾਇਤ ਦੇਣ 'ਤੇ ਨਾਮ ਗੁਪਤ ਰੱਖਣ ਦਾ ਭਰੋਸਾ ਦਿੱਤਾ ਜਾਂਦਾ ਹੈ, ਪਰ ਬਠਿੰਡਾ ਵਿੱਚ ਪੁਲਿਸ ਨੇ ਕਥਿਤ ਤੌਰ 'ਤੇ ਇੱਕ ਮਹਿਲਾ ਸ਼ਿਕਾਇਤਕਰਤਾ ਦਾ ਨਾਮ ਜਨਤਕ ਕਰ ਦਿੱਤਾ ਹੈ। ਇਸ ਕਾਰਨ ਔਰਤ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ, ਜਿਸ ਤੋਂ ਬਾਅਦ ਉਸਨੇ ਸ਼ੁੱਕਰਵਾਰ ਨੂੰ ਐਸ.ਐਸ.ਪੀ. ਅਮਨੀਤ ਕੌਂਡਲ ਨਾਲ ਮੁਲਾਕਾਤ ਕਰਕੇ ਇਨਸਾਫ਼ ਦੀ ਗੁਹਾਰ ਲਗਾਈ ਹੈ।

ਜ਼ਿਲ੍ਹੇ ਦੇ ਇੱਕ ਸ਼ਹਿਰ ਦੀ ਰਹਿਣ ਵਾਲੀ ਅਤੇ ਹੁਣ ਕਿਸੇ ਹੋਰ ਸ਼ਹਿਰ ਵਿੱਚ ਵਿਆਹੀ ਉਕਤ ਮਹਿਲਾ ਨੇ ਐਸ.ਐਸ.ਪੀ. ਨੂੰ ਦੱਸਿਆ ਕਿ ਉਸਦੇ ਭਰਾ 'ਤੇ ਪੁਲਿਸ ਨੇ ਚਿੱਟੇ ਸਬੰਧੀ ਕਈ ਝੂਠੇ ਕੇਸ ਦਰਜ ਕੀਤੇ ਹਨ, ਜਦਕਿ ਅਸਲ ਨਸ਼ਾ ਤਸਕਰਾਂ ਦੀ ਵਾਰ-ਵਾਰ ਸੂਚਨਾ ਦੇਣ ਦੇ ਬਾਵਜੂਦ ਥਾਣਾ ਰਾਮਪੁਰਾ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਔਰਤ ਨੇ ਅੱਗੇ ਦੱਸਿਆ ਕਿ ਉਸਨੇ ਪੁਲਿਸ ਨੂੰ ਨਸ਼ਾ ਤਸਕਰਾਂ ਬਾਰੇ ਸ਼ਿਕਾਇਤ ਕੀਤੀ ਸੀ, ਪਰ ਰਾਮਪੁਰਾ ਪੁਲਿਸ ਨੇ ਉਸਦਾ ਨਾਮ ਹੀ ਜਨਤਕ ਕਰ ਦਿੱਤਾ, ਜਿਸ ਕਾਰਨ ਉਸਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਉਸਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਜੇਕਰ ਉਸਦਾ ਕੋਈ ਨੁਕਸਾਨ ਹੁੰਦਾ ਹੈ, ਤਾਂ ਇਸਦੀ ਜ਼ਿੰਮੇਵਾਰੀ ਬਠਿੰਡਾ ਦੀ ਪੁਲਿਸ ਹੋਵੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪਿੰਡ ਭਾਈ ਬਖ਼ਤੌਰ ਵਿੱਚ ਨਸ਼ਾ ਤਸਕਰਾਂ ਵੱਲੋਂ ਸ਼ਿਕਾਇਤਕਰਤਾ ਸਾਬਕਾ ਸੂਬੇਦਾਰ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ ਸਨ।

ਇਸ ਸਬੰਧ ਵਿੱਚ ਡੀ.ਐਸ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗਹਿਰਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਸ਼ਿਕਾਇਤਕਰਤਾ ਦਾ ਨਾਮ ਕਿਸੇ ਨੇ ਜਨਤਕ ਕੀਤਾ ਹੈ, ਤਾਂ ਉਸਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

# ਹਲਕਾ ਕੋਆਰਡੀਨੇਟਰ 'ਮੌੜ' ਸਾਹਮਣੇ ਪਾਰਟੀ ਇਕਜੁੱਟਤਾ ਵੱਡੀ ਚੁਣੌਤੀ

ਧੂਰੀ, 20 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸੂਬੇ ਭਰ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਭਾਵੇਂ ਹਲਕਾ ਧੂਰੀ ਵਿੱਚ ਗੁਰਮੇਲ ਸਿੰਘ ਮੌੜ ਨੂੰ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ, ਪਰ ਹਲਕੇ ਦੇ ਸਿਆਸੀ ਹਾਲਾਤਾਂ ਅਨੁਸਾਰ ਉਨ੍ਹਾਂ ਨੂੰ ਪਾਰਟੀ ਅੰਦਰਲੀ ਗੁੱਟਬੰਦੀ ਨੂੰ ਦੂਰ ਕਰਨਾ ਚੁਣੌਤੀ ਸਾਬਿਤ ਹੋ ਸਕਦਾ ਹੈ। ਦੱਸਣਯੋਗ ਹੈ ਕਿ ਹਲਕਾ ਧੂਰੀ ਅੰਦਰ ਜਿੱਥੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਵੱਲੋਂ ਆਪਣੀਆਂ ਸਿਆਸੀ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ, ਉਥੇ ਕਿਸੇ ਕਿਸਮ ਉਨ੍ਹਾਂ ਦੇ ਸਾਥੀ ਰਹੇ ਹਰਦੀਪ ਸਿੰਘ ਦੌਲਤਪੁਰ ਵੀ ਦਲਵੀਰ ਸਿੰਘ ਗੋਲਡੀ ਦੇ 'ਆਪ' ਵਿੱਚ ਸ਼ਾਮਲ ਹੋਣ ਤੋਂ ਬਾਅਦ ਸਿਆਸੀ ਪਿੜ ਮੱਲਣ ਲਈ ਸਰਗਰਮ ਹਨ, ਜਦੋਂਕਿ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਆਪਣੇ ਵੱਖਰੇ ਤਰੀਕੇ ਨਾਲ ਪਾਰਟੀ ਦੀ ਹਾਈਕਮਾਂਡ ਅੱਗੇ ਆਪਣੇ ਆਪ ਨੂੰ ਹਲਕੇ ਦੇ ਆਗੂ ਵਜੋਂ ਸਥਾਪਿਤ ਕਰਦੇ ਹੋਏ ਦਿਖਾਈ ਦੇ ਰਹੇ ਹਨ। ਇਹ ਵੀ ਦੱਸਣਯੋਗ ਹੈ ਕਿ ਨਵੇਂ ਕੋਆਡੀਨੇਟਰ ਦੀ ਮੌਜੂਦਗੀ ਵਿੱਚ ਪਿਛਲੇ ਦਿਨੀਂ ਹੋਈ ਵਰਕਰਾਂ ਦੀ ਹਲਕਾ ਪੱਧਰੀ ਮੀਟਿੰਗ ਵਿੱਚ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਅਤੇ ਕਾਂਗਰਸੀ ਆਗੂ ਹਰਦੀਪ ਸਿੰਘ ਦੌਲਤਪੁਰ ਦੀ ਗੈਰ ਹਾਜ਼ਰੀ ਰੜਕਦੀ ਰਹੀ।ਦਲਵੀਰ ਸਿੰਘ ਗੋਲਡੀ, ਜੋ ਪਿਛਲੇ ਸਮੇਂ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ, ਹਲਕੇ ਵਿੱਚ ਆਪਣੀ ਮਜ਼ਬੂਤ ਪਹੁੰਚ ਰੱਖਦੇ ਹਨ। ਉਨ੍ਹਾਂ ਦੇ ਸਮਰਥਕ ਭੀ ਹਲਕੇ ਵਿੱਚ ਚੰਗੀ ਗਿਣਤੀ ਵਿੱਚ ਹਨ। ਦੂਜੇ ਪਾਸੇ, ਹਰਦੀਪ ਸਿੰਘ ਦੋਲਤਪੁਰ ਆਪਣੀ ਨਿੱਜੀ ਜਨ ਸੰਪਰਕ ਕਲਾ ਅਤੇ ਮਜ਼ਬੂਤ ਧੜੇ ਨਾਲ ਜਾਣੇ ਜਾਂਦੇ ਹਨ। ਸ਼ੁਭਮ ਸ਼ਰਮਾ, ਜੋ ਕਿ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਹਨ, ਪਿਛਲੇ ਕੁਝ ਸਮੇਂ ਤੋਂ ਹਲਕੇ ਵਿੱਚ ਸਰਗਰਮ ਹਨ ਅਤੇ ਆਪਣਾ ਅਸਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤ੍ਰਿਕੋਣੀ ਸਿਆਸੀ ਸਥਿਤੀ ਵਿੱਚ ਗੁਰਮੇਲ ਸਿੰਘ ਮੌੜ ਦੀ ਸਾਲਸ ਦੀ ਭੂਮਿਕਾ ਸਾਰਥਿਕ ਸਾਬਿਤ ਹੋ ਸਕਦੀ ਹੈ। ਫਿਲਹਾਲ, ਗੁਰਮੇਲ ਸਿੰਘ ਮੌੜ ਵੱਲੋਂ ਹਲਕੇ ਦੇ ਸਾਰੇ ਧੜਿਆਂ ਨਾਲ ਸੰਪਰਕ ਕਰਕੇ ਪਾਰਟੀ ਨੂੰ ਮਜਬੂਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਪਰ ਹਾਲ ਦੀ ਘੜੀ ਹਲਕਾ ਧੂਰੀ ਦੀ ਪਾਰਟੀ ਧੜਿਆਂ ਵਿੱਚ ਵੰਡੀ ਹੋਈ ਦਿਖਾਈ ਦੇ ਰਹੀ ਹੈ, ਜਦੋਂ ਹਲਕਾ ਆਗੂਆਂ ਦਲਵੀਰ ਸਿੰਘ ਗੋਲਡੀ ਖੰਗੂੜਾ ਅਤੇ ਹਰਦੀਪ ਸਿੰਘ ਦੌਲਤਪੁਰ ਦੀ ਗੈਰ ਹਾਜਰੀ ਬਾਰੇ ਹਲਕਾ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ ਨਾਲ ਫ਼ੋਨ ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਪਾਰਟੀ ਅੰਦਰਲੇ ਵਖਰੇਵਿਆਂ ਨੂੰ ਨਿਰਾਧਾਰ ਦੱਸਦਿਆਂ ਕਿਹਾ ਕਿ ਮੀਟਿੰਗ ਵਿੱਚ ਗੈਰ ਹਾਜਰ ਰਹੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਅਤੇ ਹਰਦੀਪ ਸਿੰਘ ਦੌਲਤਪੁਰ ਜਿਮਨੀ ਚੋਣ ਦੇ ਸਬੰਧ ਵਿੱਚ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਲੁਧਿਆਣਾ ਵਿਖੇ ਚੋਣ ਪ੍ਰਚਾਰ ਕਰਨ ਲਈ ਗਏ ਹੋਏ ਸਨ, ਜਦੋਂ ਇਸ ਸਬੰਧੀ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਗੈਰ ਹਾਜ਼ਰੀ ਨੂੰ ਲੁਧਿਆਣਾ ਚੋਣ ਪ੍ਰਚਾਰ ਦੀ ਡਿਊਟੀ ਕਾਰਨ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਕੋਆਡੀਨੇਟਰ ਸਾਹਿਬ ਦਾ ਮੀਟਿੰਗ ਰੱਖਣ ਸਬੰਧੀ ਫੋਨ ਆਇਆ ਸੀ। ਸੰਪਰਕ ਕਰਨ 'ਤੇ ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਕੁੱਝ ਦਿਨ ਪਹਿਲਾਂ ਹਲਕਾ ਕੋਆਡੀਨੇਟਰ ਨੇ ਸੰਪਰਕ ਕਰਕੇ ਪੁੱਛਿਆ ਸੀ ਕਿ ਤੁਸੀ ਕੀ ਸਾਰੇ ਜਣੇ ਇੱਕ ਥਾਂ ਤੇ ਮੀਟਿੰਗ ਕਰ ਸਕਦੇ ਹੋ ਤਾਂ ਮੇਰੇ ਵੱਲੋਂ ਹਾਂਮੀ ਭਰੀ ਗਈ ਸੀ, ਪਰ ਇਸਦੇ ਬਾਵਜੂਦ ਮੀਟਿੰਗ ਦੇ ਪ੍ਰਬੰਧਕਾਂ ਵੱਲੋਂ ਸਾਨੂੰ ਕੋਈ ਸੁਨੇਹਾ ਨਹੀਂ ਮਿਲਿਆ।ਭਾਵੇਂ ਪਾਰਟੀ ਅੰਦਰਲੇ ਵਖਰੇਂਵਿਆਂ ਤੇ ਪਰਦਾ ਪਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ, ਪਰ ਪਾਰਟੀ ਅੰਦਰ ਸਭ ਕੁੱਝ ਠੀਕ ਨਹੀਂ ਜਾਪ ਰਿਹਾ, ਪਰ ਹੁਣ ਵੇਖਣਾ ਹੋਵੇਗਾ ਕਿ ਹਲਕਾ ਕੋਆਡੀਨੇਟਰ ਗੁਰਮੇਲ ਸਿੰਘ ਮੌੜ ਪਾਰਟੀ ਦੇ ਤਿੰਨ ਆਗੂਆਂ ਗੋਲਡੀ, ਦੌਲਤਪੁਰ ਅਤੇ ਸ਼ਰਮਾ ਦੇ ਸਿਆਸੀ ਵਖਰੇਂਵਿਆਂ ਨੂੰ ਦੂਰ ਕਰਵਾਉਣ ਵਿੱਚ ਕਾਮਯਾਬ ਹੁੰਦੇ ਹਨ ਜਾਂ ਨਹੀਂ ਪਰ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਦੇਵੇ ਸਰਕਾਰ : ਵਿਧਾਇਕ ਕਾਲਾ ਢਿੱਲੋਂ



ਬਰਨਾਲਾ, 20 ਜੂਨ (ਬਘੇਲ ਸਿੰਘ ਧਾਲੀਵਾਲ) : ਪੰਜਾਬ ਪੱਧਰ 'ਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀ ਜਥੇਬੰਦੀ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਪੰਜਾਬ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ 10 ਜੂਨ ਤੋਂ ਲੈ ਕੇ ਕੰਮ ਠੱਪ ਕੀਤਾ ਹੋਇਆਠ, ਜਿਸ ਤਹਿਤ ਬਰਨਾਲਾ ਸ਼ਹਿਰ ਵਿੱਚ ਵੀ 10 ਜੂਨ ਤੋਂ ਲੈ ਕੇ ਸੀਵਰੇਜ ਕਾਮੇ ਹੜ੍ਹਤਾਲ ਕਰ ਧਰਨੇ 'ਤੇ ਬੈਠੇ ਹਨ ਪਰ ਸਰਕਾਰ ਵੱਲੋਂ ਇੰਨ੍ਹਾਂ ਕਾਮਿਆਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸ਼ੁੱਕਰਵਾਰ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਸੀਵਰੇਜ ਕਾਮਿਆਂ ਦੇ ਧਰਨੇ 'ਚ ਸ਼ਮੂਲੀਅਤ ਕਰਕੇ ਉਨ੍ਹਾਂ ਦੀਆਂ ਮੰਗਾਂ ਦੀ ਜਿੱਥੇ ਹਮਾਇਤ ਕੀਤੀ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਈ ਵਰ੍ਹਿਆਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਇਨ੍ਹਾਂ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਦੇਵੇ। ਵਿਧਾਇਕ ਢਿੱਲੋਂ ਨੇ ਕਿਹਾ ਕਿ ਸਮੇਂ ਸਿਰ ਸੀਵਰੇਜ਼ ਦੀ ਸਫਾਈ ਨਾ ਹੋਣ ਦਾ ਸਾਫ਼ ਮਤਲਬ ਹੈ ਕਿ ਲੋਕਾਂ ਨੂੰ ਭਿਆਨਕ ਬਿਮਾਰੀਆਂ ਆਪਣੀ ਲਪੇਟ ਵਿੱਚ ਲੈਣਗੀਆਂ, ਪਰ ਇਸ ਦੇ ਬਾਵਜੂਦ ਵੀ ਸਰਕਾਰ ਅਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਿਹਾ। ਵਿਧਾਇਕ ਢਿੱਲੋਂ ਨੇ ਕਿਹਾ ਕਿ ਜੇਕਰ 'ਆਪ' ਸਰਕਾਰ ਨੇ ਇਸੇ ਤਰ੍ਹਾਂ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਤੋਂ ਅੱਖਾਂ ਬੰਦ ਕਰੀ ਰੱਖੀਆਂ ਤਾਂ ਆਉਣ ਵਾਲੇ ਸਮੇਂ 'ਚ ਇਹਨਾਂ ਦੀ ਹੜਤਾਲ ਕਰਕੇ ਸੀਵਰੇਜ ਦੀ ਸਮੱਸਿਆ ਲੋਕਾਂ ਲਈ ਵਿਕਰਾਲ ਰੂਪ ਧਾਰਨ ਕਰ ਜਾਵੇਗੀ, ਜਿਸ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਸਰਕਾਰ ਦੀ ਇਸ ਤੋਂ ਵੱਡੀ ਅਸਫਲਤਾ ਤੇ ਲਾਪਰਵਾਹੀ ਹੋਰ ਕੋਈ ਨਹੀਂ ਹੋ ਸਕਦੀ ਕਿ ਅੱਤ ਦੀ ਗਰਮੀ 'ਚ ਕੱਚੇ ਮਜ਼ਦੂਰਾਂ ਨੂੰ ਧਰਨੇ ਦੇਣੇ ਪੈ ਰਹੇ ਹਨ। ਜੇਕਰ ਸਰਕਾਰ ਨੇ ਸੀਵਰੇਜ ਬੋਰਡ ਦੇ ਕੱਚੇ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ 'ਚ ਬਰਨਾਲਾ ਸ਼ਹਿਰ ਵਿੱਚ ਸੀਵਰੇਜ ਦੀ ਬਦਬੂ ਲੋਕਾਂ ਦੇ ਨੱਕ 'ਚ ਦਮ ਕਰ ਸਕਦੀ ਹੈ। ਆਊਟਸੋਰਸ ਕਾਮਿਆਂ ਨੂੰ ਵਿਧਾਇਕ ਢਿੱਲੋਂ ਨੇ ਵਿਸ਼ਵਾਸ ਦਿੱਤਾ ਕਿ ਉਹ ਸਰਕਾਰੀ ਪਲੇਟਫਾਰਮ 'ਤੇ ਉਨ੍ਹਾਂ ਦੀਆਂ ਮੰਗਾਂ ਜ਼ੋਰ ਨਾਲ ਉਠਾਉਣਗੇ। ਇਸ ਉਪਰੰਤ ਵਿਧਾਇਕ ਕਾਲਾ ਢਿੱਲੋਂ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਇਸ ਮਸਲੇ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਾਮਿਆਂ ਦੀਆਂ ਮੰਗਾਂ ਸਬੰਧੀ ਤੁਰੰਤ ਸਰਕਾਰ ਨਾਲ ਗੱਲ ਕਰੇ ਤੇ ਹੱਲ ਕਰਵਾਵੇ ਤਾਂ ਜੋ ਸਫ਼ਾਈ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਮੁਸ਼ਕਿਲਾਂ ਪੈਦਾ ਨਾ ਹੋਣ। ਉਨ੍ਹਾਂ ਕਿਹਾ ਕਿ ਸਬੰਧਿਤ ਠੇਕੇਦਾਰ ਵੀ ਸੀਵਰੇਜ ਦੀ ਸਾਫ਼ ਸਫ਼ਾਈ 'ਚ ਅਸਫ਼ਲ ਰਿਹਾ ਹੈ, ਜਿਸ ਕਰਕੇ ਉਸ ਖ਼ ?ਲਾਫ਼ ਵੀ ਬਣਦੀ ਕਾਰਵਾਈ ਕੀਤੀ ਜਾਵੇ। ਇਕ ਮੌਕੇ ਵਿਧਾਇਕ ਢਿੱਲੋਂ ਨਾਲ ਕਾਂਗਰਸ ਦੇ ਸ਼ਹਿਰੀ ਬਲਾਕ ਪ੍ਰਧਾਨ ਮਹੇਸ਼ ਕੁਮਾਰ ਲੋਟਾ, ਸੀਨੀਅਰ ਆਗੂ ਸੂਰਤ ਸਿੰਘ ਬਾਜਵਾ, ਕੌਂਸਲਰ ਅਜੇ ਆਦਿ ਵੀ ਹਾਜ਼ਰ ਸਨ।ਦੂਜੇ ਪਾਸੇ ਸੀਵਰੇਜ ਬੋਰਡ ਦੇ ਕਾਮਿਆਂ ਦੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਵੱਧ ਧਿਆਨ ਨਾ ਦਿੱਤਾ ਤਾਂ ਉਹ ਬਰਨਾਲਾ ਦੇ ਬਾਜਾਖਾਨਾ ਰੋਡ 'ਤੇ ਸੀਵਰੇਜ ਦੇ ਵੱਡੇ ਪਲਾਂਟ ਨੂੰ ਵੀ ਬੰਦ ਕਰ ਸਕਦੇ ਹਨ। ਪ੍ਰਧਾਨ ਅਸ਼ੋਕ ਕੁਮਾਰ ਨੇ ਦੱਸਿਆ ਕਿ ਕਿ ਇਹ ਆਊਟਸੋਰਸ ਕਾਮੇ 25-30 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ ਜਿਸ ਨਾਲ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਗੁਜ਼ਾਰਾ ਕਰਨਾ ਔਖਾ ਹੈ ਪ੍ਰੰਤੂ ਇਸਦੇ ਬਾਵਜੂਦ ਵੀ ਸਰਕਾਰ ਤਨਖਾਹ ਵਿੱਚ ਵਾਧੇ ਸਮੇਤ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ ਜਿਸ ਕਰਕੇ ਇਹਨਾਂ ਆਊਟਸੋਰਸ ਕੰਮਾਂ ਨੂੰ ਮਜਬੂਰੀ ਵੱਸ ਅੱਤ ਦੀ ਗਰਮੀ 'ਚ ਧਰਨੇ ਮੁਜ਼ਾਹਰੇ ਕਰਨੇ ਪੈ ਰਹੇ ਹਨ।

# ਬਾਬਾ ਭਾਨ ਸਿੰਘ ਅਤੇ ਸੰਤ ਬਾਬਾ ਲੇਖ ਰਾਮ ਦੀ ਸਾਲਾਨਾ ਬਰਸੀ ਭਲਕੇ



ਭਦੌੜ, 20 ਜੂਨ (ਸੁਖਵਿੰਦਰ ਪਲਾਹਾ): ਮਹਾਨ ਤਪੱਸਵੀ ਸੰਤ ਬਾਬਾ ਭਾਨ ਸਿੰਘ ਜੀ ਭਦੌੜ ਵਾਲੇ ਅਤੇ ਸੰਤ ਬਾਬਾ ਲੇਖ ਰਾਮ ਜੀ ਡੇਰਾ ਝਾਹਿਆਂ ਵਾਲੀ ਵਾਲਿਆਂ ਦੀ ਸਾਲਾਨਾ ਬਰਸੀ 22 ਜੂਨ ਦਿਨ ਐਤਵਾਰ ਨੂੰ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਜਿੰਦਰ ਸਿੰਘ ਨੂਰਾ ਸਿੱਧੂ, ਸੁਖਵਿੰਦਰ ਸਿੰਘ ਧਾਲੀਵਾਲ, ਜੀਤਾ ਸਿੱਧੂ ਅਤੇ ਕੁਲਵਿੰਦਰ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 20 ਜੂਨ ਦਿਨ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਅਖੰਡ ਪਾਠ ਜੀ ਦੇ ਪ੍ਰਕਾਸ਼ ਹੋਣਗੇ ਜਿਨਾਂ ਦੇ ਭੋਗ 22 ਜੂਨ ਐਤਵਾਰ ਨੂੰ 152 ਸਟਰੀਟ 68 ਐਵਨਿਊ ਸਰੀ (ਕੈਨੇਡਾ) ਵਿਖੇ ਪਾਏ ਜਾਣਗੇ ਅਤੇ ਮਹਾਂਪੁਰਸ਼ਾਂ ਦੀ ਯਾਦ ਵਿੱਚ ਸ਼ਬਦ ਕੀਰਤਨ ਵੀ ਕਰਵਾਇਆ ਜਾ ਰਿਹਾ ਹੈ ਉਹਨਾਂ ਸਮੂਹ ਪੰਜਾਬੀਆਂ ਤੇ ਭਾਰਤੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਉਹ ਆਪਣੇ ਕੀਮਤੀ ਸਮੇਂ ਵਿਚੋਂ ਕੁੱਝ ਸਮਾਂ ਕੱਢ ਕੇ ਪ੍ਰੀਵਾਰ ਸਮੇਤ ਇਹਨਾਂ ਮਹਾਨ ਤਪੱਸਵੀ ਮਹਾਂਪੁਰਸ਼ਾਂ ਦੀ ਬਰਸੀ ਤੇ ਪਹੁੰਚ ਕੇ ਆਪਣਾ ਜੀਵਨ ਸਫ਼ਲਾ ਕਰਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਉਹਨਾਂ ਕਿਹਾ ਕਿ ਇਸ ਮੌਕੇ ਸੰਗਤਾਂ ਲਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵੀ ਲਾਈਆਂ ਜਾਣਗੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਬਹੁਜਨ ਸਮਾਜ ਪਾਰਟੀ ਹਲਕਾ ਭਦੌੜ ਦੇ ਅਹੁਦੇਦਾਰਾਂ ਵੱਲੋਂ ਨਵ ਨਿਯੁਕਤ ਐਸ.ਐਚ.ਓ ਤਪਾ ਸਨਮਾਨਿਤ



ਤਪਾ ਮੰਡੀ, 20 ਜੂਨ (ਭੂਸ਼ਨ ਘੜੈਲਾ): ਬਹੁਜਨ ਸਮਾਜ ਪਾਰਟੀ ਹਲਕਾ ਭਦੌੜ ਵੱਲੋਂ ਤਪਾ ਥਾਣੇ ਵਿੱਚ ਨਵੇਂ ਆਏ ਥਾਣਾ ਮੁਖੀ ਇੰਸਪੈਕਟਰ ਸ਼ਰੀਫ ਖਾਨ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਐਸ.ਐਚ.ਓ. ਵੱਲੋਂ ਉਹਨਾਂ ਨੂੰ ਨਸ਼ਿਆਂ ਖਿਲਾਫ ਲੜਣ ਲਈ ਪ੍ਰੇਰਿਤ ਕੀਤਾ, ਐਸ.ਐਚ.ਓ. ਸ਼ਰੀਫ ਖਾਨ ਨੇ ਕਿਹਾ ਜੋ ਸਮਾਜ ਸੇਵੀ ਲੋਕ,ਧਾਰਮਿਕ,ਸਮਾਜਿਕ ਕਲੱਬਾਂ ਵਾਲੇ ਸੱਚ ਮੁੱਚ ਨਸ਼ਿਆਂ ਦਾ ਖਾਤਮਾ ਚਹੁੰਦੇ ਹਨ ਤਾਂ ਪੁਲਿਸ ਦਾ ਸਹਿਯੋਗ ਦਿਓ । ਤੁਹਾਡੇ ਵਰਗੇ ਲੋਕਾਂ ਦੇ ਸਹਿਯੋਗ ਨਾਲ ਹੀ ਪੰਜਾਬ ਨਸ਼ਾ ਮੁਕਤ ਹੋਵੇਗਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਹਾਜ਼ਰ ਮੈਂਬਰਾਂ ਵੱਲੋਂ ਨਸ਼ਿਆਂ ਦੇ ਖਿਲਾਫ ਪੁਲਿਸ ਦਾ ਡੱਟ ਕੇ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਇੰਸਪੈਕਟਰ ਸ਼ਰੀਫ ਖਾਨ ਨੇ ਮੋਟਰਸਾਈਕਲ ਚਾਲਕ ਮੁੰਡੀਰ ਨੂੰ ਵੀ ਤਾੜਨਾ ਕਰਦੇ ਹੋਏ ਕਿਹਾ ਕਿ ਮੋਟਰਸਾਈਕਲਾ ਦੇ ਪਟਾਕੇ ਵੱਜਣੇ ਬੰਦ ਹੋਣੇ ਚਾਹੀਦੇ ਹਨ ਨਹੀਂ ਤਾਂ ਪੁਲਿਸ ਦੇ ਪਟੇ ਦੇ ਮੋਟਰਸਾਈਕਲਾਂ ਦੇ ਪਟਾਕਿਆਂ ਨਾਲੋਂ ਵੀ ਉੱਚੀ ਪਟਾਕੇ ਪੈਣਗੇ। ਉਨ੍ਹਾਂ ਸਕੂਲਾਂ ਅੱਗੇ ਅਤੇ ਅੰਦਰਲੇ ਅੱਡੇ 'ਤੇ ਗੇੜੀਆਂ ਲਾਉਣ ਵਾਲੇ ਮੁੰਡਿਆਂ ਨੂੰ ਵਰਜਦੇ ਹੋਏ ਕਿਹਾ ਕਿ ਆਪਣੀ ਹੱਦ ਵਿਚ ਰਹਿਣ ਨਹੀਂ, ਤਾਂ ਜਲਦ ਲਪੇਟੇ ਜਾਵੇਂਗੇ। ਉਨ੍ਹਾਂ ਕਿਹਾ ਇਲਾਕੇ ਵਿੱਚ ਗਲਤ ਅਨਸਰਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ ਅਤੇ ਜੇਕਰ ਕੋਈ ਅਣਚਾਹੀ ਗਤੀਵਿਧੀ ਜਾਂ ਨਸ਼ਾ ਸਮੱਗਰੀ ਮਿਲਦੀ ਹੈ ਤਾਂ ਉਸ ਦੀ ਤੁਰੰਤ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਨਸ਼ਾ ਤਸਕਰਾਂ ਅਤੇ ਗਲਤ ਅਨਸਰਾਂ ਤੇ ਪੁਲਸ ਵੱਲੋਂ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਬਹੁਜਨ ਸਮਾਜ ਪਾਰਟੀ ਵੱਲੋਂ ਨਵ ਨਿਯੁਕਤ ਐਸ.ਐਚ.ਓ. ਸ਼ਰੀਫ ਖਾਨ ਦੀ ਸ਼ਲਾਘਾ ਕੀਤੀ।ਇਸ ਮੌਕੇ ਹਲਕਾ ਇੰਚਾਰਜ ਦਰਸ਼ਨ ਸਿੰਘ ਤਪਾ,ਹਲਕਾ ਪ੍ਰਧਾਨ ਸੁਖਵਿੰਦਰ ਸਿੰਘ ਢੱਲੂ,ਪ੍ਰੋ.ਮੀ ਜਗਸੀਰ ਸਿੰਘ ਬੀਵੀਐਫ ਇੰਚਾਰਜ ਤੋਂ ਇਲਾਵਾ ਬਹੁ ਸਮਾਜ ਪਾਰਟੀ ਦੇ ਹੋਰ ਵੀ ਮੈਂਬਰ ਹਾਜ਼ਰ ਸਨ।

# ਤਿੰਨ ਮਹੀਨੇ ਪਹਿਲਾ ਲੱਖਾਂ ਰੁਪਏ ਨਾਲ ਬਣੀਆਂ ਗਲੀਆਂ ਪਹਿਲੇ ਹੀ ਮੀਂਹ ਵਿੱਚ ਟੁੱਟਣ ਲੱਗੀਆਂ



ਧਨੌਲਾ, 20 ਜੂਨ (ਚਮਕੌਰ ਸਿੰਘ ਗੱਗੀ): ਸੂਬਾ ਸਰਕਾਰ ਵਲੋਂ ਪਿੰਡ ਸ਼ਹਿਰਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਪਰ ਇਹ ਪੈਸੇ ਨਾਲ ਹੋ ਰਹੇ ਵਿਕਾਸ ਭਿਰਸ਼ਟਾਚਾਰ ਦੀ ਭੇਟ ਚੜ੍ਹ ਰਹੇ ਹਨ, ਜਿਸ ਕਾਰਨ ਸਰਕਾਰ ਦੇ ਖਜ਼ਾਨੇ ਨੂੰ ਚੂਨਾ ਲਗਦਾ ਉਥੇ ਸਥਾਨਕ ਲੋਕਾਂ ਨੂੰ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ, ਭਿਰਸ਼ਟਾਚਾਰ ਦੀ ਤਾਜਾ ਉਦਾਹਰਨ ਨਗਰ ਕੌਂਸਲ ਧਨੌਲਾ ਵਿੱਚ ਦੇਖੀ ਜਾ ਸਕਦੀ ਹੈ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਅਖਤਿਆਰੀ ਫੰਡ ਵਿੱਚੋਂ ਦਿੱਤੀ ਵੀਹ ਕਰੋੜ ਰੁਪਏ ਦੀ ਗਰਾਂਟ ਨਾਲ ਬਣੀਆਂ ਗਲੀਆਂ ਟੁੱਟਣੀਆਂ ਵੀ ਸੁਰੂ ਹੋ ਗਈਆਂ ਹਨ, ਜਿਸ ਨਾਲ ਸਥਾਨਕ ਲੋਕਾਂ ਵਿੱਚ ਭਾਰੀ ਰੋਸ ਹੈ ਅਤੇ ਇਮਾਨਦਾਰ ਸਰਕਾਰ ਨੂੰ ਕੋਸਦੇ ਦਿਖਾਈ ਦੇ ਰਹੇ ਹਨ, ਜਿੱਥੇ ਪੂਰੇ ਧਨੌਲਾ ਵਿੱਚ ਡੀ ਐਮ ਕੇ ਬਿਲਡਰ ਵੱਲੋਂ ਕੀਤੇ ਕੰਮਾ ਵਿੱਚ ਵਰਤੇ ਘਟੀਆ ਮਟੀਰੀਅਲ ਤੇ ਮੋਹਰ ਪਹਿਲੇ ਹੀ ਮੀਂਹ ਨਾਲ ਲੱਗ ਗਈ, ਜਿਸਦੀ ਉਦਾਹਰਨ ਵਾਰਡ ਨੰਬਰ ਪੰਜ ਵਿੱਚ ਅਤਰ ਸਿੰਘ ਵਾਲਾ ਰੋਡ ਤੋਂ ਨਿਰਮਲ ਕੁਟੀਆ ਵਾਲੀ ਗਲੀ ਜਿਹੜੀ 23 ਲੱਖ ਰੁਪਏ ਖਰਚ ਕੇ ਬਣਾਈ ਗਈ, ਪਰ ਬਣਨ ਤੋਂ ਕੁਝ ਹੀ ਮਹੀਨਿਆਂ ਬਾਅਦ ਪਹਿਲੀ ਬਰਸਾਤ ਵਿੱਚ ਟੁੱਟ ਗਈ। ਸੜਕ ਬਣਨ ਦੇ ਕੁਝ ਦਿਨ ਬਾਅਦ ਹੀ ਟੁੱਟਣ ਕਾਰਨ ਰੋਹ ਵਿੱਚ ਆਏ ਵਾਰਡ ਵਾਸੀਆਂ ਮਨਦੀਪ ਸਿੰਘ, ਰਾਜੇਸ਼ ਕੁਮਾਰ ਅਤੇ ਵੀਰਪਾਲ ਕੌਰ ਨੇ ਦੋਸ਼ ਲਾਇਆ ਕਿ ਸੜਕ ਨਿਰਮਾਣ ਵਿੱਚ ਕਥਿਤ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਘਟੀਆ ਸਮੱਗਰੀ ਦਾ ਇਸਤੇਮਾਲ ਕੀਤਾ ਗਿਆ ਹੈ, ਜਿਸ ਕਾਰਨ ਇਹ ਇੰਨੀ ਜਲਦੀ ਟੁੱਟ ਗਈ। ਭਾਵੇਂ ਇਸ ਠੇਕੇਦਾਰ ਖਿਲਾਫ ਵਿਜੀਲੈਂਸ ਅਤੇ ਜਿਲਾ ਪ੍ਰਸ਼ਾਸਨ ਵੱਲੋਂ ਜਾਂਚ ਕੀਤੀ ਜਾ ਰਹੀ ਹੈ ,ਪਰ ਠੇਕੇਦਾਰ ਦੀ ਪੰਜਾਬ ਸਰਕਾਰ ਵਿੱਚ ਪਹਿਲੇ ਦਰਜੇ ਦੇ ਲੀਡਰ ਵਿਧਾਇਕ ਨਾਲ ਨੇੜਤਾ ਹੋਣ ਕਾਰਨ ਜਾਂਚ ਨੂੰ ਬਰੇਕਾਂ ਲੱਗੀਆਂ ਹੋਈਆਂ ਹਨ, ਜਿਸਨੂੰ ਲੈ ਕੇ ਸ਼ਹਿਰ ਵਾਸੀਆਂ ਅਤੇ ਰਾਹਗਿਰਾਂ ਵਿੱਚ ਰੋਸ਼ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਜੇਕਰ ਇਮਾਨਦਾਰ ਸਰਕਾਰ ਸੱਚਮੁੱਚ ਹੀ ਭਿਰਸ਼ਟਾਚਾਰ ਨੂੰ ਨੱਥ ਪਾਉਣ ਲਈ ਤਤਪਰ ਹੈ ਤਾਂ ਧਨੌਲਾ ਵਿੱਚ ਹੋਏ ਘਪਲੇ ਨੂੰ ਉਜਾਗਰ ਕਰੇ ਅਤੇ ਇਸ ਵਿੱਚ ਸਾਮਿਲ ਸਾਰੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਦਿੱਤੀ ਗਈ ਰਕਮ ਨੂੰ ਵਸੂਲਿਆ ਜਾਵੇ।

# ਸ੍ਰੀ ਭਾਰਤੀਆ ਸਨਾਤਨ ਧਰਮ ਮਹਾਵੀਰ ਦਲ ਵੱਲੋਂ ਸਾਲਾਨਾ ਲੰਗਰ ਤੇ ਜਾਗਰਣ ਸਬੰਧੀ ਪੂਜਨ ਅਰਚਨਾ ਕਰਕੇ ਦਫਤਰ ਦਾ ਉਦਘਾਟਨ



ਤਪਾ ਮੰਡੀ, 20 ਜੂਨ (ਭੂਸ਼ਨ ਘੜੈਲਾ): ਸਥਾਨਕ ਸ੍ਰੀ ਭਾਰਤੀਆ ਸਨਾਤਨ ਧਰਮ ਮਹਾਵੀਰ ਦਲ ਵੱਲੋਂ ਸਾਲਾਨਾ ਲੰਗਰ ਅਤੇ ਵਿਸ਼ਾਲ ਜਾਗਰਣ ਦੇ ਸੰਬੰਧ ਵਿੱਚ ਅੱਜ ਦਫਤਰ ਦਾ ਉਦਘਾਟਨ ਕੀਤਾ ਗਿਆ ਇਸ ਮੌਕੇ ਸੰਸਥਾ ਦੇ ਆਗੂ ਭੂਸ਼ਣ ਪੰਡਿਤ ਵੱਲੋਂ ਪੂਜਨ ਕਰਵਾ ਕੇ ਮਹਾਮਾਈ ਦੀ ਜੋਤ ਪ੍ਰਚੰਡ ਕੀਤੀ ਗਈ, ਪੰਡਿਤ ਪ੍ਰਦੀਪ ਕੁਮਾਰ ਛੋਟੂ ਵੱਲੋਂ ਵੇਦ ਮੰਤਰਾਂ ਦੇ ਉਚਾਰਨ ਨਾਲ ਮਾਂ ਭਗਵਤੀ ਦਾ ਪੂਜਨ ਕਰਵਾਇਆ ਗਿਆ ਅਤੇ ਮਾਤਾ ਦਾ ਗੁਣਗਾਨ ਕਰਕੇ ਆਰਤੀ ਕਰਕੇ ਕੰਜਕਾਂ ਨੂੰ ਕੜਾਹੀ ਦਾ ਭੋਗ ਲਵਾ ਕੇ ਭਗਤਾਂ ਵਿੱਚ ਵੰਡੀ ਗਈ। ਇਸ ਮੌਕੇ ਪੰਜਾਬ ਮਹਾਂਕਾਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ , ਰੋਹਿਤ ਕੁਮਾਰ ਜੈਨੂੰਕੇ ਅਤੇ ਰਾਜਾ ਢਿੱਲਵਾਂ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਮਾਤਾ ਨੈਣਾ ਦੇਵੀ ਹਿਮਾਚਲ ਪ੍ਰਦੇਸ਼ ਵਿਖੇ 36ਵਾਂ ਵਿਸ਼ਾਲ ਭੰਡਾਰਾ 24 ਜੁਲਾਈ ਤੋਂ 2 ਅਗਸਤ ਤੱਕ ਲਗਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿੱਚ 5 ਜੁਲਾਈ ਨੂੰ ਅਗਰਵਾਲ ਧਰਮਸ਼ਾਲਾ ਵਿਖੇ ਵਿਸ਼ਾਲ ਜਾਗਰਣ ਕਰਵਾਇਆ ਜਾਵੇਗਾ, ਜਿਸ ਵਿੱਚ ਮਾਤਾ ਦਾ ਗੁਣਗਾਨ ਕਰਨ ਲਈ ਵਿਸ਼ਵਾ ਮਿੱਤਰ ਸੰਗਰੂਰ ਵਾਲੇ ਮਾਂ ਦੀਆਂ ਸੁੰਦਰ ਸੁੰਦਰ ਨਵੀਆਂ ਭੇਟਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸ੍ਰੀ ਭਾਰਤੀਆ ਸਨਾਤਨ ਧਰਮ ਮਹਾਵੀਰ ਦਲ ਵੱਲੋਂ ਆਉਂਦੇ ਜਾਂਦੇ ਰਾਹਗੀਰਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ । ਪ੍ਰਬੰਧਕਾਂ ਨੇ ਕਿਹਾ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸ਼ਹਿਰ ਅਤੇ ਆਲੇ ਦੁਆਲੇ ਦੇ ਪਿੰਡਾਂ ਤੋਂ ਵਿਸ਼ਾਲ ਭੰਡਾਰੇ ਅਤੇ ਜਾਗਰਣ ਲਈ ਵੱਡਾ ਸਹਿਯੋਗ ਮਿਲ ਰਿਹਾ ਹੈ । ਇਸ ਮੌਕੇ ਸਮਾਜ ਸੇਵੀ ਅਸ਼ੋਕ ਮਿੱਤਲ ਢਿੱਲਵਾਂ ਵਾਲੇ, ਮੁਨੀਸ਼ ਢਿੱਲਵਾਂ, ਸਤਪਾਲ ਮੌੜ, ਤੋਂ ਇਲਾਵਾ ਭਾਰਤੀਆਂ ਸਨਾਤਮ ਧਰਮ ਮਹਾਂਵੀਰ ਦਲ ਤਪਾ ਆਗੂ ਭੂਸ਼ਣ ਪੰਡਿਤ, ਰਾਜਾ ਢਿੱਲਵਾਂ , ਰਜਿੰਦਰ ਮਾਲਾ , ਭੋਲੂ ਰਾਮ ਪ੍ਰਧਾਨ ,ਅਛਰੂ ਰਾਮ, ਭੂਸ਼ਣ ਘੜੈਲਾ, ਮੌਜੀ ਪੂਨੀਆਂ ਰੋਹਿਤ ਕੁਮਾਰ, ਸੀਤਾ ਆਇਸ ਕਰੀਮ ਵਾਲਾ , ਪ੍ਰੇਮ ਰਾਈਆ, ਸ਼ਾਮਾਂ ਹਲਵਾਈ, ਰਾਮਾਂ ਮਹੰਤ, ਸੰਜੇ ਮੁਨੀਮ,ਪੂਰਨ ਚੰਦ,ਲਛਮਣ ਦਾਸ ,ਦੀਪਾ ਰਾਮ, ਬਿੰਦਰ ਰਾਮ, ਕਾਲਾ ਹਲਵਾਈ, ਗੁਰਦੀਪ ਸਿੰਘ ਮਿਸਤਰੀ,ਸੀਤਾ ਮੌਜੀ,ਬਿਨੈ ਕੁਮਾਰ, ਰੋਹਿਤ,ਗੌਤਮ ਆਦਿ ਮੈਂਬਰ ਹਾਜ਼ਰ ਸਨ।

# ਅੰਤਰਰਾਸ਼ਟਰੀ ਗੱਤਕਾ ਦਿਵਸ ਪਿੰਡ ਕਰਮਗੜ੍ਹ ਦੇ ਸਟੇਡੀਅਮ ਵਿਖੇ ਅੱਜ ਮਨਾਇਆ ਜਾਵੇਗਾ



ਬਰਨਾਲਾ, 20 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਾਬਕਾ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਿਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅੱਜ ਮਿਤੀ 21 ਜੂਨ, 2025 ਦਿਨ ਸ਼ਨੀਵਾਰ ਸ਼ਾਮ ਨੂੰ 5 ਵਜੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਦਰਸ਼ਨ ਸਿੰਘ ਮੰਡੇਰ ਦੀ ਅਗਵਾਈ ਵਿੱਚ ਪਿੰਡ ਕਰਮਗੜ੍ਹ ਦੇ ਸਟੇਡੀਅਮ ਵਿਖੇ 11ਵਾਂ ਅੰਤਰਰਾਸ਼ਟਰੀ ਗੱਤਕਾ ਦਿਵਸ ਮਨਾਇਆ ਜਾ ਰਿਹਾ ਹੈ, ਜਿਸ ਵਿਚ ਗੱਤਕੇ ਦੇ ਜੌਹਰ ਦਿਖਾਉਣ ਲਈ ਟੀਮਾਂ ਪਹੁੰਚ ਰਹੀਆਂ ਹਨ ।ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੇ ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗਿਆਨੀ ਅਵਤਾਰ ਸਿੰਘ ਲੀਲਾ ਨੇ ਦਿੰਦਿਆਂ ਦੱਸਿਆ ਬਰਨਾਲਾ ਜ਼ਿਲ੍ਹੇ ਦੇ ਸਾਰੇ ਜਥੇਦਾਰਾਂ ਨੂੰ ਅਤੇ ਸਮੁੱਚੀ ਸੰਗਤ ਨੂੰ ਬੇਨਤੀ ਕੀਤੀ ਕਰਦੇ ਹਾਂ ਪਿੰਡ ਕਰਮਗੜ੍ਹ ਸਟੇਡੀਅਮ ਵਿਖੇ ਸ਼ਾਮ ਨੂੰ 5 ਵਜੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ । ਇਸ ਮੌਕੇ ਯੂਥ ਵਿੰਗ ਦੇ ਪ੍ਰਧਾਨ ਸੁਖਚੈਨ ਸਿੰਘ ਸੰਘੇੜਾ, ਗੁਰਪ੍ਰੀਤ ਸਿੰਘ ਗੁਰੀ ਖੁੰਡੀ, ਗੁਰਜੀਤ ਸਿੰਘ ਸਹਿਣਾ, ਜੱਸਾ ਸਿੰਘ ਮਾਣਕੀ ਗੁਰਮੀਤ ਸਿੰਘ ਮਾਂਗੇਵਾਲ, ਬਲਦੇਵ ਸਿੰਘ, ਡਾ ਜਗਰੂਪ ਸਿੰਘ, ਹਰੀ ਸਿੰਘ ਸੰਘੇੜਾ, ਜੀਤ ਸਿੰਘ ਮਾਂਗੇਵਾਲ , ਗੁਰਮੀਤ ਸਿੰਘ ਮਾਂਗੇਵਾਲ, ਅਜੈਬ ਸਿੰਘ ਭੈਣੀ ਫੱਤਾ, ਸੁਖਪਾਲ ਸਿੰਘ ਛੰਨਾ, ਮਹਿੰਦਰ ਸਿੰਘ ਸਹਿਜੜਾ, ਗੁਰਚਰਨ ਸਿੰਘ ਧਨੌਲਾ, ਦੀਪਕ ਸਿੰਗਲਾ, ਡੀ ਡੀ ਨਿਊਜ਼ ਵਪਾਰ ਮੰਡਲ ਦੇ ਸੂਬਾ ਜਨਰਲ ਸਕੱਤਰ ਉੱਤਮ ਬਾਂਸਲ , ਮਨਜਿੰਦਰ ਸਿੰਘ ਮੀਤ ਪ੍ਰਧਾਨ ਨੇ ਦੱਸਿਆ ਕਿ ਪਿੰਡ ਕਰਮਗੜ੍ਹ ਦੀ ਇਕਾਈ ਅਤੇ ਪਿੰਡ ਦੀ ਪੰਚਾਇਤ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।

# ਘਰੋਂ ਕੱਪੜੇ ਖਰੀਦਣ ਜਾ ਰਹੇ 19 ਸਾਲਾ ਨੌਜਵਾਨ ਦੀ ਧਨੌਲਾ ਵਿਖੇ ਸ਼ੱਕੀ ਹਾਲਤ 'ਚ ਮੌਤ



ਧਨੌਲਾ, 20 ਜੂਨ(ਚਮਕੌਰ ਸਿੰਘ ਗੱਗੀ): ਘਰੋਂ ਕੱਪੜੇ ਖਰੀਦਣ ਲਈ ਨਿਕਲੇ ਸੰਗਰੂਰ ਜ਼ਿਲ੍ਹੇ ਦੇ ਨੌਜਵਾਨ ਦੀ ਧਨੌਲਾ ਵਿਖੇ ਪਹੁੰਚਣ 'ਤੇ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਜਾਣ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਤਰਨਵੀਰ ਸਿੰਘ ਪੁੱਤਰ ਮਾਨਕ ਸਿੰਘ ਵਾਸੀ ਪਿੰਡ ਦੌਲੋਵਾਲ ਜ਼ਿਲ੍ਹਾ ਸੰਗਰੂਰ ਆਪਣੇ ਦੋਸਤ ਖੁਸ਼ਪ੍ਰੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਤੋਲੇਵਾਲ ਨਾਲ ਸਵਿਫਟ ਕਾਰ 'ਤੇ ਸਵਾਰ ਹੋ ਕੇ ਬਰਨਾਲਾ ਵਿਖੇ ਕੱਪੜੇ ਖਰੀਦਣ ਜਾ ਰਹੇ ਸਨ, ਜਿਵੇਂ ਹੀ ਧਨੌਲਾ ਦੇ ਬਾਈਪਾਸ ਨਜ਼ਦੀਕ ਪਹੁੰਚੇ ਤਾਂ ਤਰਨਵੀਰ ਪਿਸ਼ਾਬ ਕਰਨ ਲਈ ਗੱਡੀ ਵਿੱਚੋਂ ਉਤਰਿਆ ਤੇ ਚੱਕਰ ਖਾ ਕੇ ਡਿੱਗ ਪਿਆ, ਜਿਸ ਨੂੰ ਦੋਸਤ ਖੁਸ਼ਪ੍ਰੀਤ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਚੁੱਕ ਕੇ ਗੱਡੀ ਵਿੱਚ ਬਿਠਾਇਆ ਤੇ ਸਿਵਲ ਹਸਪਤਾਲ ਧਨੌਲਾ ਵਿਖੇ ਲਿਆਂਦਾ ਜਿੱਥੇ ਹਾਜ਼ਰ ਡਾਕਟਰ ਵੱਲੋਂ ਨੌਜਵਾਨ ਤਰਨਵੀਰ ਸਿੰਘ ਨੂੰ ਮਿਰਤਕ ਕਰਾਰ ਦੇ ਦਿੱਤਾ ਇਸ ਤੋਂ ਬਾਅਦ ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਮਿਰਤਕ ਦਾ ਪੋਸਟਮਾਰਟਮ ਕਰਵਾਉਣ ਲਈ ਮਿਰਤਕ ਦੇਹ ਨੂੰ ਬਰਨਾਲਾ ਵਿਖੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤਾ ਅਤੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ, ਜਿੱਥੇ ਮੌਕੇ 'ਤੇ ਪਹੁੰਚੇ ਮਿਰਤਕ ਦੇ ਪਿਤਾ ਮਾਨਕ ਸਿੰਘ ਨੇ ਕਿਹਾ ਕਿ ਉਹਨਾਂ ਦੇ ਲੜਕੇ ਨੂੰ ਸ਼ੂਗਰ ਲੈਵਲ ਘਟਣ ਦੀ ਵੀ ਬਿਮਾਰੀ ਸੀ ਪਰ ਅੱਜ ਪਤਾ ਨਹੀਂ ਇਹ ਕਿਸ ਤਰ੍ਹਾਂ ਵਾਪਰ ਗਿਆ। ਜਦੋਂ ਇਸ ਸਬੰਧੀ ਜਾਂਚ ਅਧਿਕਾਰੀ ਏਐਸਆਈ ਜਗਦੇਵ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮਿਰਤਕ ਦੇ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨ ਬਾਰੇ ਪਤਾ ਲੱਗ ਸਕੇਗਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਦੇ ਵਾਰਸਾਂ ਹਵਾਲੇ ਕਰ ਦੱਤੀ ਜਾਵੇਗੀ। ਖਬਰ ਲਿਖੇ ਜਾਣ ਤੱਕ ਪੁਲਿਸ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਸੀ। ਮਿਰਤਕ ਨੌਜਵਾਨ ਮਾਪਿਆ ਦਾ ਇਕਲੌਤਾ ਪੁੱਤਰ ਸੀ, ਧੀ ਪੜਾਈ ਕਰਨ ਲਈ ਕਨੇਡਾ ਗਈ ਹੋਈ ਹੈ।

# ਸ੍ਰੀ ਭਾਰਤੀਆ ਸਨਾਤਨ ਧਰਮ ਮਹਾਵੀਰ ਦਲ ਨੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ



ਤਪਾ ਮੰਡੀ, 20 ਜੂਨ (ਭੂਸ਼ਨ ਘੜੈਲਾ): ਸ਼੍ਰੀ ਭਾਰਤੀਆ ਸਨਾਤਨ ਧਰਮ ਮਹਾਵੀਰ ਦਲ ਤਪਾ ਵੱਲੋਂ ਸਲਾਨਾ ਹਿਮਾਚਲ ਪ੍ਰਦੇਸ਼ ਵਿਖੇ ਮਾਤਾ ਨੈਣਾਂ ਦੇਵੀ ਦੇ ਦਰਵਾਰ ਤੇ ਲੰਗਰ ਅਤੇ ਤਪਾ ਵਿਖੇ ਭਗਵਤੀ ਮਾਂ ਦੁਰਗਾ ਦੇ ਜਾਗਰਣ ਸਬੰਧੀ ਅੱਜ ਪੂਜਨ ਅਰਚਨਾ ਕਰਕੇ ਤਪਾ ਵਿਖੇ ਦਫਤਰ ਦਾ ਕੀਤਾ ਉਦਘਾਟਨ ਮੌਕੇ ਭਾਰਤੀਆ ਸਨਾਤਮ ਧਰਮ ਮਹਾਂਵੀਰ ਦਲ ਵੱਲੋਂ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਵੱਧ ਪੈ ਰਹੀ ਗਰਮੀ ਨੂੰ ਦੇਖਦੇ ਤਪਾ - ਢਿੱਲਵਾ ਰੋਡ ਤੇ ਦਫ਼ਤਰ ਮੂਹਰੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਰਾਹਗੀਰਾਂ ਨੇ ਠੰਡਾ ਮਿੱਠਾ ਜਲ ਛੱਕਿਆ। ਜਲ ਦੀ ਸੇਵਾ ਕਰ ਰਹੇ ਸੇਵਾਦਾਰਾਂ ਨੇ ਇਸ ਸੜਕ ਉਪਰ ਦੀ ਲੰਘਣ ਵਾਲੇ ਦੋਵੇਂ ਪਾਸਿਆਂ ਵਾਲੇ ਵਹੀਕਲਾ ਨੂੰ ਰੋਕਿਆ ਤੇ ਠੰਡਾ ਮਿੱਠਾ ਜਲ ਛਕਾਇਆ।ਇਸ ਉਦਮ ਦੀ ਰਾਹਗੀਰਾਂ ਨੇ ਬਹੁਤ ਸ਼ਲਾਘਾ ਕੀਤੀ। ਇਸ ਮੌਕੇ ਭਾਰਤੀਆਂ ਸਨਾਤਮ ਧਰਮ ਮਹਾਂਵੀਰ ਦਲ ਤਪਾ ਆਗੂ ਭੂਸ਼ਣ ਪੰਡਿਤ, ਰਾਜਾ ਢਿੱਲਵਾਂ, ਰਾਜਿੰਦਰ ਮਾਲਾ, ਭੋਲੂ ਰਾਮ ਪ੍ਰਧਾਨ, ਅਛਰੂ ਰਾਮ, ਭੂਸ਼ਨ ਘੜੈਲਾ, ਮੌਜੀ ਪੂਨੀਆਂ ਰੋਹਿਤ ਕੁਮਾਰ, ਸੀਤਾ ਆਇਸ ਕਰੀਮ ਵਾਲਾ, ਪ੍ਰੇਮ ਰਾਈਆ, ਸ਼ਾਮਾਂ ਹਲਵਾਈ, ਰਾਮਾਂ ਮਹੰਤ, ਸੰਜੇ ਮੁਨੀਮ, ਪੂਰਨ ਚੰਦ,ਲਛਮਣ ਦਾਸ ,ਦੀਪਾ ਰਾਮ, ਬਿੰਦਰ ਰਾਮ, ਕਾਲਾ ਹਲਵਾਈ, ਗੁਰਦੀਪ ਸਿੰਘ ਮਿਸਤਰੀ, ਸੀਤਾ ਫਲ ਮੌਜੀ, ਬਿਨੈ ਕੁਮਾਰ, ਬੁਧਰਾਮ ਹਲਵਾਈ, ਰੋਹਿਤ,ਗੋਤਮ ਆਦਿ ਮੈਂਬਰ ਹਾਜ਼ਰ ਸਨ।

# ਥਰੈਸ਼ਰ ਪੀੜਤਾਂ ਨੂੰ ਆਰਥਿਕ ਮਦਦ, ਵਿਧਾਇਕ ਬਲਕਾਰ ਸਿੱਧੂ ਵੱਲੋਂ ਚੈਕ ਵੰਡੇ



ਭਗਤਾ ਭਾਈ ਕਾ, 20 ਜੂਨ (ਸਵਰਨ ਸਿੰਘ ਭਗਤਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ)ਦੀ ਸੂਬਾ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਅੱਜ ਮਾਰਕੀਟ ਕਮੇਟੀ ਭਗਤਾ ਭਾਈ ਕਾ ਵਿਖੇ ਥਰੈਸ਼ਰ ਹਾਦਸਿਆਂ ਵਿੱਚ ਪੀੜਤ ਕਿਸਾਨਾਂ ਅਤੇ ਮਜ਼ਦੂਰ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇ ਚੈਕ ਵੰਡਣ ਸਮੇਂ ਕੀਤਾ । ਇਸ ਮੌਕੇ ਉਨ੍ਹਾਂ ਨੇ ਕਿਸਾਨ ਦਰਸ਼ਨ ਸਿੰਘ ਰਾਮੂਵਾਲਾ ਨੂੰ 48,000 ਰੁਪਏ ਅਤੇ ਰਾਜਵੀਰ ਸਿੰਘ ਨਿਊਰ ਨੂੰ 24,000 ਰੁਪਏ ਦੀ ਆਰਥਿਕ ਮਦਦ ਦੇ ਚੈਕ ਸੌਂਪੇ। ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੱਕ ਵਿੱਚ ਹਮੇਸ਼ਾ ਖੜੀ ਹੈ ਅਤੇ ਕਿਸੇ ਵੀ ਆਫ਼ਤ ਸਮੇਂ ਉਨ੍ਹਾਂ ਦੀ ਪੂਰੀ ਸਹਾਇਤਾ ਕਰੇਗੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦਾ ਮੁੱਖ ਮਕਸਦ ਕਿਸਾਨਾਂ ਅਤੇ ਮਜ਼ਦੂਰਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ। ਇਸੇ ਸਮਾਗਮ ਵਿੱਚ ਮਾਰਕੀਟ ਕਮੇਟੀ ਦੇ ਸਵਰਗੀ ਕਰਮਚਾਰੀ ਬਾਬੂ ਸਿੰਘ ਦੇ ਪਰਿਵਾਰ ਨੂੰ ਵੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਉਨ੍ਹਾਂ ਦੀ ਪਤਨੀ ਸਰੋਜ ਕੌਰ ਨੂੰ 1.5 ਲੱਖ ਰੁਪਏ ਅਤੇ ਪੁੱਤਰ ਮਨਜੋਤ ਸਿੰਘ ਤੇ ਧੀ ਕਮਲਜੀਤ ਕੌਰ ਨੂੰ 75-75 ਹਜ਼ਾਰ ਰੁਪਏ ਦੇ ਚੈਕ ਸੌਂਪੇ ਗਏ। ਵਿਧਾਇਕ ਨੇ ਪਰਿਵਾਰ ਨੂੰ ਦਿਲਾਸਾ ਦਿੰਦਿਆਂ ਕਿਹਾ ਕਿ ਸਰਕਾਰ ਉਨ੍ਹਾਂ ਦੇ ਨਾਲ ਹਰ ਕਦਮ 'ਤੇ ਖੜੀ ਹੈ।ਇਸ ਮੌਕੇ ਮਾਰਕੀਟ ਕਮੇਟੀ ਭਗਤਾ ਦੇ ਚੇਅਰਮੈਨ ਬੇਅੰਤ ਸਿੰਘ ਧਾਲੀਵਾਲ, ਜਗਸੀਰ ਸਿੰਘ ਪੰਨੂ ਪ੍ਰਧਾਨ ਸਹਿਕਾਰੀ ਸਭਾ,ਕਾਕਾ ਖਾਨਦਾਨ ਆਪ ਆਗੂ,ਏਕਮ ਸਿੱਧੂ 'ਆਪ' ਆਗੂਅਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਅਤੇ ਸਥਾਨਕ ਲੋਕ ਵੀ ਹਾਜ਼ਰ ਸਨ। ਵਿਧਾਇਕ ਨੇ ਸਰਕਾਰ ਦੀਆਂ ਕਿਸਾਨ-ਪੱਖੀ ਨੀਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅਜਿਹੇ ਉਪਰਾਲੇ ਅੱਗੇ ਵੀ ਜਾਰੀ ਰਹਿਣਗੇ।

# ਸ਼ਹੀਦ ਭਗਤ ਸਿੰਘ ਪਾਰਕ ਵਿਖੇ ਵਿਸ਼ਵ ਸੈਰ ਦਿਵਸ ਮੌਕੇ ਲੋਕਾਂ ਨੂੰ ਕੀਤਾ ਜਾਗਰੂਕ



ਬਰਨਾਲਾ, 20 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਸ਼ਹੀਦ ਭਗਤ ਸਿੰਘ ਪਾਰਕ ਵਿਖੇ ਵਿਸ਼ਵ ਸੈਰ ਦਿਵਸ ਮੌਕੇ ਲੋਕਾਂ ਨੂੰ ਸੈਰ ਦੀ ਮਹੱਤਤਾ ਤੋਂ ਜਾਣੂੰ ਕਰਾਉਂਦੇ ਹੋਏ ਸੀਨੀਅਰ ਸਿਟੀਜ਼ਨ ਅਤੇ ਕਾਰੋਬਾਰੀ ਸੁਰੇਸ਼ ਦਾਦੂ ਅਤੇ ਸੇਵਾ ਮੁਕਤ ਜੇ ਈ ਗਿਆਨ ਚੰਦ ਗੋਇਲ ਨੇ ਕਿਹਾ ਕਿ ਸੈਰ ਕਰਨ ਨਾਲ ਸਮਾਂ ਵੀ ਵਧੀਆ ਗੁਜ਼ਰ ਜਾਂਦਾ ਹੈ ਤੇ ਤੰਦਰੁਸਤੀ ਵੀ ਬਣੀ ਰਹਿੰਦੀ ਹੈ।ਸੈਰ ਨਾਲ ਹੱਡ ਗੋਡੇ ਚੱਲਦੇ ਰਹਿੰਦੇ ਹਨ ਤੇ ਜ਼ਿੰਦਗੀ ਚੰਗੀ ਤਰ੍ਹਾਂ ਗੁਜ਼ਰਦੀ ਰਹਿੰਦੀ ਹੈ, ਸੋ ਹਰ ਵਿਅਕਤੀ ਨੂੰ ਸਵੇਰੇ ਖਾਲੀ ਪੇਟ ਘੱਟੋ ਘੱਟ 40 ਮਿੰਟ ਦੀ ਸੈਰ ਰੋਜ਼ਾਨਾ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਯੋਗਾ ਦੇ ਮਾਹਿਰ ਦਰਸ਼ਨ ਸਿੰਘ ਬਰਨਾਲਾ ਨੇ ਹਰ ਉਮਰ ਦੇ ਵਿਅਕਤੀਆਂ ਨੂੰ ਸੈਰ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਬਿਮਾਰੀਆਂ ਤੋਂ ਬਚਣ ਲਈ ਸੈਰ ਕੁਦਰਤੀ ਦਵਾਈ ਹੈ। ਸੈਰ ਦਾ ਆਨੰਦ ਉਹੀ ਵਿਅਕਤੀ ਲੈ ਸਕਦਾ ਹੈ, ਜਿਸ ਨੂੰ ਸੈਰ ਸ਼ਬਦ ਨਾਲ ਮੋਹ ਹੋਵੇ ਅਤੇ ਜੋ ਅੰਦਰੋਂ ਜੁੜਿਆ ਹੋਵੇ।ਸੈਰ ਕਿਤੇ ਵੀ ਕੀਤੀ ਜਾ ਸਕਦੀ ਹੈ ਪ੍ਰੰਤੂ ਪਾਰਕਾਂ ਜਾਂ ਹਰਿਆਲੀ ਵਾਲੀ ਥਾਂ ਤੇ ਸੈਰ ਕਰਨ ਨਾਲ ਤਾਜ਼ੀ ਹਵਾ ਚੋਂ ਵੱਧ ਮਾਤਰਾ ਚ ਆਕਸੀਜਨ ਮਿਲਦੀ ਹੈ। ਸੈਰ ਕਰਨ ਤੋਂ ਪਹਿਲਾਂ ਪੂਰੀ ਨੀਂਦ ਲੈਣੀ ਜ਼ਰੂਰੀ ਹੁੰਦੀ ਹੈ। ਸੈਰ ਕਰਨਾ ਇੱਕ ਸ਼ੌਕ ਹੈ। ਹਰ ਵਿਅਕਤੀ ਨੂੰ ਤੰਦਰੁਸਤ ਰਹਿਣ ਲਈ ਇਸ ਸ਼ੌਕ ਨੂੰ ਪਾਲਣਾ ਚਾਹੀਦਾ ਹੈ। ਸੈਰ ਕਰਨ ਸਮੇਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਇਕਾਗਰ ਚਿੱਤ ਹੋ ਕੇ ਸੈਰ ਕਰਨੀ ਚਾਹੀਦੀ ਹੈ।

# ਨਸ਼ਾ ਕਰਨ ਵਾਲਾ ਦੋਸ਼ੀ ਕਾਬੂ, ਮਾਮਲਾ ਦਰਜ

ਤਪਾ ਮੰਡੀ, 20 ਜੂਨ (ਭੂਸ਼ਨ ਘੜੈਲਾ): ਪੁਲਸ ਸਬ-ਡਵੀਜਨ ਤਪਾ ਅਧੀਨ ਪੈਂਦੇ ਥਾਣਾ ਰੂੜੇਕੇ ਕਲਾਂ ਦੀ ਪੁਲਸ ਨੇ ਨਸ਼ਾ ਕਰਦੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ ਲਾਇਟਰ,ਪੱਨੀ ਅਤੇ ਜਲਿਆਂ ਹੋਇਆ 10 ਦਾ ਨੋਟ ਬਰਾਮਦ ਕਰਕੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸੰਬੰਧੀ ਥਾਣਾ ਮੁੱਖੀ ਰੂੜੇਕੇ ਕਲਾਂ ਰੇਣੂ ਪਰੋਚਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਦੇ ਨਿਰਦੇਸ਼ਾਂ ਤੇ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੇ ਹੁਕਮਾਂ ਤੇ ਪੁਲਸ ਨੂੰ ਮੁਖਬਰ ਨੇ ਸੂਚਨਾ ਦਿੱਤਾ ਕਿ ਜਸਵੀਰ ਸਿੰਘ ਪੁੱਤਰ ਸੰਤ ਸਿੰਘ ਵਾਸੀ ਵਜੀਦਕੇ ਨਸ਼ਾ ਕਰਨ ਦਾ ਆਦੀ ਹੈ ਇਸ ਸਮੇਂ ਇਲਾਕੇ 'ਚ ਘੁੰਮਕੇ ਨਸ਼ਾ ਕਰ ਰਿਹਾ ਹੈ ਤਾਂ ਅਗਰ ਕਾਰਵਾਈ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ, ਤਾਂ ਪੁਲਸ ਨੇ ਤੁਰੰਤ ਐਕਸ਼ਨ 'ਚ ਆਕੇ ਨਸ਼ਾ ਕਰਦੇ ਨੂੰ ਕਾਬੂ ਕਰਕੇ ਉਸ ਪਾਸੋਂ ਲਾਇਟਰ,ਪੱਨੀ ਅਤੇ 10 ਰੁਪਏ ਦਾ ਜਲਿਆਂ ਹੋਇਆ ਨੋਟ ਬਰਾਮਦ ਕਰਕੇ ਉਕਤ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਸਰਕਾਰ 24 ਘੰਟੇ ਬਿਜਲੀ ਸਪਲਾਈ ਦੇਣ ਵਿੱਚ ਫੇਲ੍ਹ -ਵਿਧਾਇਕ ਕਾਲਾ ਢਿੱਲੋਂ

ਭਦੌੜ, 20 ਜੂਨ (ਸੁਖਵਿੰਦਰ ਪਲਾਹਾ) : ਪੰਜਾਬ ਸਰਕਾਰ ਤਿੰਨ ਸਾਲਾਂ ਵਿੱਚ ਪੰਜਾਬ ਦੇ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਚੁੱਕੀ ਹੈ। ਇਹ ਸ਼ਬਦ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਜ਼ਿਲ੍ਹਾ ਪ੍ਰਧਾਨ ਕਾਂਗਰਸ ਪਾਰਟੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇਂ।ਉਨ੍ਹਾਂ ਕਿਹਾ ਕਿ ਅੱਤ ਦੀ ਗਰਮੀ ਦੌਰਾਨ ਪੰਜਾਬ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ ਅਤੇ ਬਿਜਲੀ ਸਪਲਾਈ ਪੂਰੀ ਨਾ ਹੋਣ ਕਾਰਨ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਦਾ ਬਹੁਤ ਹੀ ਬੁਰਾ ਹਾਲ ਹੋਇਆ ਪਿਆ ਹੈ ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈਂ।ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਕਾਰਜ ਰੁਕੇ ਪਏ ਹਨ ਅਤੇ ਪੰਜਾਬ ਸਿਰ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਪੰਜਾਬ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ।ਉਹਨਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਨਸ਼ਾ ਬੰਦ ਕਰਨ ਲਈ ਫ਼ੋਨ ਨੰਬਰ ਜਾਰੀ ਕਰ ਰਹੀ ਹੈ ਪਰ ਇਸਦੇ ਉਲਟ ਪੰਜਾਬ ਵਿੱਚ ਨਸ਼ਾ ਪਹਿਲਾਂ ਨਾਲੋਂ ਜ਼ਿਆਦਾ ਵਿਕ ਰਿਹਾ ਹੈ ਅਤੇ ਪੰਜਾਬ ਸਰਕਾਰ ਨਸ਼ੇ ਦੇ ਤਸਕਰਾਂ ਨੂੰ ਗਿਫਤਾਰ ਕਰਨ ਵਿੱਚ ਨਾਕਾਮ ਸਿੱਧ ਹੋ ਰਹੀ ਹੈ। ਇਸ ਮੌਕੇ ਬਾਜ਼ ਸਿੰਘ ਉੱਗੋਕੇ, ਸੁਖਵਿੰਦਰ ਸਿੰਘ ਧਾਲੀਵਾਲ ਸੀਨੀਅਰ ਕਾਂਗਰਸੀ ਆਗੂ ਹਲਕਾ ਭਦੌੜ,ਕਰਮ ਸਿੰਘ ਉੱਪਲ ਆਦਿ ਹਾਜ਼ਰ ਸਨ।

# ਮਹਿਕਮੇ 'ਚ ਵਧੀਆ ਸੇਵਾਵਾਂ ਦੇਣ 'ਤੇ ਏ.ਐਸ.ਆਈ ਸੁਖਜਿੰਦਰ ਸਿੰਘ ਖੋਸਾ ਦਾ ਡੀ. ਜੀ.ਪੀ. ਡਿਸਕ ਨਾਲ ਸਨਮਾਨ



ਭਗਤਾ ਭਾਈ ਕਾ, 20 ਜੂਨ (ਸਵਰਨ ਸਿੰਘ ਭਗਤਾ): ਜ਼ਿਲ੍ਹਾ ਬਠਿੰਡਾ ਦੇ ਅਧੀਨ ਪੈਂਦੇ ਥਾਣਾ ਦਿਆਲਪੁਰਾ ਐਟ ਭਗਤਾ ਵਿਖੇ ਸ਼ਹਿਰ ਚ ਪਿਛਲੇ ਸਮੇਂ ਟ੍ਰੈਫਿਕ ਇੰਚਾਰਜ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਅਤੇ ਇਸ ਵਕਤ ਬਠਿੰਡਾ ਵਿਖੇ ਟ੍ਰੈਫਿਕ ਪੁਲਿਸ ਵਿੱਚ ਸੇਵਾਵਾਂ ਨਿਭਾਅ ਰਹੇ ਏਐਸਆਈ ਸੁਖਜਿੰਦਰ ਸਿੰਘ ਖੋਸਾ ਨੂੰ ਮਹਿਕਮੇ ਵਿੱਚ ਵਧੀਆ ਸੇਵਾਵਾਂ ਦੇਣ 'ਤੇ ਅਮਨੀਤ ਕੌਂਡਲ ਐਸਐਸਪੀ ਬਠਿੰਡਾ ਵੱਲੋਂ ਡੀਜੀਪੀ ਡਿਸਕ ਨਾਲ ਸਨਮਾਨਤ ਕੀਤਾ ਗਿਆ ਅਤੇ ਮਹਿਕਮੇ ਅੰਦਰ ਹੋਰ ਵਧੀਆ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ। ਏ ਐਸ ਆਈ ਸੁਖਜਿੰਦਰ ਸਿੰਘ ਖੋਸਾ ਨੂੰ ਡੀਜੀਪੀ ਡਿਸਕ ਨਾਲ ਸਨਮਾਨਤ ਹੋਣ 'ਤੇ ਇੰਦਰਜੀਤ ਸਿੰਘ ਮਾਨ ਚੇਅਰਮੈਨ ਖਾਦੀ ਬੋਰਡ, ਮਨਜੀਤ ਸਿੰਘ ਧੁੰਨਾਂ, ਸੁਖਜਿੰਦਰ ਸਿੰਘ ਸਾਬਕਾ ਕੌਂਸਲਰ, ਜਗਮੋਹਨ ਲਾਲ ਭਗਤਾ ਕੌਂਸਲਰ, ਨਛੱਤਰ ਸਿੰਘ ਸਿੱਧੂ ਭਗਤਾ, ਦਲਜੀਤ ਸਿੰਘ ਸਾਬਕਾ ਸਰਪੰਚ, ਇੰਦਰਜੀਤ ਸਿੰਘ ਜੱਗਾ ਸਾਬਕਾ ਸਰਪੰਚ,ਦੀਪਕ ਸ਼ਰਮਾ ਸਰਪੰਚ ਰਾਜਗੜ੍ਹ, ਤੀਰਥ ਸਿੰਘ ਸਿੱਧੂ ਦਿਆਲਪੁਰਾ ਮਿਰਜ਼ਾ, ਅਜਾਇਬ ਸਿੰਘ ਸਰਪੰਚ ਹਮੀਰਗੜ੍ਹ, ਨਾਇਬ ਸਿੰਘ ਸਾਬਕਾ ਸਰਪੰਚ, ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ, ਰਾਕੇਸ਼ ਕੁਮਾਰ ਸਾਬਕਾ ਪ੍ਰਧਾਨ ਨਗਰ ਪੰਚਾਇਤ, ਬੂਟਾ ਸਿੰਘ ਭਗਤਾ ਪ੍ਰਧਾਨ ਨਗਰ ਪੰਚਾਇਤ ਭਗਤਾ ਭਾਈ, ਸੁਖਦੀਪ ਸਿੰਘ ਸਿੱਪੀ, ਪਰਮਜੀਤ ਸਿੰਘ ਕਾਂਗੜ ਆਪ ਆਗੂ, ਕਰਮਜੀਤ ਸਿੰਘ ਕਾਂਗੜ ਅਕਾਲੀ ਆਗੂ, ਦਵਿੰਦਰ ਸਿੰਘ ਮਠਾੜੂ, ਜਗਸੀਰ ਸਿੰਘ ਪੰਨੂ, ਗੁਰਪਾਲ ਸਿੰਘ ਢਿੱਲੋਂ, ਸਮਾਜ ਸੇਵੀ ਯਾਦਵਿੰਦਰ ਸਿੰਘ ਸਿਰੀਏ ਵਾਲਾ, ਵੀਰਪਾਲ ਭਗਤਾ ਮੈਂਬਰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਐਸੋਸੀਏਸ਼ਨ, ਸੁਖਪਾਲ ਸਿੰਘ ਸੋਨੀ ਪ੍ਰਧਾਨ ਪ੍ਰੈਸ ਕਲੱਬ ਭਗਤਾ ਭਾਈ,ਪੱਤਰਕਾਰ ਸਵਰਨ ਸਿੰਘ ਭਗਤਾ ਸੀਨੀਅਰ ਮੀਤ ਪ੍ਰਧਾਨ ਪ੍ਰੈਸ ਕਲੱਬ ਭਗਤਾ ਭਾਈ,ਰਾਕੇਸ਼ ਅਰੋੜਾ ਆਪ ਆਗੂ, ਸਤਵਿੰਦਰਪਾਲ ਸਿੰਘ ਪਿੰਦਰ ਪ੍ਰਧਾਨ, ਨਿਰਮਲ ਸਿੰਘ ਹੀਰੋ ਐਗਰੀ.ਵਾਲੇ, ਹਰਿੰਦਰ ਸਿੰਘ ਬਰਾੜ ਐਡਵੋਕੇਟ, ਬਲਵੀਰ ਸਿੰਘ ਡੀਲਕਸ ਵਾਲੇ, ਬੱਬੂ ਨੈਸ਼ਨਲ ਵਾਲੇ, ਸੁਖਮੰਦਰ ਸਿੰਘ ਅਕਾਲ ਵਾਲੇ, ਭੂਸ਼ਨ ਸਿੰਗਲਾ,ਸੁਰਿੰਦਰ ਕੁਮਾਰ ਭੁੱਟੋ, ਲਖਵੀਰ ਸਿੰਘ ਲੱਖਾ ਕਾਂਗਰਸੀ ਆਗੂ, ਹਰਿੰਦਰ ਸਿੰਘ ਬਰਾੜ ਦਗੋਗਾ,ਦੀਪ ਕੋਠਾਗੁਰੂ, ਸੋਢੀ ਸਾਇਕਲ ਸਟੋਰ ਵਾਲੇ, ਬਿੱਟੂ ਸੁਰਿੰਦਰਾ ਡੈਅਰੀ ਵਾਲਾ, ਬੱਬੂ ਭਾਈਕਾ ਗਰੁੱਪ, ਸੁਖਚੈਨ ਸਿੰਘ ਚੈਨਾ ਕਲਿਆਣ,ਰਾਜੇਸ਼ ਕੁਮਾਰ ਗਰਗ(ਗਰਗ ਲੈਬ ਵਾਲੇ),ਕੁਲਵੰਤ ਸਿੰਘ ਸਾਬਕਾ ਸਰਪੰਚ ਘੰਡਾਬੰਨਾ, ਬਹਾਦਰ ਸਾਹਿਬ ਬਰਾੜ,ਗੁਰਪ੍ਰੀਤ ਸਿੰਘ ਘੰਡਾਬੰਨਾ ਆਦਿ ਨੇ ਏ ਐਸ ਆਈ ਸੁਖਜਿੰਦਰ ਸਿੰਘ ਖੋਸਾ ਨੂੰ ਵਧਾਈਆਂ ਦਿੱਤੀਆਂ।



# ਪਟਿਆਲਾ-ਆਸ/ਪਾਸ



## ਡਵੀਜ਼ਨਲ ਕਮਿਸ਼ਨਰ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੰਮਾਂ ਦਾ ਜਾਇਜ਼ਾ

### ☛ਘੱਗਰ, ਟਾਂਗਰੀ, ਵੱਡੀ ਤੇ ਛੋਟੀ ਨਦੀ ਸਮੇਤ ਸਾਰੀਆਂ ਨਹਿਰਾਂ, ਨਦੀਆਂ ਤੇ ਨਾਲਿਆਂ ਦੇ ਹੜ੍ਹ ਰੋਕੂ ਪ੍ਰਬੰਧਾਂ 'ਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ : ਵਿਨੈ ਬੁਬਲਾਨੀ



ਪਟਿਆਲਾ, 20 ਜੂਨ (ਰੂਪਾਣਾ) : ਪਟਿਆਲਾ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਅੱਜ ਜ਼ਿਲ੍ਹੇ ਅੰਦਰ ਹੜ੍ਹਾਂ ਤੋਂ ਬਚਾਅ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਏ.ਡੀ.ਸੀ. (ਜ) ਇਸ਼ਾ ਸਿੰਗਲ, ਜਲ ਨਿਕਾਸ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨਾਲ ਬੈਠਕ ਕਰਕੇ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮਜ਼ ਤੇ ਤਹਿਸੀਲਦਾਰ ਆਪਣੇ ਹਲਕਿਆਂ ਦੇ ਸਬੰਧਤ ਵਿਧਾਇਕ ਤੇ ਮੰਤਰੀ ਸਾਹਿਬਾਨ ਤੇ ਹੋਰ ਚੁਣੇ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਹੜ੍ਹ ਸੰਭਾਵਤ ਇਲਾਕਿਆਂ ਦਾ ਦੌਰਾ ਕਰਕੇ ਰਿਪੋਰਟ ਦੇਣਗੇ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜਿੱਥੇ ਹੜ੍ਹ ਦਾ ਪਾਣੀ ਆਇਆ ਸੀ, ਉਨ੍ਹਾਂ ਥਾਂਵਾਂ ਦਾ ਖਾਸ ਧਿਆਨ ਰੱਖਿਆ ਜਾਵੇ। ਡਵੀਜ਼ਨਲ ਕਮਿਸ਼ਨਰ ਨੇ ਡਰੇਨੇਜ ਵਿਭਾਗ ਨੂੰ ਹਦਾਇਤ ਕੀਤੀ ਕਿ ਘੱਗਰ, ਟਾਂਗਰੀ, ਛੋਟੀ ਤੇ ਵੱਡੀ ਨਦੀਆਂ ਸਮੇਤ ਹੋਰ ਨਹਿਰਾਂ, ਨਦੀਆਂ ਤੇ ਨਾਲਿਆਂ ਦੀ ਸਫ਼ਾਈ ਸਮੇਤ ਹੜ੍ਹ ਰੋਕੂ ਪ੍ਰਬੰਧਾਂ 'ਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਮੌਨਸੂਨ ਦੇ ਮੱਦੇਨਜ਼ਰ ਹੜ੍ਹਾਂ ਵਰਗੀ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਹ ਖ਼ੁਦ ਆਪਣੀ ਡਵੀਜ਼ਨ ਦੇ ਸਾਰੇ ਜ਼ਿਲ੍ਹਿਆਂ, ਪਟਿਆਲਾ, ਲੁਧਿਆਣਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਸਾਰੇ ਹੜ੍ਹ ਸੰਭਾਵਤ ਖੇਤਰਾਂ ਦਾ ਦੌਰਾ ਕਰਕੇ ਜ਼ਮੀਨੀ ਹਕੀਕਤਾਂ ਦਾ ਵੀ ਜਾਇਜ਼ਾ ਲੈਣਗੇ। ਵਿਨੈ ਬੁਬਲਾਨੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮਾਨਸੂਨ ਦੌਰਾਨ ਨਦੀਆਂ ਤੇ ਨਾਲਿਆਂ ਦੇ ਕੈਚਮੈਂਟ ਇਲਾਕੇ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਦੇ ਮੱਦੇਨਜ਼ਰ ਸੰਵੇਦਨਸ਼ੀਲ ਇਲਾਕਿਆਂ 'ਚ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਤਿਆਰੀਆਂ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤਾਂ ਆਪਣੇ ਸ਼ਹਿਰਾਂ 'ਚ ਸੀਵਰੇਜ ਤੇ ਨਿਕਾਸੀ ਨਾਲਿਆਂ ਦੀ ਸਫ਼ਾਈ ਕਰਵਾਕੇ ਰਿਪੋਰਟ ਸੌਂਪਣ। ਇਸ ਤੋਂ ਬਿਨ੍ਹਾਂ ਨਹਿਰੀ ਵਿਭਾਗ ਆਪਣੀਆਂ ਨਹਿਰਾਂ ਨੂੰ ਟੁੱਟਣ ਤੋਂ ਬਚਾਉਣ ਲਈ ਅਗੇਤੇ ਪ੍ਰਬੰਧ ਪੁਖ਼ਤਾ ਕਰਨਾ ਵੀ ਯਕੀਨੀ ਬਣਾਉਣ। ਵਿਨੈ ਬੁਬਲਾਨੀ ਨੇ ਜਲ ਨਿਕਾਸ, ਸਿੰਚਾਈ, ਲੋਕ ਨਿਰਮਾਣ, ਮੰਡੀ ਬੋਰਡ, ਜਲ ਸਪਲਾਈ ਤੇ ਸੀਵਰੇਜ਼ ਬੋਰਡ, ਸਥਾਨਕ ਸਰਕਾਰਾਂ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਕਮਿਊਨੀਕੇਸ਼ਨ ਪਲਾਨ ਤੇ ਹੜ੍ਹਾਂ ਤੋਂ ਬਚਾਅ ਲਈ ਯੋਜਨਾ ਸਮੇਤ ਭਾਰਤੀ ਫ਼ੌਜ, ਐਨ.ਡੀ.ਆਰ.ਐਫ਼, ਪੁਲਿਸ ਤੇ ਹੋਰ ਵਿਭਾਗਾਂ ਦੀ ਆਫ਼ਤ ਪ੍ਰਬੰਧਨ ਯੋਜਨਾ 'ਤੇ ਵੀ ਚਰਚਾ ਕੀਤੀ। ਉਨ੍ਹਾਂ ਨੇ ਡਰੇਨੇਜ ਵਿਭਾਗ ਨੂੰ ਨਦੀਆਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਖਾਸ ਕਰਕੇ ਜਿੱਥੇ ਪਹਿਲਾਂ ਟੁੱਟੇ ਬੰਨ੍ਹਾਂ ਦੀ ਮੁੜ ਤੋਂ ਨਜ਼ਰਸਾਨੀ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਮੌਕੇ ਏ.ਡੀ.ਸੀ. ਇਸ਼ਾ ਸਿੰਗਲ ਨੇ ਉਨ੍ਹਾਂ ਨੂੰ ਦੱਸਿਆ ਕਿ ਜ਼ਿਲ੍ਹੇ ਵਿੱਚ ਹੜ੍ਹ ਕੰਟਰੋਲ ਰੂਮ 0175-2350550 ਕਾਰਜਸ਼ੀਲ ਹੈ। ਪ੍ਰਥਮ ਗੰਭੀਰ ਨੇ ਦੱਸਿਆ ਕਿ ਡਰੇਨੇਜ ਵਿਭਾਗ ਨੇ ਘੱਗਰ ਸਮੇਤ ਛੋਟੀ ਤੇ ਵੱਡੀ ਨਦੀ ਦੀ ਸਫ਼ਾਈ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਅਤੇ ਲੋੜ ਮੁਤਾਬਕ ਬੰਨ੍ਹਾਂ ਨੂੰ ਵੀ ਮਜ਼ਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਡੀ.ਆਰ.ਓ. ਨਵਦੀਪ ਸਿੰਘ ਨੇ ਦੱਸਿਆ ਕਿ ਡਵੀਜ਼ਨਲ ਕਮਿਸ਼ਨਰ ਦੇ ਹੁਕਮਾਂ ਮੁਤਾਬਕ ਸਮੂਹ ਮਾਲ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣਗੇ।

## 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖੋਲ੍ਹਿਆ ਸ਼ਤਾਬਦੀ ਦਫ਼ਤਰ

### ਪ੍ਰਚਾਰਕ ਪਰਵਿੰਦਰ ਸਿੰਘ ਰਿਉਂਦ ਨੂੰ ਸ਼ਤਾਬਦੀ ਦਫ਼ਤਰ ਦਾ ਲਗਾਇਆ ਕੋਆਰਡੀਨੇਟਰ



ਪਟਿਆਲਾ, 20 ਜੂਨ (ਰੂਪਾਣਾ/ਅਮਰਜੀਤ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੀ ਯੋਗ ਅਗਵਾਈ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਜਾਣ ਵਾਲੇ ਗੁਰਮਤਿ ਸਮਾਗਮ ਦੇ ਮੱਦੇਨਜ਼ਰ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸ਼ਤਾਬਦੀ ਦਫ਼ਤਰ ਖੋਲ੍ਹਿਆ ਗਿਆ, ਜਿਸ ਦੀ ਸ਼ੁਰੂਆਤ ਅੱਜ ਹੈੱਡ ਗ੍ਰੰਥੀ ਗਿਆਨੀ ਫੁਲਾ ਸਿੰਘ ਵੱਲੋਂ ਕੀਤੀ ਅਰਦਾਸ ਉਪਰੰਤ ਹੋਈ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਆਦਿ ਪੁੱਜੇ ਹੋਏ ਸਨ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਮਨਾਈ ਜਾ ਰਹੀ ਹੈ ਅਤੇ ਮਾਲਵਾ ਜ਼ੋਨ ਅੰਦਰ ਇਸ ਗੁਰਮਤਿ ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਨਾਲ ਹੋਵੇਗੀ ਅਤੇ 6 ਜੁਲਾਈ ਨੂੰ ਮੁੱਖ ਸਮਾਗਮ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਸਬੰਧੀ ਤਿਆਰੀਆਂ ਅਤੇ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਇਹ ਸਮਾਗਮ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ ਵਿਚ ਹੋਣਗੇ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਸ਼ਤਾਬਦੀ ਸਮਾਗਮ ਸਬੰਧੀ ਦਫ਼ਤਰ ਵਿਖੇ ਪ੍ਰਚਾਰਕ ਪਰਵਿੰਦਰ ਸਿੰਘ ਰਿਉਂਦ ਨੂੰ ਕੋਆਰਡੀਨੇਟਰ ਲਗਾਇਆ ਗਿਆ, ਜੋ 350 ਸਾਲਾ ਸਮਾਗਮ ਦੀ ਸਫਲਤਾ ਲਈ ਆਪਣਾ ਸਹਿਯੋਗ ਕਰਨਗੇ। ਇਸ ਉਪਰੰਤ ਦੌਰਾਨ ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਉਲੀਕੇ ਪ੍ਰੋਗਰਾਮ ਅਨੁਸਾਰ ਮਾਲਵਾ ਜ਼ੋਨ ਵਿਚੋਂ ਸ਼ਤਾਬਦੀ ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਮਤਿ ਸਮਾਗਮ ਵੱਡੇ ਪੱਧਰ 'ਤੇ ਹੋਣਗੇ ਤਾਂ ਜੋ ਗੁਰੂ ਸਾਹਿਬ ਦਾ ਉਦੇਸ਼ ਘਰ ਘਰ ਤੱਕ ਪਹੁੰਚਾਇਆ ਜਾ ਸਕੇ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਪ੍ਰੋਗਰਾਮ ਦਿੰਦਿਆਂ ਕਿਹਾ ਕਿ ਪ੍ਰਚਾਰਕ ਸਾਹਿਬਾਨ ਪਿੰਡਾਂ ਵਿਚ ਜਾ ਕੇ ਸੰਗਤਾਂ ਤੱਕ ਪਹੁੰਚ ਕਰਨ ਤਾਂ ਕਿ ਸਮਾਗਮ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ ਚੌਹਾਨ, ਐਡੀਸ਼ਨਲ ਮੈਨੇਜਰ ਜਸਵਿੰਦਰ ਸਿੰਘ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਮੈਨੇ. ਜਸਵਿੰਦਰ ਸਿੰਘ ਬਾਬਾ ਅਜੇਪਾਲ ਨਾਭਾ, ਜੋਗਿੰਦਰ ਸਿੰਘ ਪੰਛੀ, ਗੁਰਪਿਆਰ ਸਿੰਘ ਜੌਹਰ, ਜਸਵੀਰ ਸਿੰਘ ਆਦਿ ਪ੍ਰਚਾਰਕ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

## ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪਿੰਡ ਡਕਾਲਾ ਵਿਖੇ ਛੱਪੜ ਦੀ ਸਫ਼ਾਈ ਦੇ ਕੰਮ ਦਾ ਜਾਇਜ਼ਾ

### ☛ਪਿਛਲੀਆਂ ਸਰਕਾਰਾਂ ਨੇ ਪਿੰਡਾਂ ਦੀ ਜੀਵਨ ਰੇਖਾ, ਛੱਪੜਾਂ ਨੂੰ ਕੀਤਾ ਅਣਗੌਲਿਆ : ਚੇਤਨ ਸਿੰਘ ਜੌੜਾਮਾਜਰਾ



ਸਮਾਣਾ/ਡਕਾਲਾ, 20 ਜੂਨ (ਵਿਜੇ ਕੁਮਾਰ/ਸੁਖਜਿੰਦਰ/ਅਮਿਤ/ਜਵੰਦਾ/ਗੁਰਜੀਤ ਸਿੰਘ ਢੋਟ) : ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਪਿੰਡ ਡਕਾਲਾ ਵਿਖੇ ਛੱਪੜ ਦੀ ਸਫ਼ਾਈ ਤੇ ਸੁੰਦਰੀਕਰਨ ਦੇ ਚੱਲ ਰਹੇ ਕੰਮ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਕਰਵਾਈ ਜਾ ਰਹੀ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਿੰਡਾਂ ਦੀ ਜੀਵਨ ਰੇਖਾ ਛੱਪੜਾਂ ਨੂੰ ਅਣਗੌਲਿਆ ਕੀਤਾ ਸੀ ਅਤੇ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਇਨ੍ਹਾਂ ਦੀ ਨਾ ਤਾਂ ਕੋਈ ਸਾਰ ਲਈ ਗਈ ਸੀ ਅਤੇ ਨਾ ਹੀ ਕੋਈ ਕੀਤੀ ਗਈ। ਅਜਿਹੇ ਛੱਪੜ ਓਵਰਫਲੋਅ ਹੋ ਜਾਂਦੇ ਹਨ ਤੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਬਦਬੂ ਆਉਂਦੀ ਹੈ ਅਤੇ ਮੱਛਰਾਂ ਤੇ ਬਿਮਾਰੀਆਂ ਦੀ ਭਰਮਾਰ ਹੋ ਜਾਂਦੀ ਹੈ ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਹਾਲਾਤਾਂ ਨੂੰ ਬਦਲਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮਾਣਾ ਹਲਕੇ ਦੇ ਪਿੰਡਾਂ 'ਚ ਛੱਪੜਾਂ ਦੀ ਸਫ਼ਾਈ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਬਹੁਤ ਜਲਦੀ ਸਾਰੇ ਛੱਪੜਾਂ ਦੀ ਸਫ਼ਾਈ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਪ੍ਰਾਥਮਿਕਤਾ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਕਰਨਾ ਹੈ। ਥਾਪਰ/ਸੀਚੇਵਾਲ ਮਾਡਲ ਰਾਹੀਂ ਪਿੰਡਾਂ ਵਿੱਚ ਸੀਵਰੇਜ਼ ਟ੍ਰੀਟਮੈਂਟ ਸਹੂਲਤਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਛੱਪੜਾਂ ਦੇ ਪਾਣੀ ਦੇ ਸੈਂਪਲ ਲਏ ਜਾ ਰਹੇ ਹਨ। ਜੇਕਰ ਪਾਣੀ ਦੇ ਸੈਂਪਲ ਤੈਅ ਮਾਪਦੰਡਾਂ ਅਨੁਸਾਰ ਆਉਂਦੇ ਹਨ ਤਾਂ ਪਾਣੀ ਸਿੰਚਾਈ ਲਈ ਖੇਤਾਂ ਨੂੰ ਦਿੱਤਾ ਜਾਵੇਗਾ, ਨਹੀਂ, ਤਾਂ ਪਾਣੀ ਸਾਫ਼ ਕਰਨ ਦਾ ਪ੍ਰੋਜੈਕਟ ਲਾ ਕੇ ਪਾਣੀ ਸਾਫ਼ ਕਰਨ ਉਪਰੰਤ ਸਿੰਚਾਈ ਲਈ ਵਰਤਿਆ ਜਾਵੇਗਾ। ਇਸ ਮੌਕੇ ਪਵਿੱਤਰ ਸਿੰਘ ਡਕਾਲਾ, ਮਨਿੰਦਰ ਸਿੰਘ ਡਕਾਲਾ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਅਤੇ ਅਧਿਕਾਰੀ ਵੀ ਮੌਜੂਦ ਸਨ।

## ਨਰਿੰਦਰ ਮੋਦੀ ਨੇ ਭਾਰਤ ਨੂੰ 11 ਸਾਲਾਂ 'ਚ ਆਤਮ ਨਿਰਭਰ ਤੇ ਵਿਕਸਿਤ ਦੇਸ਼ ਬਣਾਇਆ: ਮਨਜੀਤ ਰਾਏ




ਸਮਾਣਾ, 20 ਜੂਨ (ਵਿਜੇ ਕੁਮਾਰ/ਜਵੰਦਾ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ 11 ਸਾਲ ਪੂਰੇ ਹੋਣ 'ਤੇ ਭਾਰਤੀ ਜਨਤਾ ਪਾਰਟੀ ਪਟਿਆਲਾ ਸਾਊਥ ਵੱਲੋਂ ਸਮਾਣਾ ਵਿਖੇ ਪ੍ਰੋਫੈਸ਼ਨਲ ਮੀਟ ਦਾ ਆਯੋਜਨ ਕੀਤਾ ਗਿਆ। ਜਿੱਥੇ ਮੁੱਖ ਮਹਿਮਾਨ ਵਜੋਂ ਪਟਿਆਲਾ ਤੋਂ ਮਨਜੀਤ ਸਿੰਘ ਰਾਏ ਪੁੱਜੇ। ਜਿਨ੍ਹਾਂ ਦਾ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ, ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਮੰਡਲ ਪ੍ਰਧਾਨ,ਜਤਿੰਦਰ ਸ਼ਰਮਾ ਅਤੇ ਯੂਥ ਪ੍ਰਧਾਨ ਪ੍ਰੀਕਸ਼ਤ ਪਾਠਕ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ। ਮਨਜੀਤ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਸੱਤਾ 'ਚ ਬਣੇ ਹੋਏ 11 ਸਾਲ ਹੋ ਗਏ ਹਨ। ਸੱਤਾ 'ਚ ਰਹਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ 11 ਸਾਲਾਂ ਵਿਚ ਅਣਗਿਣਤ ਪ੍ਰਾਪਤੀਆਂ ਕੀਤੀਆਂ। ਜਿਨ੍ਹਾਂ ਨੂੰ ਸੁਨਹਿਰੀ ਅੱਖਰਾਂ ਦੇ ਨਾਲ ਲਿਖਿਆ ਜਾਏਗਾ। ਉਹਨਾਂ ਨੇ ਭਾਰਤ ਨੂੰ ਆਤਮ ਨਿਰਭਰ, ਵਿਕਸਿਤ ਭਾਰਤ ਅਤੇ ਸੁਰੱਖਿਤ ਭਾਰਤ ਬਣਾਇਆ। ਉਹਨਾਂ ਦੱਸਿਆ ਕਿ ਮੋਦੀ ਜੀ ਨੇ ਜੋ ਕੰਮ ਨਹੀਂ ਹੁੰਦੇ ਸੀ ਉਹਨਾਂ ਨੂੰ ਵੀ ਮੁਮਕਿਨ ਕਰਕੇ ਦਿਖਾਇਆ। ਪਹਿਲਾਂ 140 ਕਰੋੜ ਦੇਸ਼ ਵਾਸੀਆਂ ਦੇ ਵਿੱਚੋਂ ਨਾਅਰੇ ਲਾਏ ਜਾਂਦੇ ਸੀ, ਕਿ ਗਰੀਬੀ ਹਟਾਓ, ਪਰ ਮੋਦੀ ਨੇ ਹਕੀਕਤ ਦੇ ਵਿੱਚ 27 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਲੈ ਆਂਦਾ। ਇਸ ਮੌਕੇ ਪ੍ਰਦਮਨ ਵਿਰਕ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਕਿਸਾਨਾਂ ਲਈ ਕਿਸਾਨ ਸਨਮਾਨ ਰਾਸ਼ੀ ਉਹਨਾਂ ਦੇ ਖਾਤਿਆਂ ਚ ਸਿੱਧੀ ਪਾ ਕੇ ਕਿਸਾਨ ਹਤੈਸ਼ੀ ਕੰਮ ਕੀਤਾ ਹੈ। ਇਸ ਮੌਕੇ ਪਰਦਮਨ ਸਿੰਘ ਵਿਰਕ, ਵਿਨੋਦ ਸਿੰਗਲਾ, ਮਨੀਸ਼ ਰੋਕੀ, ਹਲਕਾ ਇੰਚਾਰਜ ਨਰਾਇਣ ਨਰਸੋਤ, ਵਰਿੰਦਰ ਬਿੱਟੂ ਸੁਤਰਾਣਾ, ਜੀਵਨ ਸ਼ੈਲੀ ਜਨਰਲ ਸੈਕਟਰੀ ਜਿਲਾ, ਰੋਸ਼ਨ ਜਿੰਦਲ ਡਕਾਲਾ, ਗੌਰਵ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

## 30 ਪੇਟੀਆਂ ਸ਼ਰਾਬ ਬ੍ਰਾਮਦ

ਪਟਿਆਲਾ, 20 ਜੂਨ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀਆਂ ਅਤੁੱਲ ਕੁਮਾਰ ਵਾਸੀ ਸਨੌਰ ਰੋਡ ਬੈਕ ਸਾਇਡ ਗਊਸ਼ਾਲਾ ਪਟਿਆਲਾ, ਗਗਨਦੀਪ ਗਰਗ ਵਾਸੀ ਗਲੀ ਨੰ. 10 ਮਾਰਕਲ ਕਲੋਨੀ ਪਟਿਆਲਾ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਾਮ ਲਾਲ ਸਮੇਤ ਪੁਲਿਸ ਪਾਰਟੀ ਅੰਡਰ ਬ੍ਰਿਜ ਪਸਿਆਣਾ ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਦੀ ਗੱਡੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 30 ਪੇਟੀਆਂ ਸ਼ਰਾਬ ਠੇਕਾ ਦੇਸੀ ਪੰਜਾਬ ਦੀਆ ਬ੍ਰਾਮਦ ਹੋਈਆਂ।

## ਸਰਕਾਰੀ ਮੈਡੀਕਲ ਕਾਲਜ ਪਟਿਆਲਾ ਕਮੇਟੀ ਦੀ ਚੋਣ, ਪਰਮਿੰਦਰ ਸਿੰਘ ਕੰਬੋਜ ਬਣੇ ਪ੍ਰਧਾਨ



ਪਟਿਆਲਾ, 20 ਜੂਨ (ਚ.ਨ.ਸ.) : ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੀ ਕਮੇਟੀ ਚੋਣ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਾਜੇਸ਼ ਕੁਮਾਰ (ਗੋਲੂ) ਦੀ ਅਗਵਾਈ ਹੇਠ ਹੋਈ। ਇਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸਾਥੀ ਦਰਸ਼ਨ ਸਿੰਘ ਲੁਬਾਣਾ ਵੱਲੋਂ ਕੀਤੀ ਗਈ। ਇਸ ਚੋਣ ਇਕੱਤਰਤਾ ਵਿੱਚ ਮੈਡੀਕਲ ਕਾਲਜ ਦੇ ਸਮੁੱਚੇ ਕੱਚੇ ਅਤੇ ਪੱਕੇ ਦਰਜਾ ਚਾਰ ਕਰਮਚਾਰੀ ਸ਼ਾਮਲ ਹੋਏ, ਜਿਸ ਵਿੱਚ ਪਰਮਿੰਦਰ ਸਿੰਘ ਕੰਬੋਜ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਇਕੱਤਰਤਾ ਨੇ ਚੁਣੇ ਪ੍ਰਧਾਨ ਸ੍ਰੀ ਪਰਮਿੰਦਰ ਸਿੰਘ ਨੂੰ ਅਧਿਕਾਰ ਦਿੱਤੇ ਕਿ ਉਹ ਆਪਣੀ ਅਗਲੀ ਵਰਕਿੰਗ ਕਮੇਟੀ ਜ਼ਿਲ੍ਹਾ ਆਗੂਆਂ ਨਾਲ ਤਾਲਮੇਲ ਕਰਕੇ ਬਣਾਉਣਗੇ। ਇਸ ਮੌਕੇ ਚੇਅਰਮੈਨ ਰਾਜਿੰਦਰ ਸਿੰਘ, ਸਾਬਕਾ ਪ੍ਰਧਾਨ ਅਰੁਣ ਕੁਮਾਰ, ਕੈਸ਼ੀਅਰ ਕਮਲ ਕਾਂਤ, ਸੁਖਦੇਵ ਸਿੰਘ, ਸੰਜੇ ਕੁਮਾਰ, ਮਨੋਜ ਕੁਮਾਰ, ਆਦਿ ਸ਼ਾਮਲ ਸਨ। ਵਿਕਰਮ ਸਿੰਘ, ਮਾਨ ਲਾਲ ਸਲਾਹਕਾਰ, ਕ੍ਰਿਸ਼ਨ ਕੁਮਾਰ, ਸ੍ਰੀਮਤੀ ਕਮਲਜੀਤ ਕੌਰ, ਅਨੀਲ ਕੁਮਾਰ (ਗੋਲੂ), ਸਕੱਤਰ ਦੇਸ਼ ਰਾਜ, ਮੀਤ ਪ੍ਰਧਾਨ ਅਜੇ ਕੁਮਾਰ ਸਿੱਪਾ ਆਦਿ ਹਾਜ਼ਰ ਸਨ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 20 ਜੂਨ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਤੇਜਪਾਲ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਰਘਬੀਰ ਨਗਰ ਪਟਿਆਲਾ ਹਾਲ ਫਲੈਟ ਨੰ. 123 ਸਪਨਾ ਘਰ ਸੈਕਟਰ-11 ਦਵਾਰਕਾ ਨਿਊ ਦਿੱਲੀ ਨੇ ਕਥਿਤ ਦੋਸ਼ੀਆਂ ਗੁਰਜੀਤ ਸਿੰਘ, ਗੁਰਮੀਤ ਸਿੰਘ, ਨਿਰਮਲ ਕੌਰ ਵਾਸੀ ਸਰਾਭਾ ਨਗਰ ਭਾਦਸੋਂ ਰੋਡ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਲੜਕੀ ਸਿਮਨਰ ਦਿਉਲ ਦਾ ਵਿਆਹ ਮਿਤੀ 15/02/21 ਨੂੰ ਕਥਿਤ ਦੋਸ਼ੀ ਗੁਰਜੀਤ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ, ਜੋ ਉਸਦੇ ਦਾਜ ਦਾ ਸਮਾਨ ਵੀ ਕਥਿਤ ਦੋਸ਼ੀਆਂ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਧਾਰਾ 406,498ਏ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਨਾਬਾਲਿਗ ਪ੍ਰਵਾਸੀ ਲੜਕੀ ਨਾਲ ਰਿਸ਼ਤੇਦਾਰ ਨੌਜਵਾਨ ਵੱਲੋਂ ਸਰੀਰਕ ਸਬੰਧ ਬਣਾਉਣ ਦੇ ਦੋਸ਼ ਤਹਿਤ ਮਾਮਲਾ ਦਰਜ

ਸਮਾਣਾ, 20 ਜੂਨ (ਵਿਜੇ ਕੁਮਾਰ): ਇੱਕੋ ਮਕਾਨ ਦੇ ਦੂਸਰੇ ਕਮਰੇ ਵਿੱਚ ਰਹਿੰਦੀ ਨਾਬਾਲਿਗ ਪ੍ਰਵਾਸੀ ਲੜਕੀ ਨਾਲ ਰਿਸ਼ਤੇਦਾਰ ਨੌਜਵਾਨ ਵੱਲੋਂ 2 ਮਹੀਨੇ ਤੱਕ ਜਬਰਦਸਤੀ ਸਰੀਰਕ ਸਬੰਧ ਬਣਾਉਣ ਅਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਸਦਰ ਪੁਲਿਸ ਨੇ ਲਵਲੇਸ਼ ਪੁੱਤਰ ਸੇਵਤਾਰ ਵਾਸੀ ਪਿੰਡ ਊਰਣ (ਉੱਤਰ ਪ੍ਰਦੇਸ਼) ਹਾਲ ਆਬਾਦ ਪਿੰਡ ਅਰਾਈਮਾਜਰਾ ਦੇ ਖਿਲਾਫ ਪੋਕਸੋ ਐਕਟ ਸਮੇਤ ਭਾਰਤੀ ਨਿਆਂ ਸੰਹਿਤਾ ਦੀਆਂ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਪੀੜਤਾ ਦੀ ਮਾਤਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਦੋ ਮਹੀਨੇ ਪਹਿਲਾਂ ਉਹ ਉੱਤਰ ਪ੍ਰਦੇਸ਼ ਆਪਣੇ ਪਿੰਡ ਗਈ ਸੀ। ਘਰ ਵਾਪਸ ਆਉਣ 'ਤੇ ਉਸਦੀ 15 ਸਾਲਾ ਬੇਟੀ ਨੇ ਦੱਸਿਆ ਕਿ ਜਦੋਂ ਉਸਦਾ ਪਿਤਾ ਵੀ ਉੱਤਰ ਪ੍ਰਦੇਸ਼ ਗਿਆ ਤਾਂ ਦੋਸ਼ੀ ਨੇ ਰੋਟੀ ਪਕਾਉਣ ਦੇ ਬਹਾਨੇ ਉਸਨੂੰ ਆਪਣੇ ਕਮਰੇ ਵਿੱਚ ਬੁਲਾ ਲਿਆ ਅਤੇ ਜਬਰਦਸਤੀ ਉਸ ਨਾਲ ਸਰੀਰਕ ਸਬੰਧ ਬਣਾਏ ਅਤੇ ਜਦੋਂ ਤੱਕ ਉਹ ਉੱਤਰ ਪ੍ਰਦੇਸ਼ ਤੋਂ ਵਾਪਸ ਨਹੀਂ ਆਈ, ਦੋਸ਼ੀ ਲੜਕੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ। ਅਧਿਕਾਰੀ ਅਨੁਸਾਰ ਸਥਾਨਕ ਹਸਪਤਾਲ ਵਿੱਚ ਪੀੜਤਾ ਦੀ ਮੈਡੀਕਲ ਜਾਂਚ ਕਰਵਾਈ ਗਈ, ਅਤੇ ਮੈਜਿਸਟ੍ਰੇਟ ਸਾਹਮਣੇ ਬਿਆਨ ਦਰਜ ਕਰਵਾਇਆ ਜਾਵੇਗਾ। ਦੋਸ਼ੀ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਪੰਜਾਬ ਸਰਕਾਰ ਅਵਾਮ ਦੇ ਸੁਪਨਿਆਂ ਨੂੰ ਹਕੀਕਤ 'ਚ ਬਦਲਣ ਲਈ ਲਗਾਤਾਰ ਕਰ ਰਹੀ ਹੈ ਕੰਮ: ਗੁਰਲਾਲ ਘਨੌਰ

### ਵਿਧਾਇਕ ਨੇ ਘਨੌਰ 'ਚ ਵੱਖ-ਵੱਖ ਥਾਈਂ ਚੱਲ ਰਹੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ



ਘਨੌਰ, 20 ਜੂਨ (ਮਦਨ ਲਾਲ): ਪੰਜਾਬ ਸਰਕਾਰ ਦੇ ਨਿਯਮਤ ਜਨਕਲਿਆਣੀ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮਾਨ ਸਰਕਾਰ ਅਵਾਮ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਹਰ ਪੱਧਰ 'ਤੇ ਜ਼ਮੀਨੀ ਹਕੀਕਤਾਂ ਅਨੁਸਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਲੋਕ ਪੱਖੀ ਤੇ ਵਿਕਾਸ ਪਸੰਦ ਨੀਤੀਆਂ ਨਾਲ ਲੋਕਾਂ ਨੂੰ ਹਰੇਕ ਸਤ੍ਹਾ ਤੇ ਸਹੂਲਤਾਂ ਪਹੁੰਚਾ ਰਹੀ ਹੈ। ਉਨ੍ਹਾਂ ਘਨੌਰ ਸ਼ਹਿਰ ਵਿੱਚ ਚੱਲ ਰਹੇ ਵੱਖ-ਵੱਖ ਥਾਈਂ ਵਿਕਾਸ ਕਾਰਜਾਂ ਨਵੀ ਬਣਾਈਆਂ ਪੁਲੀਆ ਅਤੇ ਗੰਦੇ ਪਾਣੀ ਦੀ ਨਿਕਾਸੀ ਦੇ ਸਰੋਤਾਂ ਦਾ ਜਾਇਜ਼ਾ ਕਰਦੇ ਹੋਏ ਘਨੌਰ ਦੇ ਵਾਸੀਆਂ ਨਾਲ ਹੋਰਨਾਂ ਕੰਮਾਂ ਪ੍ਰਤੀ ਵਿਚਾਰ ਵਟਾਂਦਰਾ ਵੀ ਕੀਤਾ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਦੇ ਹੋਏ ਕਿਹਾ ਕਿ ਹਲਕਾ ਘਨੌਰ ਦੇ ਵਾਸੀਆਂ ਦੀ ਲੋੜਾਂ, ਚੁਣੌਤੀਆਂ ਅਤੇ ਵਿਕਾਸ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਹਮੇਸ਼ਾ ਪਹਿਲ ਦਿੰਦੇ ਹਨ ਉਹ ਘਨੌਰ ਦੇ ਨਾਗਰਿਕਾਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦਤਾ ਨਾਲ ਕੰਮ ਕਰ ਰਹੇ ਹਨ। ਗੱਲਬਾਤ ਦੌਰਾਨ ਨੌਜਵਾਨਾਂ ਦੇ ਭਵਿੱਖ ਨਿਰਮਾਣ ਵੱਲ ਇਸ਼ਾਰਾ ਕਰਦਿਆਂ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਕਾਬਲੀਅਤ ਦੇ ਅਧਾਰ ਤੇ ਸਰਕਾਰੀ ਨੌਕਰੀਆਂ ਮਿਲਣ ਕਰਕੇ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਗਿਆ ਹੈ ਜਿੱਥੇ ਬਿਨਾਂ ਰਿਸ਼ਵਤ, ਬਿਨਾਂ ਸਿਫ਼ਾਰਸ਼, ਨਿਰੋਲ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਮਿਲ ਰਹੀਆਂ ਹਨ। ਇਸ ਮੌਕੇ ਕਾਰਜ ਸਾਧਕ ਅਫਸਰ ਘਨੌਰ ਚੇਤਨ ਸ਼ਰਮਾ, ਮਨਦੀਪ ਕੌਰ ਹੰਜਰਾ ਪ੍ਰਧਾਨ ਨਗਰ ਪੰਚਾਇਤ ਘਨੌਰ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਹੰਜਰਾ ਪੰਮਾ ਘਨੌਰ, ਪ੍ਰੇਮ ਸਿੰਘ ਵੜੈਚ,ਸੁਰਿੰਦਰ ਤੁਲੀ, ਮੱਖਣ ਖਾਨ, ਗੁਰਵਿੰਦਰ ਕਾਲਾ,ਨਜੀਰ ਖਾਨ,ਬਿੰਦਰ,ਕਲਰਕ ਰਾਜੀਵ,ਕਲਰਕ ਪ੍ਰਿਤਪਾਲ ਸ਼ਰਮਾ ਸਮੇਤ ਸਬੰਧਤ ਅਧਿਕਾਰੀ, ਕੌਸਲਰ ਅਤੇ ਘਨੌਰ ਦੀਆਂ ਹੋਰ ਮੁੱਖ ਸਖਸੀਅਤਾਂ ਵੀ ਮੌਜੂਦ ਸਨ।

## ਕਾਂਗਰਸ 'ਚ ਧੜ੍ਹੇਬੰਦੀ ਚਿੰਤਾ ਦਾ ਵਿਸ਼ਾ: ਸ਼ੈਰੀ ਰਿਆੜ



ਪਟਿਆਲਾ, 20 ਜੂਨ (ਅਮਰਜੀਤ ਸਿੰਘ) : ਹਲਕਾ ਸਨੌਰ ਤੋਂ ਕਾਂਗਰਸ ਦੇ ਆਗੂ ਮਨਸਿਮਰਤ ਸਿੰਘ ਸ਼ੈਰੀ ਰਿਆੜ ਦਾ ਕਹਿਣਾ ਹੈ ਕਿ ਇੰਝ ਜਾਪਦਾ ਹੈ ਕਿ ਲੁਧਿਆਣਾ ਜ਼ਿਮਨੀ ਚੋਣ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਨੇਤਾ ਵਿਰੋਧੀ ਧਿਰ ਦੀ ਅਗਵਾਈ ਵਿੱਚ ਨਹੀਂ ਲੜੀ ਗਈ। ਪਿਛਲੇ ਦਿਨਾਂ ਵਿੱਚ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਅਨੁਸ਼ਾਸਨ ਦੇ ਨਾਹਰੇ ਮਾਰ ਰਹੀ ਸੀ ਪ੍ਰੰਤੂ ਅੱਜ ਇਹਨਾਂ ਦੀ ਅਨੁਸ਼ਾਸਨਹੀਣਤਾ ਦੇਖ ਕਿ ਕਾਂਗਰਸ ਪਾਰਟੀ ਦੇ ਵਰਕਰਾਂ ਦਾ ਹੌਸਲਾ ਟੁੱਟਦਾ ਜਾ ਰਿਹਾ ਹੈ। ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਦੁੱਖੀ ਹਨ ਏਸੇ ਕਰਕੇ ਗਲੀ ਮੁਹੱਲੇ ਅਤੇ ਸੱਥਾਂ ਵਿੱਚ ਚਰਚਾ ਹੈ ਕਿ ਅਗਲੀ ਸਰਕਾਰ ਕਾਂਗਰਸ ਦੀ ਹੀ ਆਵੇਗੀ। ਜਿਵੇਂ ਇਹਨਾਂ ਦੀ ਕਾਰਗੁਜ਼ਾਰੀ ਅਤੇ ਧੜੇਬੰਦੀ ਹੈ ਜਿਵੇਂ ਪਿਛਲੀ ਵਿਧਾਨ ਸਭਾ ਚੋਣਾਂ ਵਿੱਚ ਹਰਿਆਣਾ ਵਿੱਚ ਹੋਇਆ ਕਿਤੇ ਇੰਝ ਹੀ ਪੰਜਾਬ ਵਿੱਚ 2027 ਦੀ ਵਿਧਾਨ ਸਭਾ ਚੋਣਾਂ ਵਿੱਚ ਨਾ ਹੋ ਜਾਵੇ। ਜੇਕਰ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣੀ ਹੈ ਤਾਂ ਹਾਈਕਮਾਨ ਨੂੰ ਇੱਕ ਸਾਫ਼ ਸੁਥਰੀ ਛਵੀ ਅਤੇ ਨਿਧੱੜਕ ਲੀਡਰ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪਣੀ ਪਵੇਗੀ । ਕੁੱਲ ਮਿਲਾ ਕੇ ਇੰਝ ਲੱਗਦਾ ਹੈ ਕਿ ਪੰਜਾਬ ਸੂਬਾ ਬਹੁਤ ਮਾੜੇ ਦੌਰ ਵਿਚੋਂ ਲੰਘ ਰਿਹਾ ਹੈ ਇਸੇ ਕਰਕੇ ਪੰਜਾਬ ਨੂੰ ਇੱਕ ਅਜਿਹੇ ਲੀਡਰ ਦੀ ਲੋੜ ਹੈ ਜਿਸ ਨੂੰ ਕੋਈ ਖਰੀਦ ਨਾ ਸਕੇ।

## ਸ੍ਰੀ ਵਿਦਿਆ ਸਾਗਰ ਅਨੰਦ ਆਸ਼ਰਮ ਵਿਖੇ ਲਗਾਇਆ ਦੋ ਦਿਨਾਂ ਯੋਗਾ ਕੈਂਪ ਸ.ਫਲਤਾ ਪੂਰਵਕ ਸੰਪੰਨ



ਸਮਾਣਾ, 20 ਜੂਨ (ਵਿਜੇ ਕੁਮਾਰ) : ਰੋਟਰੀ ਕਲੱਬ ਸਮਾਣਾ (ਸੈਂਟਰਲ) ਦੇ ਸਹਿਯੋਗ ਨਾਲ ਸ੍ਰੀ ਵਿਦਿਆ ਸਾਗਰ ਅਨੰਦ ਆਸ਼ਰਮ ਵਿਖੇ ਦੋ ਦਿਨਾਂ ਯੋਗਾ ਕੈਂਪ ਸਫਲਤਾ ਪੂਰਵਕ ਸੰਪੰਨ ਹੋ ਗਿਆ। ਕੈਂਪ ਦੇ ਆਖਰੀ ਦਿਨ ਯੋਗਾਚਾਰਿਆ ਟੋਨੀ ਸੈਮੀ ਨੇ ਖੁਰਾਕ ਸਬੰਧੀ ਬਹੁਮੁਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਖੁਰਾਕ ਸਾਡੇ ਸਰੀਰ 'ਤੇ ਕਿਹੋ ਜਿਹੇ ਪ੍ਰਭਾਵ ਪਾਉਂਦੀ ਹੈ। ਯੋਗਾ ਟੀਚਰ ਰਜਨੀ ਸੈਮੀ ਨੇ ਵੱਖ-ਵੱਖ ਤਰ੍ਹਾਂ ਦੇ ਆਸਨਾਂ ਰਾਹੀਂ ਲੋਕਾਂ ਨੂੰ ਬਿਮਾਰੀਆਂ ਤੋਂ ਨਿਜਾਤ ਪਾਉਣ ਦੀ ਗੱਲ ਕੀਤੀ । ਕੈਂਪ ਦੇ ਅਖੀਰ ਵਿੱਚ ਰੋਟਰੀ ਕਲੱਬ ਸੈਂਟਰਲ ਪ੍ਰਧਾਨ ਪ੍ਰਦੀਪ ਗੋਇਲ ਮਿੰਕਾ ਅਤੇ ਸ੍ਰੀ ਵਿੱਦਿਆ ਸਾਗਰ ਅਨੰਦ ਆਸ਼ਰਮ ਕਮੇਟੀ ਪ੍ਰਧਾਨ ਦਰਸ਼ਨ ਮਿੱਤਲ ਨੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਸ੍ਰੀ ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸਮਾਜ ਸੇਵੀ ਜੀਵਨ ਗਰਗ, ਜ਼ਿਲ੍ਹਾ ਗਵਰਨਰ ਰੋਟਰੀ ਕਲੱਬ ਸੀ.ਏ ਅਮਿਤ ਸਿੰਗਲਾ, ਸੱਤ ਨਰਾਇਣ ਮੰਦਰ ਕਮੇਟੀ ਪ੍ਰਧਾਨ ਪਾਸ਼ੀ ਲਾਲ ਹਾਸੀਜਾ, ਪ੍ਰਮੋਦ ਸਿੰਗਲਾ,ਅਸ਼ੋਕ ਮੌਦਗਿੱਲ,ਸੁਦਰਸ਼ਨ ਮਿੱਤਲ, ਸ੍ਰੀ ਸ਼ਿਵ ਸ਼ੰਕਰ ਯੂਥ ਸੇਵਾ ਦਲ ਪ੍ਰਧਾਨ ਰਮਨ ਮਹਿੰਦਰਾ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀ ਵਿਦਿਆ ਸਾਗਰ ਅਨੰਦ ਆਸ਼ਰਮ ਦੇ ਭਗਤ ਮੰਡਲ ਵਿੱਚ ਪ੍ਰਦੀਪ ਜਿੰਦਲ ,ਅਨਿਲ ਸਿੰਗਲਾ, ਰਾਜੀਵ ਭਾਰਤੀ, ਰਾਜ ਸਰਮਾ ਮੌਦਗਿਲ, ਭੀਮ ਸੈਨ, ਟੋਨੀ ਸੈਮੀ, ਰਾਜੇਸ਼ ਜਿੰਦਲ, ਰਾਜ ਸ਼ਰਮਾ, ਸੁਨੀਲ ਆਸ਼ਾ ਮਿੱਤਲ ਕੌਸ਼ਮ ਜਿੰਦਲ ਕਿਰਨ ਸਿੰਗਲਾ ਸੀਮਾ ਗੁਪਤਾ (ਭਾਰਤੀ) ਆਦਿ ਵੀ ਸ਼ਾਮਿਲ ਸਨ।

## ਨਿਊਮ ਸਲਮਾਨੀ ਪਟਿਆਲਾ ਕਾਂਗਰਸ ਘੱਟ ਗਿਣਤੀ ਵਿੰਗ ਦੇ ਚੇਅਰਮੈਨ ਨਿਯੁਕਤ



ਪਟਿਆਲਾ, 20 ਜੂਨ (ਰੂਪਾਣਾ) : ਕਾਂਗਰਸ ਪਾਰਟੀ ਨੇ ਸੰਗਠਨ ਨੂੰ ਮਜ਼ਬੂਤੀ ਪ੍ਰਦਾਨ ਕਰਨ ਅਤੇ ਘੱਟ ਗਿਣਤੀ ਸਮਾਜ ਤੋਂ ਬਿਹਤਰ ਗੱਲਬਾਤ ਦੀ ਸਥਾਪਨਾ ਦੇ ਉਦੇਸ਼ ਤੋਂ ਸੀਨੀਅਰ ਨੇਤਾ ਨਿਊਮ ਸਲਮਾਨੀ ਨੂੰ ਦਿਲਬਰ ਮੁਹੰਮਦ ਖਾਨ ਦੇ ਸਹਿਯੋਗ 'ਤੇ ਘੱਟ ਗਿਣਤੀ ਵਿੰਗ ਕਾਂਗਰਸ ਪਾਰਟੀ ਪਟਿਆਲਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਸਲਮਾਨੀ ਸਮਾਜ ਦੇ ਮੀਡੀਆ ਪ੍ਰਭਾਰੀ ਗੁਫਰਾਨ ਸਲਮਾਨੀ ਨੇ ਨਿਊਮ ਸਲਮਾਨੀ ਕਾਂਗਰਸ ਪਾਰਟੀ ਲਈ ਲੰਬੀ ਟਾਈਮ ਦੇ ਕੰਮ ਨੂੰ ਵੇਖਦੇ ਹੋਏ ਅਤੇ ਸਲਮਾਨੀ ਸਮਾਜ ਕਾਂਗਰਸ ਪਾਰਟੀ ਨੂੰ ਦਿੱਤਾ ਯੋਗਦਾਨ ਮੱਦੇਨਜ਼ਰ ਇਹ ਨਿਯੁਕਤੀ ਕੀਤੀ ਗਈ ਹੈ। ਨਿਊਮ ਸਲਮਾਨੀ ਨੇ ਆਪਣੀ ਨਿਯੁਕਤੀ ਲਈ ਧੰਨਵਾਦ ਪ੍ਰਗਟਾਇਆ, ਜਿਸ 'ਚ ਘੱਟ ਸੰਖਿਅਕ ਸਮਾਜ ਦੀ ਆਵਾਜ਼ ਉਠਾਉਣ ਅਤੇ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੂਰੀ ਮਿਹਨਤ ਅਤੇ ਈਮਾਨਦਾਰੀ ਨਾਲ ਕੰਮ ਕਰਨ ਦੀ ਬਚਨਬੱਧਤਾ ਪ੍ਰਗਟਾਈ।

## ਪੰਜਾਬੀ ਯੂਨੀਵਰਸਿਟੀ ਵਿੱਚ 'ਗੁਰਮਤਿ ਸਿਖਲਾਈ ਕੈਂਪ' ਸੰਪੰਨ



ਪਟਿਆਲਾ, 20 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ 'ਗੁਰਮਤਿ ਸਿਖਲਾਈ ਕੈਂਪ' ਲਗਾਇਆ ਗਿਆ। 6 ਜੂਨ ਤੋਂ ਚੱਲ ਰਹੇ ਇਸ ਕੈਂਪ ਦੇ ਸਮਾਪਨ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸ਼ਿਰਕਤ ਕੀਤੀ। ਉਨ੍ਹਾਂ ਇਸ ਕੈਂਪ ਵਿੱਚ ਭਾਗ ਲੈਣ ਵਾਲ਼ੇ ਬੱਚਿਆਂ, ਸਿਖਲਾਈ ਦੇਣ ਵਾਲ਼ੇ ਅਧਿਆਪਕਾਂ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਬੱਚਿਆਂ ਨੂੰ ਪ੍ਰਮਾਣ-ਪੱਤਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ ਅਧਾਰਿਤ ਸਾਹਿਤ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ। ਡਾ. ਜਗਦੀਪ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਸੁਖਵਿੰਦਰ ਸਿੰਘ, ਸਕੱਤਰ ਡਾ. ਗੁਰਜੰਟ ਸਿੰਘ, ਮੀਤ ਪ੍ਰਧਾਨ ਸੁਖਵਿੰਦਰ ਕੌਰ, ਸ. ਜਸਵੀਰ ਸਿੰਘ ਜਵੱਦੀ, ਸ. ਅਮਰਿੰਦਰ ਸਿੰਘ ਅਤੇ ਸ. ਤੇਜਪਾਲ ਸਿੰਘ ਨੂੰ ਇਸ ਉਪਰਾਲੇ ਦੀ ਵਧਾਈ ਦਿੱਤੀ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸੰਬੰਧ ਵਿਚ ਗਠਿਤ ਕਮੇਟੀ ਦੇ ਮੈਂਬਰ ਪ੍ਰੋ. ਦਲਜੀਤ ਸਿੰਘ ਅਤੇ ਡਾ. ਸੰਦੀਪ ਕੌਰ ਵੀ ਹਾਜ਼ਰ ਰਹੇ। ਇਸ 'ਗੁਰਮਤਿ ਸਿਖਲਾਈ ਕੈਂਪ' ਵਿੱਚ ਤੀਜੀ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ। ਕੈਂਪਸ ਦੌਰਾਨ ਬੱਚਿਆਂ ਨੂੰ ਵੱਖ ਵੱਖ ਵੰਨਗੀਆਂ ਦੀ ਸਿਖਲਾਈ ਦਿੱਤੀ ਗਈ ਜਿਨ੍ਹਾਂ ਵਿੱਚ ਗੁਰਬਾਣੀ ਸੰਥਿਆ, ਸਬਦ ਕੀਰਤਨ, ਪੰਜਾਬੀ ਅੱਖਰਕਾਰੀ, ਗੁਰਮੁਖੀ ਪੇਟਿੰਗ, ਦਸਤਾਰ ਅਤੇ ਗੱਤਕਾ ਆਦਿ ਸ਼ਾਮਿਲ ਹਨ। ਕੈਂਪਸ ਦੇ ਪਹਿਲੇ ਪੜਾਅ ਵਿੱਚ ਭਾਈ ਜਸਵੀਰ ਸਿੰਘ, ਡਾ. ਸੁਖਵਿੰਦਰ ਸਿੰਘ ਅਤੇ ਸ. ਕੁਲਦੀਪ ਸਿੰਘ ਵੱਲੋਂ ਸਿਖਲਾਈ ਦਿੱਤੀ ਗਈ।ਦੂਜੇ ਪੜਾਅ ਵਿਚ ਨਾਦ ਮਿਊਜ਼ਕ ਇੰਸਟੀਚਿਊਟ, ਅਮਰੀਕਾ ਤੋਂ ਪ੍ਰੋ. ਹਰਭਜਨ ਸਿੰਘ ਜ, ਸ. ਜਗਦੇਵ ਸਿੰਘ ਅਤੇ ਬਲਜੀਤ ਕੌਰ ਵੱਲੋਂ ਬੱਚਿਆਂ ਨੂੰ ਹਰਮੋਨੀਅਮ ਅਤੇ ਤਬਲਾ ਦੀ ਤਾਲੀਮ ਦਿੱਤੀ। ਤੀਜੇ ਪੜਾਅ ਵਿੱਚ ਪੰਜਾਬੀ ਅੱਖਰਕਾਰੀ ਕਲਾ ਦੀ ਸਿਖਲਾਈ ਮਾਸਟਰ ਕਾਲਾ ਕਲਵਾਨੂ ਵੱਲੋਂ ਕਰਵਾਈ ਗਈ।ਅਗਲੇ ਪੜਾਅ ਵਿਚ ਗੁਰਮੁਖੀ ਪੇਟਿੰਗ ਦੀ ਸਿੱਖਿਆ ਸ. ਅਰਸ਼ਦੀਪ ਸਿੰਘ ਵੱਲੋਂ ਦਿੱਤੀ ਗਈ। ਪ੍ਰੋਗਰਾਮ ਦੇ ਅਖੀਰਲੇ ਪੜਾਅ ਵਿੱਚ ਯੂ. ਐੱਸ. ਐੱਸ. ਐੱਫ. ਦੇ ਸੇਵਾਦਾਰਾਂ ਵੱਲੋਂ ਦਸਤਾਰ ਅਤੇ ਗੱਤਕੇ ਦੀ ਮੁੱਢਲੀ ਸਿਖਲਾਈ ਪ੍ਰਦਾਨ ਕੀਤੀ ਗਈ।ਸਮਾਪਤੀ ਸਮੇਂ ਬੱਚੀ ਰਸਲੀਨ ਕੌਰ ਅਤੇ ਸਾਥੀ ਬੱਚਿਆਂ ਵੱਲੋਂ ਸ਼ਬਦ ਕੀਰਤਨ ਗਾਇਨ ਕੀਤਾ ਗਿਆ ਅਤੇ ਪ੍ਰੋਗਰਾਮ ਦੀ ਸਫ਼ਲਤਾ ਪੂਰਵਕ ਸੰਪੂਰਨਤਾ ਦੇ ਸ਼ੁਕਰਾਨੇ ਦੀ ਅਰਦਾਸ ਗਿਆਨੀ ਬਲਵੀਰ ਸਿੰਘ ਵੱਲੋਂ ਕੀਤੀ ਗਈ।

## ਜਰਨੈਲ ਸਿੰਘ ਭੰਗੂ ਦੀ ਯਾਦ 'ਚ ਪਿੰਡ ਬੋਸਰ ਵਿਖੇ ਬੂਟੇ ਲਗਾਏ



ਸਨੌਰ, 20 ਜੂਨ (ਗੁਰਜੀਤ ਢੋਟ) : ਜਾਗਦੇ ਰਹੋ ਕਲੱਬ ਪਟਿਆਲਾ ਨੇ ਚਾਚਾ ਜਰਨੈਲ ਸਿੰਘ ਭੰਗੂ ਦੀ ਯਾਦ ਦੇ ਵਿੱਚ ਅੱਜ ਪਿੰਡ ਬੋਸਰ ਸਨੌਰ ਵਿਖੇ, ਵੱਖ-ਵੱਖ ਥਾਵਾਂ ਤੇ ਫਲਦਾਰ, ਛਾਂਦਾਰ ਬੂਟੇ ਲਗਾਏ ਗਏ,ਹਰੇਕ ਮਨੁੱਖ ਨੂੰ ਵੱਧਦੇ ਹੋਏ, ਤਾਪਮਾਨ ਨੂੰ ਦੇਖਦੇ ਹੋਏ, ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਬੂਟੇ ਲਗਾਉਣ ਨਾਲ ਬਰਸਾਤਾਂ ਵਿੱਚ ਵਾਧਾ ਹੁੰਦਾ ਹੈ, ਤੇ ਸ਼ੁੱਧ ਆਕਸੀਜ਼ਨ ਮਿਲਦੀ ਹੈ। ਬੂਟੇ ਸਾਡੇ ਜੀਵਨ ਦਾ ਆਧਾਰ ਹਨ,ਕਲੱਬ ਦੇ ਜਨਰਲ ਸਕੱਤਰ ਦੀਦਾਰ ਸਿੰਘ ਬੋਸਰ ਨੇ ਕਿਹਾ ਕਿ ਸਾਨੂੰ ਆਪਣੇ ਬਜ਼ੁਰਗਾਂ ਦੀ ਯਾਦ ਤਾਜ਼ਾ ਰੱਖਣ ਲਈ ਬੂਟੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਦੀਦਾਰ ਸਿੰਘ ਬੋਸਰ, ਅੰਗਰੇਜ ਸਿੰਘ ਇਟਲੀ,ਚੇਅਰਮੈਨ ਹਰਫੂਲ ਸਿੰਘ ਭੰਗੂ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ,ਰਣਜੀਤ ਸਿੰਘ ਭੰਗੂ, ਸੋਹਣ ਸਿੰਘ, ਗੁਰਮੇਲ ਸਿੰਘ,ਗੁਰਮੀਤ ਸਿੰਘ, ਜੀਤ ਸਿੰਘ, ਨਵਜੋਤ ਸਿੰਘ, ਅਮਨਜੋਤ ਸਿੰਘ ਅਤੇ ਜਤਿੰਦਰ ਸਿੰਘ ਸੇਹਰਾ ਹਾਜ਼ਰ ਸੀ।



# ਪਟਿਆਲਾ-ਆਸ/ਪਾਸ



*ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ*

## ਸਿਹਤ ਟੀਮਾਂ ਵੱਲੋਂ ਹੁਣ ਤੱਕ ਖ਼ੁਸ਼ਕ ਦਿਵਸ ਮੌਕੇ 280423 ਘਰਾਂ/ਥਾਂਵਾਂ 'ਚ ਪਾਣੀ ਦੇ ਖੜ੍ਹੇ ਸ੍ਰੋਤਾਂ ਦੀ ਚੈਕਿੰਗ

ਪਟਿਆਲਾ, 20 ਜੂਨ (ਰੁਪਾਣਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ਼ ਤੌਰ 'ਤੇ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ । ਜਿਸ ਦੀ ਅਗਵਾਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕੀਤੀ। ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜ਼ਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਦੇ ਹਾਟ-ਸਪਾਟ ਇਲਾਕਿਆਂ ਦੀ ਚੈਕਿੰਗ ਲਈ ਜ਼ਿਲ੍ਹੇ ਭਰ ਵਿੱਚ ਸਪੈਸ਼ਲ ਕੰਪੇਨ ਚਲਾਈ ਗਈ । ਅੱਜ ਖਾਸ ਤੌਰ 'ਤੇ ਜ਼ਿਲ੍ਹਾ ਪਟਿਆਲਾ ਅਧੀਨ ਆਉਂਦੇ ਪਲਾਂਟ ਨਰਸਰੀਆਂ, ਖਾਲੀ ਪਲਾਟ ਅਤੇ ਉਸਾਰੀ ਅਧੀਨ ਇਮਾਰਤਾਂ ਦੀ ਚੈਕਿੰਗ ਕੀਤੀ ਗਈ । ਇਸ ਮੌਕੇ ਆਮ ਜਨਤਾ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਅਤੇ ਲੱਛਣ ਸਬੰਧੀ ਜਾਣਕਾਰੀ ਮੁੱਹਈਆ ਕਰਵਾਈ ਗਈ ਅਤੇ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ । ਜਿਨ੍ਹਾਂ ਘਰਾਂ ਅਤੇ ਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ, ਉਸ ਨੂੰ ਮੌਕੇ ਤੇ ਹੀ ਨਸ਼ਟ ਕੀਤਾ ਗਿਆ ।ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ



ਕਬਾੜ ਆਦਿ ਸਮਾਨ ਵਿੱਚ ਪਾਣੀ ਜਮਾਂ ਨਾ ਹੋਣ ਦੇਣ ਬਾਰੇ ਸਮਝਾਇਆ ਗਿਆ । ਇਸ ਅਭਿਆਨ ਵਿੱਚ ਟੀਮਾਂ ਦਾ ਨਿਰੀਖਣ ਸਿਵਲ ਸਰਜਨ ਸਮੇਤ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਕੀਤਾ ਗਿਆ। ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਕਿਹਾ ਸਿਹਤ ਵਿਭਾਗ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਹੈ। ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਤੋ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ,ਪਾਣੀ ਦੀ ਨਿਕਾਸੀ ਕੀਤੀ ਜਾਵੇ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜ਼ਿਲ੍ਹੇ ਭਰ ਦੇ 31543 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 122 ਥਾਂਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 280423 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 659 ਥਾਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ।

## ਰੇਲ ਗੱਡੀ ਹੇਠਾਂ ਆਉਣ ਕਾਰਨ ਔਰਤ ਦੀ ਲੱਤ ਕੱਟੀ

ਪਟਿਆਲਾ, 20 ਜੂਨ (ਰੁਪਾਣਾ) : ਪਟਿਆਲਾ ਰੇਲਵੇ ਸਟੇਸ਼ਨ 'ਤੇ



ਸਵੇਰੇ 10 ਵਜੇ ਦੇ ਕਰੀਬ ਇਕ ਔਰਤ ਦੀ ਰੇਲ ਗੱਡੀ ਹੇਠਾਂ ਆਉਣ ਕਾਰਨ ਸੱਜੀ ਲੱਤ ਕੱਟਣ ਅਤੇ ਖੱਬੇ ਪੈਰ ਤੇ ਹੱਥ ਦੀਆਂ ਉਂਗਲਾਂ ਕੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਹਾਦਸਾ ਉਦੋਂ ਵਾਪਰਿਆਂ ਜਦੋਂ ਐਮਪੀ ਤੋਂ ਅੰਮ੍ਰਿਤਸਰ ਜਾ ਰਹੀ ਰੇਲਗੱਡੀ ਪਟਿਆਲਾ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਰੁਕੀ ਤੇ ਗੱਡੀ 'ਚ ਸਵਾਰ ਇਕ ਪਰਿਵਾਰ ਦੀ 28 ਸਾਲਾ ਔਰਤ ਸਾਮਾਨ ਲੈਣ ਲਈ ਰੇਲਵੇ ਸਟੇਸ਼ਨ 'ਤੇ ਉਤਰ ਗਈ। ਗੱਡੀ ਤੁਰ ਪਈ ਦੇਖ ਕੇ ਭੱਜ ਕੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਪੈਰ ਤਿਲਕ ਜਾਣ ਕਾਰਨ ਉਹ ਹੇਠਾਂ ਡਿੱਗ ਪਈ। ਇਸ ਦੌਰਾਨ ਉਸਦੀ ਲੱਤ ਟ੍ਰੇਨ ਹੇਠਾਂ ਆ ਜਾਣ ਕਾਰਨ ਵੱਢੀ ਗਈ ਤੇ ਇਕ ਪੈਰ ਦੀਆਂ ਉਂਗਲਾਂ ਤੇ ਹੱਥ ਦੀਆਂ ਉਂਗਲਾਂ ਵੀ ਕੱਟੀਆਂ ਗਈਆਂ। ਹਾਦਸਾ ਵਾਪਰਦਾ ਦੇਖ ਸਵਾਰੀਆਂ ਨੇ ਟ੍ਰੇਨ ਦੀ ਚੇਨ ਖਿੱਚੀ ਜਿਸ ਕਾਰਨ ਟ੍ਰੇਨ ਰੁਕਣ 'ਤੇ ਉਕਤ ਔਰਤ ਨੂੰ ਬਾਹਰ ਕੱਢ ਕੇ ਸਰਕਾਰੀ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ। ਇਹ ਪਰਿਵਾਰ ਐਮਪੀ ਦੇ ਦਤੀਆਂ ਸ਼ਹਿਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ

## 750 ਰੁਪਏ ਦਾ ਸੱਟਾ ਬ੍ਰਾਮਦ

ਪਟਿਆਲਾ, 20 ਜੂਨ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਮੀਤ ਕੁਮਾਰ ਵਾਸੀ ਸੁਖਦਾਸ ਪੁਰਾ ਮੁਹੱਲਾ ਸ਼ੇਰੇ ਪੰਜਾਬ ਮਾਰਕੀਟ ਪਟਿਆਲਾ ਵਿਰੁੱਧ ਧਾਰਾ 13ਏ, 3, 67 ਦੇ ਤਹਿਤ ਮਾਮਲਾ ਦਰਜ ਕੀਤਾ ਹੈ।ਏ.ਐਸ.ਆਈ. ਸਤਵੰਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਟੈਗੋਰ ਸਿਨੇਮਾ ਮਾਡਲ ਟਾਊਨ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਮਾਡਲ ਟਾਊਨ ਮਾਰਕੀਟ ਵਿੱਚ ਤੁਰ ਫਿਰ ਕੇ ਦੜ੍ਹਾ ਸੱਟਾ ਲਗਾ ਰਿਹਾ ਹੈ, ਜੋ ਰੇਡ ਕਰਨ ਪਰ 750 ਰੁਪਏ ਦੜ੍ਹਾ ਸੱਟਾ ਦੇ ਬ੍ਰਾਮਦ ਹੋਏ।

## ਯੁਵਾ ਨੇਤਾਵਾਂ ਦੀ ਸਰਗਰਮੀ ਅਤੇ ਰੋਜ਼ਗਾਰ ਦੇਣ ਦੇ ਮੌਕਿਆਂ ਨੇ ਨੌਜਵਾਨਾਂ ਨੂੰ 'ਆਪ' ਨਾਲ ਜੋੜਿਆ: ਚੇਅਰਮੈਨ ਹਡਾਣਾ



ਪਟਿਆਲਾ, 20 ਜੂਨ (ਅਮਰਜੀਤ) : ਪੀ ਆਰ ਟੀ ਸੀ ਦੇ ਮੁੱਖ ਦਫਤਰ ਵਿਖੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਲੁਧਿਆਣਾ ਚੋਣਾਂ ਵਿੱਚ ਆਪ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ 'ਆਪ' ਪਾਰਟੀ ਦੀ ਹੋਣ ਵਾਲੀ ਵੱਡੀ ਜਿੱਤ ਬਾਰੇ ਗੱਲਬਾਤ ਦੌਰਾਨ ਕਿਹਾ ਕਿ ਲੁਧਿਆਣਾ ਇਲੈਕਸ਼ਨ ਵਿੱਚ ਆਪ ਪਾਰਟੀ ਦੀ ਵੱਡੀ ਜਿੱਤ ਦੀ ਭਵਿੱਖਬਾਣੀ ਕਰਨ ਵਾਲੇ ਲੋਕਾਂ ਵਿੱਚ ਜਨਤਕ ਸਮਰਥਨ, ਨੌਜਵਾਨਾਂ ਦੀ ਭਾਗੀਦਾਰੀ, ਅਤੇ ਵਿਰੋਧੀ ਪਾਰਟੀਆਂ ਦੀਆਂ ਕਮਜ਼ੋਰੀਆਂ ਬਾਰੇ ਖਾਸ ਚਰਚਾ ਬਣੀ ਹੋਈ ਹੈ। ਆਪ ਪਾਰਟੀ ਨੇ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਆਪਣੀ ਮਜ਼ਬੂਤ ਪਹੁੰਚ ਬਣਾਈ ਹੈ। ਪਾਰਟੀ ਦੀਆਂ ਨੀਤੀਆਂ, ਜਿਵੇਂ ਕਿ ਸਿੱਖਿਆ, ਸਿਹਤ, ਅਤੇ ਰੋਜ਼ਗਾਰ ਵਿੱਚ ਸੁਧਾਰ, ਨੇ ਲੋਕਾਂ ਦਾ ਭਰੋਸਾ ਜਿੱਤਿਆ ਹੈ। ਇਸ ਮੌਕੇ ਉਨ੍ਹਾਂ ਨਾਲ ਕੈਬਿਨਟ ਮੰਤਰੀ ਲਾਲਜੀਤ ਸਿੰਘ ਭੁੱਲਰ, ਵਿਧਾਇਕ ਜਮੀਰ ਉਲ ਰਹਿਮਾਨ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਕਰਮਬੀਰ ਸਿੰਘ ਘੁੰਮਣ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ, ਚੇਅਰਮੈਨ ਪਵਨ ਟੀਨੂੰ, ਚੇਅਰਮੈਨ ਦਲਵੀਰ ਢਿੱਲੋਂ, ਕੌਂਸਲਰ ਗੁਰਪ੍ਰੀਤ ਸਿੰਘ ਬੇਦੀ ਅਤੇ ਹੋਰ ਪਾਰਟੀ ਵਰਕਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਚੇਅਰਮੈਨ ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਦਿੱਤੀ ਗਈ ਹਰ ਗਾਰੰਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਕ-ਇਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ। ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਕ੍ਰਾਂਤੀ ਲਿਆਂਦੀ ਗਈ ਹੈ। ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਗਿਆ ਹੈ। ਜਿਸ ਕਰਕੇ ਪੰਜਾਬ ਦੇ ਨੌਜਵਾਨ ਆਪ ਪਾਰਟੀ ਨੂੰ ਆਪਣੀ ਆਵਾਜ਼ ਸਮਝਦੇ ਹਨ। ਪਾਰਟੀ ਦੇ ਯੁਵਾ ਨੇਤਾਵਾਂ ਦੀ ਸਰਗਰਮੀ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਵਾਅਦਿਆਂ ਨੇ ਨੌਜਵਾਨਾਂ ਨੂੰ ਆਪ ਪਾਰਟੀ ਨਾਲ ਜੋੜ ਲਿਆ ਹੈ। ਚੇਅਰਮੈਨ ਹਡਾਣਾ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਿੱਚ ਆਪਸੀ ਫੁੱਟ ਅਤੇ ਭ੍ਰਿਸ਼ਟਾਚਾਰ ਦੇ ਦਾਅਵਿਆਂ ਨੇ ਉਨ੍ਹਾਂ ਦੀ ਲੋਕਪ੍ਰਿਯਤਾ ਨੂੰ ਘਟਾ ਦਿੱਤਾ ਹੈ। ਇਸ ਦੇ ਉਲਟ, ਆਪ ਪਾਰਟੀ ਨੇ ਆਪਣੀ ਸਾਫ਼-ਸੁਥਰੀ ਛਵੀ ਕਾਇਮ ਰੱਖੀ ਹੈ, ਜੋ ਚੋਣਾਂ ਵਿੱਚ ਉਸ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਏਗੀ। ਹਡਾਣਾ ਨੇ ਕਿਹਾ ਕਿ ਚੋਣਾਂ ਵਿੱਚ ਆਪ ਪਾਰਟੀ ਦੀ ਵੱਡੀ ਜਿੱਤ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਪਾਰਟੀ ਦੇ ਨੇਤਾਵਾਂ ਅਤੇ ਕਾਰਕੁਨਾਂ ਦੀ ਸਖ਼ਤ ਮਿਹਨਤ, ਜਨਤਾ ਨਾਲ ਗਹਿਰਾ ਜੁੜਾਅ, ਅਤੇ ਸਮਾਜਿਕ ਨਿਆਂ ਦੇ ਮੁੱਦਿਆਂ 'ਤੇ ਸਪੱਸ਼ਟ ਰੁਖ਼ ਨੇ ਆਪ ਪਾਰਟੀ ਨੂੰ ਲੁਧਿਆਣਾ ਵਿੱਚ ਪ੍ਰਬਲ ਬਣਾ ਦਿੱਤਾ ਹੈ। ਲੁਧਿਆਣਾ ਵਿੱਚ 'ਆਪ' ਪਾਰਟੀ ਦੀ ਜਿੱਤ ਨਾ ਸਿਰਫ਼ ਸਥਾਨੀ ਰਾਜਨੀਤੀ ਲਈ ਮਹੱਤਵਪੂਰਨ ਹੋਵੇਗੀ, ਬਲਕਿ ਇਸ ਦਾ ਪ੍ਰਭਾਵ ਪੂਰੇ ਪੰਜਾਬ ਵਿੱਚ ਦੇਖਿਆ ਜਾਵੇਗਾ।

## ਸਾਬਕਾ ਸਰਪੰਚ ਵੱਲੋਂ ਖ਼ੁਦਕੁਸ਼ੀ

### ਖ਼ੁਦਕੁਸ਼ੀ ਨੋਟ 'ਚ ਔਰਤ 'ਤੇ ਪ੍ਰੇਸ਼ਾਨ ਕਰਨ ਦਾ ਦੋਸ਼

ਪਟਿਆਲਾ, 20 ਜੂਨ (ਰੁਪਾਣਾ) : ਕੁਰੂਕਸ਼ੇਤਰ ਦੇ ਪਿੰਡ ਦੇ ਸਾਬਕਾ ਸਰਪੰਚ ਨੇ ਪਟਿਆਲਾ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸ ਦੀ ਜੇਬ ਵਿੱਚੋਂ ਦੋ ਪੰਨਿਆਂ ਦਾ ਖ਼ੁਦਕੁਸ਼ੀ ਨੋਟ ਮਿਲਿਆ ਹੈ, ਜਿਸ ਵਿੱਚ ਉਸ ਨੇ ਕੈਥਲ ਦੇ ਭਾਣਾ ਦੇ ਰੋਹਤਾਸ ਅਤੇ ਔਰਤ ਕਰਨੈਲੋ ਦੇਵੀ 'ਤੇ ਬਲੈਕਮੇਲ ਦੇ ਕਥਿਤ ਦੋਸ਼ ਲਗਾਏ ਹਨ। ਪੁਲਿਸ ਨੇ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂਕਿ ਰੋਹਤਾਸ ਫ਼ਰਾਰ ਹੈ। ਮ੍ਰਿਤਕ ਦੀ ਪਛਾਣ ਬਲਜੀਤ ਸਿੰਘ (53) ਵਾਸੀ ਸਿਓਸਰ ਵਜੋਂ ਹੋਈ ਹੈ। ਉਸ ਦੇ ਭਰਾ ਰਾਜੇਸ਼ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਬਲਜੀਤ ਸਿੰਘ 16 ਜੂਨ ਨੂੰ ਕਾਰ ਲੈ ਕੇ ਪੰਜਾਬ ਦੇ ਸਮਾਣਾ ਵਿੱਚ ਆਪਣੇ ਦੋਸਤਾਂ ਨੂੰ ਮਿਲਣ ਗਿਆ ਸੀ। ਦੇਰ ਸ਼ਾਮ ਤੱਕ ਨਹੀਂ ਪਰਤਿਆ। ਅਗਲੀ ਸਵੇਰ ਪਟਿਆਲਾ ਪੁਲਿਸ ਤੋਂ ਸੂਚਨਾ ਮਿਲੀ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ ਹੈ। ਉਸ ਦੀ ਲਾਸ਼ ਥਾਣਾ ਜੁਲਕਾਂ ਦੇ ਖੇਤਰ ਵਿੱਚ ਗੁਥਮੜਾ ਪੈਲੇਸ ਨੇੜੇ ਦਰੱਖਤ ਨਾਲ ਲਟਕਦੀ ਮਿਲੀ ਹੈ। ਖ਼ੁਦਕੁਸ਼ੀ ਨੋਟ ਵਿੱਚ ਉਸ ਨੇ ਕਥਿਤ ਦੋਸ਼ ਲਾਇਆ ਕਿ ਔਰਤ ਲਗਾਤਾਰ ਉਸ ਤੋਂ ਹੋਰ ਪੈਸਿਆਂ ਦੀ ਮੰਗ ਕਰ ਰਹੀ ਸੀ, ਜਦਕਿ ਉਹ ਪੰਜ ਲੱਖ ਰੁਪਏ ਉਸ ਨੂੰ ਦੇ ਚੁੱਕਾ ਸੀ। ਘਟਨਾ ਤੋਂ ਪਹਿਲਾਂ ਬਲਜੀਤ ਸਿੰਘ ਨੇ ਆਪਣੇ ਭਰਾ ਨੂੰ ਫੋਨ ਕਰਕੇ ਦੱਸਿਆ ਸੀ ਕਿ ਉਸ ਦੇ ਇਸ ਔਰਤ ਨਾਲ ਕਥਿਤ ਨਾਜਾਇਜ਼ ਸਬੰਧ ਸਨ। ਔਰਤ ਨੇ ਉਸ ਦੀ ਇਤਰਾਜ਼ਯੋਗ ਵੀਡੀਓ ਤੇ ਤਸਵੀਰਾਂ ਬਣਾ ਲਈਆਂ ਸਨ। ਉਸ ਇਨ੍ਹਾਂ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਕਥਿਤ ਤੌਰ 'ਤੇ ਦੋ ਲੱਖ ਰੁਪਏ ਦੀ ਮੰਗ ਕਰ ਰਹੀ ਸੀ। ਇਸ ਵਿੱਚ ਰਾਜੇਸ਼ ਦਾ ਸਾਲਾ ਰੋਹਤਾਸ ਵੀ ਸ਼ਾਮਲ ਸੀ। ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਦੋਵਾਂ ਖ਼ਿਲਾਫ਼ ਕੇਸ ਦਰਜ ਕਰਨ ਮਗਰੋਂ ਕਰਨੈਲੋ ਦੇਵੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ। ਰੋਹਤਾਸ ਦੀ ਭਾਲ ਜਾਰੀ ਹੈ।

## ਦੋ ਕਿੱਲੋ ਅਫੀਮ ਸਮੇਤ ਨਸ਼ਾ ਤਸਕਰ ਕਾਬੂ

### ਨਸ਼ੇ ਦੀ ਤਸਕਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ: ਗੁਰਵਿੰਦਰ ਸਿੰਘ

ਦੇਵੀਗੜ੍ਹ, 20 ਜੂਨ (ਗੁਰਜੀਤ ਸਿੰਘ ਚੌਟ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਅੰਦਰ ਜੰਗੀ ਪੱਧਰ 'ਤੇ ਚਲਾਈ ਜਾ ਰਹੀ ਹੈ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ। ਇਸੇ ਮੁਹਿੰਮ ਤਹਿਤ ਪੁਲਿਸ ਚੌਂਕੀ ਰੌਹੜ ਜਗੀਰ ਦੇ ਇੰਚਾਰਜ ਗੁਰਵਿੰਦਰ ਸਿੰਘ ਵੱਲੋਂ ਦੋ ਕਿੱਲੋ ਅਫੀਮ ਸਮੇਤ ਨਸ਼ਾ ਤਸਕਰ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰੌਹੜ ਜਗੀਰ ਪੁਲਿਸ ਚੌਂਕੀ ਦੇ ਇੰਚਾਰਜ ਗੁਰਵਿੰਦਰ ਸਿੰਘ ਨੇ ਕਿਹਾ ਕਿ ਸੀਨੀਅਰ ਪੁਲਿਸ ਕਪਤਾਨ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ ਤਹਿਤ ਉਨ੍ਹਾਂ ਵੱਲੋਂ ਆਪਣੀ ਪੁਲਿਸ ਪਾਰਟੀ ਨਾਲ ਦੇਵੀਗੜ੍ਹ, ਪਿਹੋਵਾ ਮੇਨ ਰੋਡ ਸਾਹਮਣੇ ਪੁਲਿਸ ਚੌਂਕੀ ਰੌਹੜ ਜਗੀਰ ਵਿਖੇ ਸਮਾਂ ਤਕਰੀਬਨ ਰਾਤ 10 ਵਜੇ ਨਾਕਾਬੰਦੀ ਕਰਕੇ ਭੈੜੇ ਪੁਰਸ਼ਾਂ ਦੀ ਤਲਾਸ਼ੀ ਦੇ ਸਬੰਧ



ਵਿੱਚ ਚੈਕਿੰਗ ਕੀਤੀ ਜਾ ਰਹੀ ਸੀ ਦੌਰਾਨ ਪਿਹੋਵਾ ਸਾਈਡ ਵੱਲੋਂ ਇੱਕ ਚਿੱਟੇ ਰੰਗ ਦੀ ਸਕੂਟਰੀ ਦੀ ਆ ਰਹੀ ਸੀ, ਜਿਸ ਨੂੰ ਇੱਕ ਮੋਨਾ ਵਿਅਕਤੀ ਚਲਾ ਰਿਹਾ ਸੀ ਰੋਕਣ ਤੇ ਉਸ ਵਿਅਕਤੀ ਵੱਲੋਂ ਹੌਲੀ ਕਰਕੇ ਪਿੱਛੇ ਮੋੜ ਕੇ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਕਾਬੂ ਕੀਤਾ ਗਿਆ, ਜਿਸ ਦੌਰਾਨ ਉਸ ਦੀ ਸਕੂਟਰੀ ਦੀ ਸੀਟ ਨੂੰ ਖੋਲ੍ਹ ਕੇ ਚੈੱਕ ਕਰਨ 'ਤੇ ਸੀਟ ਦੇ ਥੱਲੇ ਬਣੀ ਡਿੱਗੀ ਵਿੱਚੋਂ ਇੱਕ ਕਾਲੇ ਰੰਗ ਦਾ ਮੋਮੀ ਲਿਫਾਫਾ ਬਰਾਮਦ ਹੋਇਆ ਜਿਸ ਨੂੰ ਖੋਲ੍ਹ ਕੇ ਚੈੱਕ ਕਰਨ 'ਤੇ ਉਸ ਵਿੱਚੋਂ ਇੱਕ ਮੋਮੀ ਲਿਫਾਫਾ ਪਲਾਸਟਿਕ ਜਿਸ ਵਿੱਚੋਂ ਦੋ ਕਿਲੋ ਅਫੀਮ ਬਰਾਮਦ ਹੋਈ ਸਕੂਟੀ ਚਾਲਕ ਨੇ ਆਪਣਾ ਨਾਮ ਜੈਪਾਲ ਵਾਸੀ ਪਿੰਡ ਪਪਰਾਲਾ ਥਾਣਾ ਚੀਕਾ ਜ਼ਿਲ੍ਹਾ ਕੈਂਥਲ ਹਰਿਆਣਾ ਹਾਲ ਮੌਜੂਦਾ ਵਾਸੀ ਸਿੰਘਪੁਰਾ ਕਲੋਨੀ ਜੀਰਕਪੁਰ ਜ਼ਿਲ੍ਹਾ ਪਟਿਆਲਾ ਦੱਸਿਆ। ਇੰਚਾਰਜ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਵਿਰੁੱਧ ਧਾਰਾ 18/61/85 ਦੇ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇੰਚਾਰਜ ਗੁਰਵਿੰਦਰ ਸਿੰਘ ਨੇ ਕਿਹਾ ਕਿ ਨਸ਼ੇ ਦੀ ਤਸਕਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਲਖਵਿੰਦਰ ਸਿੰਘ, ਅਮਰਜੀਤ ਸਿੰਘ ਅਤੇ ਅੰਗਰੇਜ਼ ਸਿੰਘ ਮੁਲਾਜ਼ਮ ਹਾਜ਼ਰ ਸਨ।

## ਜਾਅਲੀ ਕਾਗਜ਼ਾਤ ਤਿਆਰ ਕਰਕੇ ਜ਼ਮੀਨ ਵੇਚਣ ਦੇ ਦੋਸ਼ 'ਚ ਪੰਜ ਵਿਰੁੱਧ ਮਾਮਲਾ ਦਰਜ

ਸਮਾਣਾ ,20 ਜੂਨ (ਵਿਜੇ ਕੁਮਾਰ) : ਵਿਦੇਸ਼ ਗਏ ਵਿਅਕਤੀਆਂ ਦੀ ਜ਼ਮੀਨ ਦੇ ਜਾਅਲੀ ਕਾਗਜ਼ਾਤ ਤਿਆਰ ਕਰਕੇ ਉਨ੍ਹਾਂ ਦੇ ਜਾਅਲੀ ਦਸਤਖਤਾਂ ਰਾਹੀਂ ਜ਼ਮੀਨ ਵੇਚਣ ਦੇ ਦੋਸ਼ 'ਚ ਸਿਟੀ ਪੁਲਿਸ ਨੇ ਪੰਜ ਲੋਕਾਂ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਕੁਲਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਕਕਰਾਲਾ, ਰਣਜੋਧਵੀਰ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਪਰਮਪ੍ਰੀਤ ਕੌਰ ਪੁੱਤਰੀ ਸੁਰਜੀਤ ਸਿੰਘ ਵਾਸੀ ਪਿੰਡ ਜਨਾਲ ਥਾਣਾ ਦਿੜਬਾ (ਸੰਗਰੂਰ) ਅਤੇ ਦੋ ਹੋਰ ਅਣਪਛਾਤੇ ਲੋਕ ਵੀ ਸ਼ਾਮਲ ਹਨ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਨੂਪ ਸਿੰਘ ਪੁੱਤਰ ਅਨੇਕ ਸਿੰਘ ਵਾਸੀ ਬਾਨੇਸਰ ਜ਼ਿਲ੍ਹਾ ਕੁਰੂਕਸ਼ੇਤਰ ਅਤੇ ਪਰਮਜੀਤ ਕੌਰ ਵਾਸੀ ਪਿੰਡ ਕੋਟਲੀ ਵੱਲੋਂ ਉੱਚ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ ਮੁਲਜ਼ਮਾਂ ਨੇ ਵਿਦੇਸ਼ ਵਿੱਚ ਰਹਿ ਰਹੇ ਅਨੂਪ ਸਿੰਘ ਦੇ ਲੜਕੇ ਬਲਰਾਜ ਸਿੰਘ ਅਤੇ ਬਖ਼ਸ਼ਿੰਦਰ ਸਿੰਘ ਦੇ ਜਾਅਲੀ ਆਧਾਰ ਕਾਰਡ, ਪੈਨ ਕਾਰਡ ਅਤੇ ਹੋਰ ਜਾਅਲੀ ਦਸਤਾਵੇਜ਼ ਤਿਆਰ ਕਰਕੇ ਜਾਅਲੀ ਦਸਤਖਤਾਂ ਰਾਹੀਂ ਲੱਖਾਂ ਰੁਪਏ ਦੀ ਲਗਭਗ 20 ਕਨਾਲ ਜ਼ਮੀਨ ਹੋਰਨਾਂ ਲੋਕਾਂ ਨੂੰ ਵੇਚ ਕੇ ਦੋਵਾਂ ਧਿਰਾਂ ਨਾਲ ਧੋਖਾਧੜੀ ਕੀਤੀ ਹੈ। ਇੱਥੋਂ ਤੱਕ ਕਿ ਰਜਿਸਟਰੀ ਕਰਵਾਉਣ ਵੇਲੇ ਵਿਦੇਸ਼ ਵਿੱਚ ਬੈਠੇ ਉਸਦੇ ਪੁੱਤਰ ਦੀ ਥਾਂ ਕਿਸੇ ਹੋਰ ਵਿਅਕਤੀ ਨੂੰ ਖੜ੍ਹਾ ਕਰਕੇ ਉਸਦੇ ਜਾਅਲੀ ਦਸਤਖ਼ਤਾਂ ਰਾਹੀਂ ਰਜਿਸਟਰੀ ਕਰਵਾ ਦਿੱਤੀ ਗਈ। ਉੱਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਪੜਤਾਲ ਅਤੇ ਕਾਨੂੰਨੀ ਰਾਏ ਉਪਰੰਤ ਇਸ ਧੋਖਾਧੜੀ ਦਾ ਮਾਮਲਾ ਪਾਏ ਜਾਣ ਉਪਰੰਤ ਦਿੱਤੇ ਗਏ ਆਦੇਸ਼ 'ਤੇ ਸਿਟੀ ਪੁਲਿਸ ਨੇ ਪੰਜ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੁਰਾਣੀ ਰੰਜਿਸ਼ ਨੂੰ ਲੈ ਕੇ ਕੀਤੀ ਕੁੱਟਮਾਰ

ਪਟਿਆਲਾ, 20 ਜੂਨ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਜਤਿਨ ਪੁੱਤਰ ਲੱਕੀ ਵਾਸੀ ਗਲੀ ਨੰ. 1 ਧੀਰੂ ਨਗਰ ਪਟਿ. ਹਾਲ ਕਿਰਾਏਦਾਰ ਕ੍ਰਿਸ਼ਨਾ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀਆਂ ਰੋਹਿਤ, ਸੁਨੀਲ, ਰਾਹੁਲ, ਕਾਟੂ ਵਾਸੀ ਧੀਰੂ ਨਗਰ ਪਟਿਆਲਾ ਅਤੇ 4-5 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਸਕੂਟਰ ਪਰ ਸਵਾਰ ਹੋ ਕੇ ਅਨਾਰ ਬਰਨਾ ਚੌਕ ਪਟਿਆਲਾ ਕੋਲ ਜਾ ਰਿਹਾ ਸੀ। ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਵਜ੍ਹਾ ਰੰਜਸ਼ ਇਹ ਹੈ ਕਿ ਪੁਰਾਣੀ ਤਕਰਾਰਬਾਜ਼ੀ। ਪੁਲਿਸ ਨੇ ਧਾਰਾ 118(1), 115(2), 126(2),351(2), 191(3),190 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸ਼ਿਵ ਲੰਗਰ ਕਮੇਟੀ ਵੱਲੋਂ ਅਮਰਨਾਥ ਯਾਤਰਾ ਲਈ ਲਗਾਏ ਜਾਣ ਵਾਲੇ ਲੰਗਰ ਲਈ ਦੋ ਟਰੱਕ ਰਾਸ਼ਨ ਦੇ ਰਵਾਨਾ





ਸਮਾਣਾ, 20 ਜੂਨ (ਜਵੰਦਾ/ਵਿਜੇ ਕੁਮਾਰ) : ਸ਼ਿਵ ਲੰਗਰ ਕਮੇਟੀ ਸਮਾਣਾ ਵੱਲੋਂ ਸ੍ਰੀ ਅਮਰਨਾਥ ਜੀ ਦੀ ਯਾਤਰਾ ਤੇ 40 ਦਿਨ ਲੰਗਰ ਲਗਾਉਣ ਲਈ ਅੱਜ ਰਾਸ਼ਨ ਦੇ ਦੋ ਟਰੱਕ ਰਵਾਨਾ ਕੀਤੇ ਗਏ ਇਸ ਰਾਸ਼ਨ ਦੇ ਟਰੱਕਾਂ ਨੂੰ ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਅਤੇ ਜੀਵਨ ਗਰਗ ਸਾਬਕਾ ਪ੍ਰਧਾਨ ਅਗਰਵਾਲ ਧਰਮਸ਼ਾਲਾ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤੇ ਗਏ ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਨੇ ਦੱਸਿਆ ਕਿ ਸ਼ਿਵ ਲੰਗਰ ਕਮੇਟੀ ਵੱਲੋਂ 33ਵਾਂ ਭੰਡਾਰਾ ਸਰੀਰ ਅਮਰਨਾਥ ਦੇ ਯਾਤਰੀਆਂ ਦੀ ਸੁਵਿਧਾ ਲਈ ਲਗਾਇਆ ਜਾਵੇਗਾ ਤੇ ਇਹ ਭੰਡਾਰਾ 3 ਜੁਲਾਈ ਤੋਂ ਸ਼ੁਰੂ ਹੋ ਕੇ ਰੱਖੜੀ ਵਾਲੇ ਦਿਨ ਤੱਕ ਚੱਲੇਗਾ ਤੇ ਇਹ ਭੰਡਾਰਾ ਅਮਰਨਾਥ ਗੁਫਾ ਦੇ ਅੱਧੇ ਰਸਤੇ ਬੁਰਾੜੀ ਟੌਪ ਤੇ ਲਗਾਇਆ ਜਾ ਰਿਹਾ ਹੈ। ਇਸ ਵਿੱਚ ਯਾਤਰੀਆਂ ਦੀ ਸੁਵਿਧਾ ਲਈ ਬਰੇਕਫਾਸਟ ਦੁਪਹਿਰ ਦਾ ਖਾਣਾ ਅਤੇ ਰਾਤ ਨੂੰ ਖਾਣੇ ਤੋਂ ਇਲਾਵਾ ਚਾਹ ਕਾਫੀ ਸਨੈਕਸ ਪਕੌੜੇ ਅਚਾਰ ਮੁਰੱਬੇ ਹਰ ਸਮੇਂ 24 ਘੰਟੇ 40 ਦਿਨ ਲੰਗਰ ਚਲਦਾ ਰਹੇਗਾ ਇਸ ਤੋਂ ਇਲਾਵਾ ਯਾਤਰੀਆਂ ਦੇ ਆਰਾਮ ਕਰਨ ਲਈ ਗਰਮ ਕੰਬਲ ਗਰਮ ਪਾਣੀ ਰਜਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਨੇ ਦੱਸਿਆ ਕਿ ਇਹ ਭੰਡਾਰਾ ਸਮਾਣਾ ਨਿਵਾਸੀਆਂ ਦੇ ਸਹਿਯੋਗ ਅਤੇ ਬਾਹਰੋਂ ਕਈ ਪਾਰਟੀਆਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਉਹਨਾਂ ਨੇ ਇਸ ਦਿੱਤੇ ਸਹਿਯੋਗ ਲਈ ਸਮਾਣਾ ਨਿਵਾਸੀਆਂ ਅਤੇ ਸਾਰੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਭਾਜਪਾ ਨੇਤਾ ਨਾਲ ਨਹੀਂ ਚੋਪੜਾ ਲੰਗਰ ਪ੍ਰਬੰਧਕ ਸ਼ਿਵ ਨਰਾਇਣ ਗਰਗ ਜੀਵਨ ਗੋਇਲ ਮੋਹਿਤ ਗੋਇਲ ਅਸ਼ੋਕ ਕੁਮਾਰ ਮਿਨੋਚਾ ਦਿਨੇਸ਼ ਜੈਨ ਰੋਡਾ ਗਗਨ ਗੁਪਤਾ ਪਵਨ ਕੁਮਾਰ ਨਰੇਸ਼ ਕੁਮਾਰ ਚੰਦਰ ਮੋਹਨ ਭੋਲਾ ਸ਼ਿਵ ਨਰਾਇਣ ਗਰਗ ਇਤਿਆਦੀ ਹਾਜ਼ਰ ਸਨ।

## ਸੰਤ ਕਿਰਪਾ ਸਿੰਘ ਜੀ ਦੀ ਨਿੱਘੀ ਤੇ ਮਿੱਠੀ ਯਾਦ 'ਚ ਸਾਲਾਨਾ ਗੁਰਮਤਿ ਸਮਾਗਮ ਮੋਹਾਲੀ ਵਿਖੇ 25 ਨੂੰ

ਨਾਭਾ/ਭਾਦਸੋਂ, 20 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ/ਭਰਪੂਰ ਸਿੰਘ ਮੱਟਰਾਂ) : ਗੁਰਦੁਆਰਾ ਸੰਤ ਆਸਰਮ ਨਰੈਣਸਰ ਮੁਹਾਲੀ ਵਿਖੇ ਮਹਾਨ ਤਪੱਸਵੀ ਸ੍ਰੀਮਾਨ ਸੰਤ ਬਾਬਾ ਕਿਰਪਾ ਸਿੰਘ ਜੀ ਦੀ ਨਿੱਘੀ ਤੇ ਮਿੱਠੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ 25 ਜੂਨ ਨੂੰ ਮਨਾਇਆ ਜਾ ਰਿਹਾ ਹੈ ਇਸ ਦੀ ਜਾਣਕਾਰੀ



ਦਿੰਦਿਆਂ ਭਾਈ ਨਿਰਭੈ ਸਿੰਘ ਖਾਲਸਾ ਵੱਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਮਾਗਮ ਹਰ ਸਾਲਾਂ ਦੀ ਤਰ੍ਹਾਂ ( ਸ੍ਰੀ ਮਾਨ ਸੰਤ ਨਰੈਣ ਸਿੰਘ ਮੋਨੀ ਜੀ ਦੇ ਜਨਮ ਅਸਥਾਨ 'ਤੇ) ਧੂਮਧਾਮ ਨਾਲ ਨਾਲ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਗੱਦੀ ਨਸੀਨ ਸੰਤ ਬਾਬਾ ਰਣਜੀਤ ਸਿੰਘ ਜੀ ਤਪਾ ਦਰਾਜ ਮੋਹਾਲੀ ਵਾਲਿਆਂ ਦੀ ਸਰਪ੍ਰਸਤੀ ਮਨਾਇਆ ਜਾ ਰਿਹਾ ਹੈ ਇਸ ਸਮਾਗਮ ਵਿੱਚ ਇਲਾਕੇ ਵਿੱਚੋਂ ਤੇ ਦੂਰ ਦੁਰਾਡਿਓ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇਆਪਣੀ ਹਾਜ਼ਰੀ ਭਰਦੀਆਂ ਹਨ। ਉਹਨਾਂ ਕਿਹਾ ਇਸ ਸਮਾਗਮ ਵਿੱਚ ਸੰਤਾਂ ਦੀਆਂ ਮੰਡਲੀਆਂ ਪਹੁੰਚ ਕੇ ਆਪਣੇ ਕੀਰਤਨਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਸੰਗਤਾਂ ਨੂੰ ਜੋੜਦੀਆਂ ਹਨ ਤੇ ਸੰਤ ਬਾਬਾ ਕਿਰਪਾ ਸਿੰਘ ਦੀ ਜੀਵਨੀ 'ਤੇ ਚਾਨਣਾ ਪਾਉਂਦੀਆਂ ਹਨ ।ਉਹਨਾਂ ਕਿਹਾ ਕਿ 23 ਜੂਨ ਨੂੰ ਸੱਚਖੰਡ ਵਾਸੀ ਮਾਤਾ ਪੰਜਾਬ ਕੌਰ ਜੀ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਆਰੰਭ ਹੋਣਗੇ।ਉਹਨਾਂ ਕਿਹਾ ਕਿ 25 ਜੂਨ ਨੂੰ ਅੰਮ੍ਰਿਤ ਸੰਚਾਰ ਹੋਵੇਗਾ ਉਹਨਾਂ ਕਿਹਾ ਕਿ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਜੀ ਬਾਣੀ ਦਾ ਲਾਹਾ ਲੈਣਾ ਚਾਹੀਦਾ ਹੈ ਆਪਣੀ ਸੇਵਾ ਦਾ ਯੋਗਦਾਨ ਪਾਉਣਾ ਚਾਹੀਦਾ ਹੈ।ਸੰਗਤਾਂ ਲਈ ਲੰਗਰ ਅਤੁੱਟ ਵਰਤੇਗਾ।

## ਸ਼ਹਿਰ ਦੇ ਪੌਸ਼ ਏਰੀਏ ਵਿਚਲੀ ਮਾਰਕੀਟ 'ਚ ਵੀ ਨਿਗਮ ਵੱਲੋਂ ਸਖ਼ਤੀ

ਪਟਿਆਲਾ, 20 ਜੂਨ (ਰੁਪਾਣਾ) : ਮੇਅਰ ਕੁੰਦਨ ਗੋਗੀਆ ਅਤੇ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਸ਼ਹਿਰ ਦੀ ਨੁਹਾਰ ਅਤੇ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਕਰਨ ਲਈ ਨਗਰ ਨਿਗਮ ਵੱਲੋਂ ਲਗਾਤਾਰ ਕੋਸ਼ਿਸ਼ ਜਾਰੀ ਹੈ। ਇਸੇ ਅਗਵਾਈ ਤਹਿਤ ਸ਼ਹਿਰ ਦੇ ਪੋਸ਼ ਏਰੀਏ ਲੀਲਾ ਭਵਨ ਅਤੇ 22 ਨੰਬਰ ਵਿੱਚਲੀ ਮਾਰਕੀਟ ਵਿੱਚ ਵੀ ਨਿਗਮ ਨੇ ਸਖਤੀ ਨਾਲ ਦੁਕਾਨਦਾਰਾਂ ਨੂੰ ਸਮਾਨ ਆਪਣੀ ਹੱਦ ਵਿੱਚ ਰੱਖਣ ਦੇ ਆਦੇਸ਼ ਦਿੱਤੇ ਹਨ। ਦੁਕਾਨਦਾਰਾਂ ਨੂੰ ਹਦਾਇਤ ਕਰਨ ਮਗਰੋਂ ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਨੇ ਗੱਲਬਾਤ ਕਰਦਿਆਂ ਆਖਿਆ ਕਿ ਲੰਮੇ ਸਮੇਂ ਤੋਂ ਇਨ੍ਹਾਂ ਦੁਕਾਨਦਾਰਾਂ ਨੇ ਲੋਕਾਂ ਦੀ ਸਹੂਲਤ ਅਤੇ ਕਾਨੂੰਨ ਨੂੰ ਛਿੱਕੇ ਟੰਗ ਕੇ ਆਪਣਾ ਸਮਾਨ ਬਾਹਰ ਤੱਕ ਖਿਲਾਰਿਆ ਹੋਇਆ ਸੀ। ਉਨ੍ਹਾਂ ਕਿਹਾ



ਕਿ ਇਸ ਮੌਕੇ ਸੰਦੀਪ ਆਟੋ ਏਜੰਸੀ ਵੱਲੋਂ ਰੱਖੇ ਲੋਹੇ ਦੇ ਵੱਡੇ ਫਰੇਮਾਂ ਨੂੰ ਵੀ ਅੰਦਰ ਕਰਵਾਇਆ ਗਿਆ, ਜਿਸ ਨਾਲ ਰਾਹਗੀਰਾ ਨੂੰ ਕਾਫੀ ਦਿੱਕਤ ਆ ਰਹੀ ਸੀ। ਲੋਕਾਂ ਦੀ ਮੰਨੀਏ ਤਾਂ ਉਨ੍ਹਾਂ ਵੱਲੋਂ ਕੁਝ ਦੁਕਾਨਦਾਰਾਂ ਨੂੰ ਸਮਾਨ ਅੰਦਰ ਰੱਖਣ ਲਈ ਵੀ ਸਲਾਹ ਦੇਣਾ ਲੜਾਈ ਮੁੱਲ ਲੈਣ ਵਾਲੀ ਗੱਲ ਸੀ, ਜਿਸ ਕਾਰਨ ਨਿਗਮ ਵੱਲੋਂ ਸਖਤੀ ਨਾਲ ਕਾਰਵਾਈ ਕਰਦਿਆ ਸ਼ਹਿਰ ਦੇ ਇਸ ਪੋਸ਼ ਏਰੀਏ ਵਿੱਚ ਦੁਕਾਨਦਾਰਾਂ ਨੂੰ ਆਪਣਾ ਸਮਾਨ ਹੱਦ ਵਿੱਚ ਰੱਖਣ ਲਈ ਆਖਰੀ ਵਾਰ ਅਪੀਲ ਕੀਤੀ ਗਈ ਹੈ। ਇਸ ਮਗਰੋਂ ਕਹਿਣਾ ਨਾ ਮੰਨਣ ਦੀ ਸੂਰਤ ਵਿੱਚ ਮੋਟੇ ਚਲਾਨ ਜਾਂ ਸਮਾਨ ਜਬਤ ਕੀਤਾ ਜਾਵੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਵੀ ਅਪੀਲ ਕਰਦਿਆ ਕਿਹਾ ਕਿ ਉਹ ਖੁਦ ਵੀ ਕਿਸੇ ਤਰ੍ਹਾਂ ਦੀ ਮੁਸ਼ਕਲ ਆਉਣ 'ਤੇ ਮੇਅਰ ਜਾਂ ਕਮਿਸ਼ਨਰ ਸਾਹਿਬ ਨਾਲ ਮਿਲ ਕੇ ਆਪਣੀ ਗੱਲ ਰੱਖ ਸਕਦੇ ਹਨ।

## ਅੱਜ ਮਨਾਇਆ ਜਾਵੇਗਾ ਅੰਤਰਰਾਸ਼ਟਰੀ 'ਯੋਗਾ ਦਿਵਸ'

ਮਲੇਰਕੋਟਲਾ, 20 ਜੂਨ (ਚ.ਨ.ਸ.) : ਸਥਾਨਕ ਡਾ. ਜਾਕਿਰ ਹੁਸੈਨ ਸਟੇਡੀਅਮ ਵਿਖੇ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਸਵੇਰੇ 6 ਵਜੇ 'ਸੀ.ਐਮ ਦੀ ਯੋਗਸ਼ਾਲਾ' ਪ੍ਰੋਗਰਾਮ ਅਧੀਨ ਇੱਕ ਵਿਸ਼ੇਸ਼ ਸਮਾਗਮ ਨਾਲ ਮਨਾਇਆ ਜਾਵੇਗਾ । ਇਸ ਗੱਲ ਦੀ ਜਾਣਕਾਰੀ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਦਿੰਦਿਆ ਕਿਹਾ ਕਿ ਇਸ ਮੌਕੇ ਮਾਹਰ ਯੋਗ ਟ੍ਰੇਨਰ ਲੋਕਾਂ ਨੂੰ ਯੋਗ ਅਭਿਆਸਾਂ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਮਾਰਗਦਰਸ਼ਨ ਕਰਨਗੇ । ਉਨ੍ਹਾਂ ਹੋਰ ਦੱਸਿਆ ਕਿ ਸਬ ਡਵੀਜਨ ਪੱਧਰ ਤੇ ਅਮਰਗੜ੍ਹ ਵਿਖੇ ਨਵ ਦੁਰਗਾ ਮੰਦਿਰ ਨੇੜੇ ਸਿਵਲ ਹਸਪਤਾਲ ਵਿਖੇ ਅਤੇ ਅਹਿਮਦਗੜ੍ਹ ਵਿਖੇ ਚਪਰ ਪਾਰਕ ਵਿਖੇ ਵੀ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਨਿਵੇਕਲੀ ਪਹਿਲ 'ਸੀ.ਐਮ. ਦੀ ਯੋਗਸ਼ਾਲਾ' ਇਸ ਮਹੀਨੇ ਸਫ਼ਲਤਾਪੂਰਵਕ ਦੋ ਸਾਲ ਪੂਰੇ ਕਰ ਰਹੀ ਹੈ। ਯੋਗ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਵਿਰਾਜ ਐਸ.ਤਿੜਕੇ ਨੇ ਕਿਹਾ ਕਿ ਰੋਜ਼ਾਨਾ ਅਭਿਆਸ ਕਰਨ ਨਾਲ ਯੋਗ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵਧਾਉਂਦਾਹੈ, ਸਰੀਰ ਨੂੰ ਆਰਾਮ ਦੇਣ ਵਿੱਚ ਮਦਦ ਕਰਦਾ ਹੈ ਅਤੇ ਤਣਾਅ ਘੱਟ ਕਰਦਾ ਹੈ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਵਿਭਾਗਾਂ ਨੂੰ ਖਾਸ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

## ਚਿੱਟੇ ਦਾ ਸੇਵਨ ਕਰਦੀ ਨਸ਼ੇ 'ਚ ਔਰਤ ਕਾਬੂ

ਸਮਾਣਾ, 20 ਜੂਨ (ਵਿਜੇ ਕੁਮਾਰ): ਸਿਟੀ ਪੁਲਸ ਨੇ ਇੱਕ ਔਰਤ ਨੂੰ ਚਿੱਟੇ ਦੇ ਨਸ਼ੇ 'ਚ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਹਿਚਾਣ ਨੀਤੂ ਰਾਣੀ ਨਿਵਾਸੀ ਅਮਾਮਗੜ੍ਹ ਵਜੋਂ ਹੋਈ। ਸਿਟੀ ਪੁਲਿਸ ਮੁਖੀ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਰਾਜਵਿੰਦਰ ਕੌਰ ਪੁਲਸ ਪਾਰਟੀ ਸਣੇ ਵੜੈਚਾਂ ਮੋੜ ਮੌਜੂਦ ਸੀ, ਕਿ ਇਤਲਾਹ ਮਿਲੀ ਕਿ ਮੁਲਜ਼ਮ ਔਰਤ ਗੰਦਾ ਨਾਲਾ ਜੱਟਾਪਤੀ ਵਿਖੇ ਚਿੱਟਾ ਪੀ ਰਹੀ ਹੈ, ਜਿਸ ਨੂੰ ਮੌਕੇ 'ਤੇ ਰੇਡ ਕਰਕੇ ਇੱਕ ਸਿਲਵਰ ਪੇਪਰ,ਇੱਕ ਲਾਈਟਰ ਅਤੇ ਕਾਗਜ਼ ਸਣੇ ਕਾਬੂ ਕਰ ਲਿਆ। ਅਧਿਕਾਰੀ ਅਨੁਸਾਰ ਔਰਤ ਨੂੰ ਨਸ਼ਾ ਛਡਾਊ ਕੇਂਦਰ 'ਚ ਭੇਜ ਦਿੱਤਾ ਗਿਆ।

## ਤ੍ਰਿਪੜੀ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਪਟਿਆਲਾ, 20 ਜੂਨ (ਚ.ਨ.ਸ.) : ਝੂਲੇ ਲਾਲ ਪਾਰਕ, ਗੁਰੂ ਨਾਨਕ ਤ੍ਰਿਪੜੀ (ਪਟਿਆਲਾ) ਵਿਖੇ ਸੀ.ਐਮ ਦੀ ਯੋਗਸ਼ਾਲਾ ਅਧੀਨ ਅੰਤਰਰਾਸ਼ਟਰੀ ਯੋਗ ਦਿਵਸ ਸਮੂਹ ਯੋਗਾ ਮੈਂਬਰਾਂ ਦੁਆਰਾ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਯੋਗ ਦਿਵਸ ਦੇ ਸ਼ੁਭ ਮੌਕੇ 'ਤੇ ਮੁੱਖ ਮਹਿਮਾਨ ਰਜਿੰਦਰ ਸਿੰਘ (ਜ਼ਿਲਾ ਕੋਆਰਡੀਨੇਟਰ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿਚ ਯੋਗਾ ਇੰਸਟਰਕਟਰ ਮੈਡਮ ਗੁਰਦੀਪ ਕੌਰ ਖੱਟੜਾ ਨੇ ਮੁੱਖ ਮਹਿਮਾਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਪ੍ਰੋਗਰਾਮ ਦੇ ਆਰੰਭ ਵਿਚ ਡਾ. ਭੁਪਿੰਦਰ ਕੌਰ (ਪ੍ਰਿੰਸੀਪਲ ਪੰਜਾਬ ਕਾਲਜ ਆਫ਼ ਐਜੂਕੇਸ਼ਨ) ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਯੋਗ ਦੀ ਮਹੱਤਤਾ ਤੋਂ ਵਿਸ਼ੇਸ਼ ਤੌਰ 'ਤੇ ਜਾਣੂੰ ਕਰਵਾਇਆ। ਮੰਚ ਸੰਚਾਲਿਕਾ ਨੀਲਮ ਨੇ ਆਪਣੀ ਭੂਮਿਕਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਤੋਂ ਉਪਰੰਤ ਸਮੂਹ ਮੈਂਬਰਾਂ ਨੂੰ ਯੋਗ ਨਾਲ ਸਬੰਧਤ ਆਸਣ ਕਰਵਾਏ ਗਏ, ਜਿਸ ਨੂੰ ਹਰੇਕ ਮੈਂਬਰ ਨੇ ਹੀ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ। ਮੈਡਮ ਪੂਨਮ ਦੁਆਰਾ ਪੇਸ਼ ਕੀਤੇ ਗਏ ਨ੍ਰਿਤ ਨੇ ਬਹੁਤ ਹੀ ਸੋਹਣਾ ਸਮਾਂ ਬੰਨਿਆ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਨੇ ਸਾਰੇ ਮੈਂਬਰਾਂ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੰਦੇ ਹੋਏ ਯੋਗ ਦੇ ਪ੍ਰਮੁੱਖ ਲਾਭਾਂ ਤੋਂ ਜਾਣੂੰ ਕਰਵਾਇਆ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਸੀ.ਐਮ ਦੀ ਯੋਗਸ਼ਾਲਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਮੈਡਮ ਗੁਰਦੀਪ ਕੌਰ ਖੱਟੜਾ ਅਤੇ ਯੋਗਾ ਮੈਂਬਰਾਂ ਨੇ ਮੁੱਖ ਮਹਿਮਾਨ ਨੂੰ ਅਵਾਰਡ ਆਫ ਆਨਰ ਅਤੇ ਮੱਖਣ ਸਿੰਘ (ਪ੍ਰੋਫੈਸਰ ਮਹਿੰਦਰਾ ਕਾਲਜ) ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਪ੍ਰੋਗਰਾਮ ਦੇ ਅੰਤ ਵਿੱਚ ਪੰਜਾਬ ਦਾ ਸੱਭਿਆਚਾਰਕ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ, ਜਿਸ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਮੌਕੇ ਕੇਕ ਕੱਟਣ ਦੀ ਰਸਮ ਅਦਾ ਕਰਦਿਆਂ ਪ੍ਰੋਗਰਾਮ ਨੂੰ ਖੁਸ਼ੀ-ਖੁਸ਼ੀ ਸਮਾਪਤ ਕੀਤਾ ਗਿਆ।

## ਸਮਾਣਾ 'ਚ ਵਿਕ ਰਹੀਆਂ ਨੇ ਬਿਨ੍ਹਾਂ ਐਕਸਪਾਈਰੀ ਡੇਟ ਖਾਣ ਵਾਲੀਆਂ ਚੀਜ਼ਾਂ

### ਸਿਹਤ ਵਿਭਾਗ ਦੇ ਧਿਆਨ 'ਚ ਮਾਮਲਾ ਹੋਣ ਦੇ ਬਾਵਜੂਦ ਨਹੀਂ ਹੋ ਰਹੀ ਕਾਰਵਾਈ

ਸਮਾਣਾ, 20 ਜੂਨ (ਸੁਖਜਿੰਦਰ ਸਿੰਘ ਕੁਲਾਰਾਂ) : ਸਮਾਣਾ 'ਚ ਰਸ, ਡਬਲ ਰੋਟੀ, ਬਿਸਕੁੱਟ ਸਮੇਤ ਕਈ ਹੋਰ ਖਾਣ ਵਾਲੀਆਂ ਚੀਜ਼ਾਂ ਬਿਨ੍ਹਾਂ ਕਿਸੇ ਐਕਸਪਾਈਰੀ ਡੇਟ ਦੇ ਹੀ ਵੇਚੀਆਂ ਜਾ ਰਹੀਆਂ ਹਨ। ਇਹ ਖਾਣ ਵਾਲੀਆਂ ਚੀਜ਼ਾਂ ਸਮਾਣਾ ਦੀਆਂ ਹੀ ਕੁੱਝ ਫੈਕਟਰੀਆਂ ਚ ਤਿਆਰ ਕੀਤੀਆਂ ਜਾ ਰਹੀਆਂ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਬਾਰੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਮਿਠਾ ਜ਼ਹਿਰ ਲੋਕਾਂ ਨੂੰ ਪਰੋਸ ਰਹੀਆਂ ਇਨ੍ਹਾਂ ਫੈਕਟਰੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਨ੍ਹਾਂ ਫੈਕਟਰੀਆਂ ਦੇ ਇੱਕ ਕਰੀਬੀ ਸੂਤਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀ ਹਰ ਮਹੀਨੇ ਇੱਕ ਮੋਟੀ ਰਕਮ ਇਸ ਨਾਜਾਇਜ਼ ਕੰਮ ਵਾਸਤੇ ਲੈਂਦੇ ਹਨ, ਜਿਸ ਕਾਰਨ ਇਹ ਫੈਕਟਰੀ ਮਾਲਕ ਬੇਖੌਫ਼ ਬਿਨ੍ਹਾਂ ਐਕਸਪਾਈਰੀ ਡੇਟ ਦੇ ਮਾਲ ਮਾਰਕਿਟ ਵਿਚ ਵੇਚ ਰਹੇ ਹਨ। ਜਾਣਕਾਰੀ ਅਨੁਸਾਰ ਸਮਾਣਾ ਦੇ ਕਾਹਨਗੜ੍ਹ ਰੋਡ,ਬੰਮਨਾ ਪੱਤੀ,ਪ੍ਰੀਤ ਨਗਰ, ਇੰਦਰਾਪੁਰੀ, ਮਲਕਾਨਾ ਪੱਤੀ,ਸੇਖੋ ਕਲੋਨੀ ਸਮੇਤ ਦਰਜ਼ਨ ਦੇ ਕਰੀਬ ਅਜਿਹੀਆਂ ਫੈਕਟਰੀਆਂ ਚੱਲ ਰਹੀਆਂ



ਬਿਨ੍ਹਾਂ ਐਕਸਪਾਈਰੀ ਡੇਟ ਦੇ ਵਿਕ ਰਹੇ ਰਸ ਦੀ ਤਸਵੀਰ।

ਹਨ, ਜਿਨ੍ਹਾਂ ਵਿਚ ਵੱਡੀ ਤਾਦਾਦ ਵਿਚ ਰਸ,ਡਬਲ ਰੋਟੀ,ਬਿਸਕੁੱਟ ਆਦਿ ਤਿਆਰ ਕੀਤਾ ਜਾ ਰਿਹੈ। ਇਨ੍ਹਾਂ ਫੈਕਟਰੀਆਂ ਵਿਚ ਸਾਫ਼ ਸਫ਼ਾਈ ਦਾ ਕੋਈ ਧਿਆਨ ਨਹੀਂ ਰੱਖਿਆ ਜਾ ਰਿਹਾ, ਜਦੋਂਕਿ ਖਾਣ ਵਾਲੀਆਂ ਚੀਜ਼ਾਂ ਤਿਆਰ ਕਰਨ ਵਿਚ ਵੀ ਨਿਚਲੇ ਪੱਧਰ ਦਾ ਸਮਾਨ ਵਰਤੋਂ ਵਿਚ ਲਿਆਂਦਾ ਜਾ ਰਿਹੈ। ਜਾਣਕਾਰ ਸੂਤਰ ਨੇ ਇਹ ਵੀ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਇਨ੍ਹਾਂ ਫੈਕਟਰੀਆਂ ਵਿਚ ਅਕਸਰ ਆਉਣਾ ਜਾਣਾ ਲੱਗਿਆ ਰਹਿੰਦਾ ਹੈ ਪ੍ਰੰਤੂ ਉਹ ਸਭ ਕੁੱਝ ਅੱਖੋ ਪਰੋਖੇ ਕਰਕੇ ਸਿਰਫ਼ ਆਪਣੀ ਜੇਬ ਗਰਮ ਹੋਣ ਤੱਕ ਹੀ ਸੀਮਤ ਰਹਿੰਦੇ ਹਨ। ਇਸ ਬਾਰੇ ਜਦੋਂ ਜ਼ਿਲ੍ਹਾ ਸਿਹਤ ਅਧਿਕਾਰੀ ਗੁਰਪ੍ਰੀਤ ਕੌਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੇਰੇ ਧਿਆਨ ਵਿਚ ਨਹੀਂ ਪ੍ਰੰਤੂ ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਸੰਬੰਧੀ ਜਾਣਕਾਰੀ ਤੁਹਾਡੇ ਫੂਡ ਸੇਫ਼ਟੀ ਅਧਿਕਾਰੀ ਜਸਵਿੰਦਰ ਸਿੰਘ ਨੂੰ ਦਿੱਤੀ ਗਈ ਸੀ ਪ੍ਰੰਤੂ ਉਨ੍ਹਾਂ ਵੱਲੋਂ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਮਾਮਲਾ ਮੇਰੇ ਧਿਆਨ ਵਿਚ ਨਹੀਂ ਲਿਆਂਦਾ ਪ੍ਰੰਤੂ ਹੁਣ ਮੈਂ ਜਲਦੀ ਹੀ ਇਸ 'ਤੇ ਕਾਰਵਾਈ ਕਰਾਂਗੀ,ਜਦੋਂਕਿ ਗੁਰਪ੍ਰੀਤ ਕੌਰ ਨੇ ਮਹੀਨੇ ਲੈਣ ਵਾਲੀ ਗੱਲ ਤੋਂ ਸਾਫ਼ ਇਨਕਾਰ ਕੀਤਾ।

## ਬਿਨਾਂ ਨੰਬਰੀ ਮੋਟਰਸਾਈਕਲ ਤੇ ਮੋਬਾਇਨ ਫ਼ੋਨ ਬ੍ਰਾਮਦ

ਪਟਿਆਲਾ, 20 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਪਿੰਟੂ ਪੁੱਤਰ ਸ੍ਰੀਚੰਦ ਵਾਸੀ ਪਿੰਡ ਅਲੀਪੁਰ ਅਰਾਈਆ ਵਿਰੁੱਧ ਧਾਰਾ 303(2), 317(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਜਿੰਦਰ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੀਰ ਦੀ ਮਜਾਰ ਤ੍ਰਿਪੜੀ ਰੋਡ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਮੋਬਾਇਲ ਫੋਨ ਚੋਰੀ ਕਰਕੇ ਵੇਚਣ ਦਾ ਆਦੀ ਹੈ ਅਤੇ ਅੱਜ ਵੀ ਚੋਰੀ ਕੀਤੇ ਮੋਬਾਇਲ ਫੋਨ ਵੇਚਣ ਲਈ ਪੁੱਡਾ ਗਰਾਊਂਡ ਪਟਿਆਲਾ ਵਿਖੇ ਖੜ੍ਹਾ ਹੈ, ਜੋ ਰੇਡ ਕਰਨ ਪਰ ਬਿਨ੍ਹਾ ਨੰਬਰੀ ਮੋਟਰਸਾਈਕਲ ਅਤੇ ਮੋਬਾਇਲ ਫੋਨ ਬ੍ਰਾਮਦ ਹੋਏ।

## ਦੋ ਵੱਖ-ਵੱਖ ਮਾਮਲਿਆਂ 'ਚ 150 ਲੀਟਰ ਲਾਹਨ ਤੇ 40 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਦੋ ਕਾਬੂ

ਸਮਾਣਾ, 20 ਜੂਨ (ਵਿਜੇ ਕੁਮਾਰ) : ਸਦਰ ਪੁਲਿਸ ਨੇ ਦੋ ਵੱਖ-ਵੱਖ ਰੇਡਾਂ ਚ 150 ਲੀਟਰ ਲਾਹਨ ਅਤੇ 40 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸਤਿੰਦਰ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ਕਾਲੇਕੀ ਅਤੇ ਨਰਾਤਾ ਸਿੰਘ ਵਾਸੀ ਪਿੰਡ ਮਰੋੜੀ ਵੱਜੋਂ ਹੋਈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਸਦਰ ਪੁਲਿਸ ਮੁਖੀ ਅਜੇਪਾਲ ਪਰੋਚਾ ਨੀ ਦੱਸਿਆ ਕਿ ਸਦਰ ਪੁਲਸ ਦੀ ਏ.ਐਸ.ਆਈ ਰਾਜਕੁਮਾਰ ਸਣੇ ਪੁਲਸ ਪਾਰਟੀ ਪਿੰਡ ਤਰਖਾਣ ਮਾਜਰਾ ਮੌਜੂਦ ਸੀ। ਕਿ ਉਹਨਾਂ ਨੂੰ ਇਤਲਾਹ ਮਿਲੀ ਕਿ ਮੁਲਜ਼ਮ ਘਰ ਵਿੱਚ ਸ਼ਰਾਬ ਤਿਆਰ ਕਰਕੇ ਵੇਚਣ ਦਾ ਆਦੀ ਹੈ, ਦੇ ਘਰ ਰੇਡ ਕਰਕੇ 150 ਲੀਟਰ ਲਾਹਨ ਬਰਾਮਦ ਕਰਕੇ ਮੁਲਜ਼ਮ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਇਸੇ ਤਰ੍ਹਾਂ ਇੱਕ ਹੋਰ ਮਾਮਲੇ 'ਚ ਏ.ਐਸ.ਆਈ ਰਣਜੀਤ ਸਿੰਘ ਸਣੇ ਪੁਲਸ ਪਾਰਟੀ ਬੱਸ ਅੱਡਾ ਅਰਾਈ ਮਾਜਰਾ ਮੌਜੂਦ ਸੀ ਕਿ ਇਤਲਾਹ ਮਿਲੀ ਕਿ ਮੁਲਜ਼ਮ ਮਰਦਾਹੇੜੀ ਖਤਾਨਾਂ 'ਚ ਸੂਏ ਨੇੜੇ ਸਰਾਬ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਮੌਕੇ 'ਤੇ ਰੇਡ ਕਰਕੇ ਉਸ ਨੂੰ 40 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਮਿਲੇ ਹੁਕਮਾਂ ਅਨੁਸਾਰ ਨਿਆਇਕ ਹਿਰਾਸਤ 'ਚ ਭੇਜ ਦਿੱਤਾ।